

ਮੇਰੇ ਇਤਿਹਾਸਕ ਲੈਕਚਰ

ਸੋਹਣ ਸਿੰਘ ਸੀਤਲ



ਮੇਰੇ ਇਤਿਹਾਸਕ ਲੈਕਚਰ

ਸੋਹਣ ਸਿੰਘ ਸੀਤਲ

ਮੇਰੇ
ਇਤਿਹਾਸਕ ਲੈਕਚਰ

ਲੇਖਕ

ਸੋਹਣ ਸਿੰਘ 'ਸੀਤਲ'

ਲਾਹੌਰ ਬੁੱਕ ਸ਼ਾਪ

2—ਲਾਜਪਤ ਰਾਇ ਮਾਰਕੀਟ, ਨਜ਼ਦੀਕ ਸੋਸਾਇਟੀ ਸਿਨੇਮਾ ਲੁਧਿਆਣਾ

ਪ੍ਰਕਾਸ਼ਕ : ਸ: ਜੀਵਨ ਸਿੰਘ ਐਮ. ਏ.
ਮਾਲਕ : ਲਾਹੌਰ ਬੁਕ ਸ਼ਾਪ
2, ਲਾਜਪਤ ਰਾਏ ਮਾਰਕੀਟ, ਨਜ਼ਦੀਕ ਸੋਸਾਇਟੀ ਸਿਨੇਮਾ, ਲੁਧਿਆਣਾ

ਪਹਿਲੀਵਾਰ, ਅਪ੍ਰੈਲ, ੧੯੮੦

ਭਗੋਤਰਾ ਪ੍ਰਿੰਟਿੰਗ ਪ੍ਰੈਸ, ਲੁਧਿਆਣਾ ਵਿਚ ਛਪਿਆ ।

4

ਤਤਕਰਾ

ਮੁਖ ਬੰਦ	੬
੧. ਸਭ ਤੋ ਵਡਾ ਸਤਿਗੁਰੁ ਨਾਨਕੁ	੨੭
੨. ਚੜ੍ਹਿਆ ਸੋਧਣ ਧਰਤ ਲੋਕਾਈ	੪੫
੩. ਹਉਮੈ ਰੋਗ ਬੁਰੇ	੬੮
੪. ਬਿਨੁ ਗੁਰ ਮੁਕਤਿ ਨ ਪਾਈਐ	੧੦੨
੫. ਗੁਰੁ ਅਰਜੁਨੁ ਪਰਤਖ ਹਰਿ	੧੨੭
੬. ਐਸੇ ਮਰਨੇ ਜੋ ਮਰੇ	੧੪੫
੭. ਸੰਸਾਰ ਦੀ ਮਹਾਨ ਇਸਤਰੀ (ਮਾਤਾ ਗੁਜਰੀ)	੧੬੬

ਮੁਖ ਬੰਦ

ਗਿਆਰਾਂ ਮਾਰਚ, ੧੯੭੭ ਈ. ਨੂੰ ਸ਼ਾਮ ਦੇ ਸੱਤ ਵਜੇ ਮੈਂ ਆਪਣੇ, ਢਾਡੀ ਜਥੇ ਸਮੇਤ ਲੰਡਨ ਦੇ ਹੀਥਰੋ ਹਵਾਈ ਅੱਡੇ ਉਤੇ ਜਾ ਉਤਰਿਆ। ਇਹ ਮੇਰੀ ਦੂਸਰੀ ਪਰਦੇਸ ਯਾਤਰਾ ਸੀ।

ਪਹਿਲੀ ਯਾਤਰਾ ੧੯੬੦ ਈ. ਵਿਚ ਪੂਰਬ ਦੀ ਸੀ। ਮੇਰਾ ਢਾਡੀ ਜਥਾ ਓਦੋਂ ਵੀ ਮੇਰੇ ਨਾਲ ਸੀ। ਪਹਿਲੀ ਮਾਰਚ ਨੂੰ ਸਮੁੰਦਰੀ ਜਹਾਜ਼ ਰਾਹੀਂ ਅਸੀਂ ਕਲਕੱਤੇ ਤੋਂ ਚੱਲੇ, ਦੋ ਦਿਨ ਰਸਤੇ ਵਿਚ ਬਰ੍ਹਮਾ ਦੀ ਰਾਜਧਾਨੀ ਰੰਗੂਨ ਦੀ ਸੈਰ ਕੀਤੀ, ਤੇ ਗਿਆਰਾਂ ਮਾਰਚ ਸਵੇਰੇ ਪੀਨਾਂਗ ਜਾ ਉਤਰੇ। ਓਸੇ ਸ਼ਾਮ ਨੂੰ ਪੀਨਾਂਗ ਦੇ ਗੁਰਦੁਆਰੇ ਵਿਚ ਪਹਿਲਾ ਕੀਰਤਨ ਕੀਤਾ। ਓਥੋਂ ਚੱਲ ਕੇ ਤੇਪਿੰਗ, ਈਪੂ ਤੇ ਫਿਰ ਮਲਾਇਆ ਦੀ ਰਾਜਧਾਨੀ ਕੁਆਲਾ ਲੰਪਰ ਜਾ ਪੁੱਜੇ। ਇਹ ਯਾਤਰਾ ਚਾਰ ਮਹੀਨੇ, ਤੇਰਾਂ ਦਿਨ ਦੀ ਸੀ। ਇਸ ਵਿਚੋਂ ਨੌਂ ਦਿਨ ਥਾਈਲੈਂਡ ਦੀ ਰਾਜਧਾਨੀ ਬੰਕੌਕ ਦੇ ਗੁਰਦੁਆਰੇ ਕੀਰਤਨ ਕੀਤਾ, ਸੋਲਾਂ-ਸਤਾਰਾਂ ਦਿਨ ਸਿੰਘਾਪੁਰ, ਤੇ ਬਾਕੀ ਸਮਾਂ ਮਲਾਇਆ ਦੇ ਵੱਖ ਵੱਖ ਸ਼ਹਿਰਾਂ ਵਿਚ ਗੁਜ਼ਾਰਿਆ। ਤੇਰਾਂ ਜੁਲਾਈ ਨੂੰ ਵਾਪਸ ਮਦਰਾਸ ਆ ਉਤਰੇ। ਇਸ ਯਾਤਰਾ ਦਾ ਵਿਸਥਾਰ ਪੂਰਬਕ ਵੇਰਵਾ ਨਾਵਲ 'ਕਾਲੇ ਪਰਛਾਂਵੇਂ' ਵਿਚ ਦਰਜ ਹੈ।

ਇੰਗਲੈਂਡ ਵਾਸਤੇ ਅਸੀਂ ਗਿਆਰਾਂ ਅਪ੍ਰੈਲ, ੧੯੭੭ ਈ. ਨੂੰ ਸਵੇਰੇ ਸਵਾ ਸੱਤ ਵਜੇ ਦਿੱਲੀ ਤੋਂ ਚੱਲੇ ਤੇ ਸੋਲਾਂ ਘੰਟੇ ਵਿਚ ਲੰਡਨ ਪੁੱਜ ਗਏ। ਉਸ ਵੇਲੇ ਓਥੇ ਸ਼ਾਮ ਦੇ ਸੱਤ-ਸਾਢੇ ਸੱਤ ਵਜੇ ਦਾ ਸਮਾਂ ਸੀ। ਇੰਗਲੈਂਡ ਦਾ ਵਕਤ ਸਾਡੇ ਨਾਲੋਂ ਚਾਰ-ਸਾਢੇ ਚਾਰ ਘੰਟੇ ਪਿੱਛੇ ਹੈ।

ਸਾਨੂੰ 'ਗੁਰ ਨਾਨਕ ਸਿੱਖ ਟੈਂਪਲ' ਵੁਲਵਰ ਹੈਂਪਟਨ।

Wolverhampton ਵਾਲਿਆਂ ਬੁਲਾਇਆ ਸੀ। ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸ: ਕਰਨੈਲ ਸਿੰਘ ਗਿੱਲ, ਜੈਨਰਲ ਸਕੱਤਰ ਸ. ਅਵਤਾਰ ਸਿੰਘ ਹੇਅਰ, ਸ: ਸ਼ੰਕਰ ਸਿੰਘ ਚਾਹਲ, ਤੇ ਕਮੇਟੀ ਦੇ ਕੁਛ ਹੋਰ ਸਿਰਕਰਦਾ ਮੈਂਬਰ ਵੀ ਸਾਡੇ ਸਵਾਗਤ ਵਾਸਤੇ ਆਏ ਹੋਏ ਸਨ। 'ਸਾਹਿਤ ਸਭਾ ਲੰਡਨ' ਦੇ ਬਹੁਤ ਸਾਰੇ ਮੈਂਬਰ ਵੀ ਉਹਨਾਂ ਦੇ ਨਾਲ ਸੁਸ਼ੋਭਤ ਸਨ। ਸਾਰੇ ਸੱਜਣ ਬੜੇ ਪਿਆਰ ਨਾਲ ਮਿਲੇ। ਰਾਤੋ ਰਾਤ ਅਸੀਂ ਕਾਰਾਂ ਰਾਹੀਂ ਵੁਲਵਰਹੈਂਪਟਨ ਜਾ ਪੁੱਜੇ। ਉਸ ਰਾਤ ਦਾ ਬਾਕੀ ਹਿੱਸਾ ਅਸਾਂ ਸ. ਅਵਤਾਰ ਸਿੰਘ ਦੇ ਮਕਾਨ ਉਤੇ ਗੁਜ਼ਾਰਿਆ। ਅਗਲੇ ਦਿਨ ਅਸੀਂ ਸ. ਸਰਵਣ ਸਿੰਘ ਦੇ ਮਕਾਨ 'ਤੇ ਜਾ ਪੁੱਜੇ, ਜਿਥੇ ਸਾਡੀ ਰਿਹਾਇਸ਼ ਦਾ ਪ੍ਰਬੰਧ ਕੀਤਾ ਹੋਇਆ ਸੀ।

ਇਸ ਯਾਤਰਾ ਵਿਚ ਸਭ ਤੋਂ ਵਧੇਰੇ ਦਿਨ ਅਸੀਂ ਵੁਲਵਰਹੈਂਪਟਨ ਹੀ ਰਹੇ। ਉਹਨਾਂ ਲੋਕਾਂ ਨਾਲ ਸਾਡਾ ਏਨਾ ਮੋਹ ਪੈ ਗਿਆ, ਜਿਵੇਂ ਉਹ ਕਈ ਸਾਲਾਂ ਤੋਂ ਸਾਡੇ ਆਪਣੇ ਹੁੰਦੇ ਹਨ। ਕੁਛ ਸੱਜਣਾਂ ਨਾਲ ਤਾਂ ਪ੍ਰਵਾਰ ਦੇ ਜੀਆਂ ਵਰਗੇ ਸੰਬੰਧ ਬਣ ਗਏ, ਤੇ ਸਭ ਤੋਂ ਵਧੇਰੇ ਕੀਰਤਨ ਵੀ ਅਸਾਂ ਓਥੇ ਹੀ ਕੀਤੇ, ਲਗਾਤਾਰ ਤਿੰਨ ਹਫ਼ਤੇ।

ਪਹਿਲਾ ਕੀਰਤਨ ਇੰਗਲੈਂਡ ਵਿਚ ਅਸਾਂ ੧੨ ਅਪ੍ਰੈਲ ਨੂੰ ਗੁਰੂ ਨਾਨਕ ਸਿੱਖ ਟੈਂਪਲ, ਵੁਲਵਰਹੈਂਪਟਨ ਵਿਚ ਕੀਤਾ ਤੇ ਆਖ਼ਰੀ ਕੀਰਤਨ ੨੭ ਜੁਲਾਈ ਨੂੰ ਗੁਰਦਵਾਰਾ ਸਿੰਘ ਸਭਾ ਸਾਊਥਲ Southal ਵਿਚ। ਅਗਲੇ ਦਿਨ ਮੈਂ ਤੇ ਮੇਰੀ ਧਰਮਪਤਨੀ (ਸਰਦਾਰਨੀ ਕਰਤਾਰ ਕੌਰ) ਕੈਨੇਡਾ ਨੂੰ ਤੁਰ ਗਏ, ਤੇ ਮੇਰੇ ਢਾਡੀ ਜਥੇ ਦੇ ਸਾਥੀ ਵਾਪਸ ਭਾਰਤ ਪਰਤ ਆਏ।

੨੭ ਜੁਲਾਈ ਨੂੰ ਸਟੇਜ ਉਤੇ ਦੱਸ ਦਿੱਤਾ, ਕਿ ਮੈਂ ਹੁਣ ਕੈਨੇਡਾ ਆਪਣੇ ਬੱਚਿਆਂ ਕੋਲ ਜਾ ਰਿਹਾ ਹਾਂ ਤੇ ਮੇਰੇ ਸਾਥੀ ਵਾਪਸ ਦੇਸ ਜਾ ਰਹੇ ਹਨ। ਅਰਦਾਸ ਤੋਂ ਪਿਛੋਂ, ਬੈੱਡਫੋਰਡ Bedford ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸ. ਚਰਨ ਸਿੰਘ ਬਿਲਗਾ ਉਚੇਚੇ ਮਿਲੇ। ਉਹਨਾਂ ਜ਼ੋਰ

ਦੇ ਕੇ ਮੈਥੋਂ ਬਚਨ ਲੈ ਲਿਆ, ਕਿ ਕੈਨੇਡਾ ਤੋਂ ਵਾਪਸੀ ਸਮੇਂ ਮੈਂ ਕੁਛ ਦਿਨ ਉਹਨਾਂ ਕੋਲ ਜ਼ਰੂਰ ਠਹਿਰਾਂ। ਇਸ ਤੋਂ ਪਹਿਲਾਂ ਸ. ਹੋਸ਼ਿਆਰ ਸਿੰਘ ਸਾਊਥੈਂਪਟਨ ਤੇ ਸ. ਕੇਵਲ ਸਿੰਘ ਸਮੈਦਿਕ ਵਾਲਿਆਂ ਦੀ ਵੀ ਮੰਗ ਸੀ, ਕਿ ਵਾਪਸੀ ਸਮੇਂ ਮੈਂ ਘੱਟ ਤੋਂ ਘੱਟ ਇਕ ਇਕ ਹਫ਼ਤਾ ਉਹਨਾਂ ਕੋਲ ਜ਼ਰੂਰ ਠਹਿਰਾਂ। ਸਾਊਥਾਲ ਹੀ ਸ. ਅਵਤਾਰ ਸਿੰਘ ਤੱਖਰ ਗਰੇਵਜ਼ੰਡ Gravesend ਵਾਲੇ ਮਿਲ ਪਏ। ਉਹ ਡਾਢੇ ਮਾਣ ਤਾਣ ਵਾਲੇ ਸੱਜਣ ਹਨ, ਤੇ ਮੇਰੇ ਰਿਸ਼ਤੇਦਾਰ ਵੀ। ਉਹ ਆਪਣੀ ਕਹੀ ਮਨਾ ਕੇ ਛਡਦੇ ਹਨ। ਸੋ ਮੈਂ ਵਾਹਦਾ ਕਰ ਲਿਆ, ਕਿ ਵਾਪਸੀ ਉਤੇ ਇਕ ਮਹੀਨਾ ਇੰਗਲੈਂਡ ਜ਼ਰੂਰ ਠਹਿਰਾਂਗਾ।

ਨੌਂ ਜੁਲਾਈ ਨੂੰ ਸਰਦਾਰਨੀ ਕਰਤਾਰ ਕੌਰ ਜੀ (ਮੇਰੀ ਧਰਮਪਤਨੀ) ਮੇਰੇ ਪਾਸ ਲੰਡਨ ਪੁੱਜ ਗਏ ਸਨ। ੨੯ ਜੁਲਾਈ ਸ਼ਾਮ ਨੂੰ ਸਾਢੇ ਚਾਰ ਵਜੇ ਅਸੀਂ ਲੰਡਨ ਤੋਂ ਚੱਲੇ, ਤੇ ਸਾਢੇ ਸੱਤ ਘੰਟੇ ਵਿਚ ਹਵਾਈ ਜਹਾਜ਼ ਟਰਾਂਟੋ Toronto ਜਾ ਪੁੱਜਾ। ਇਹ ਪੂਰਬੀ ਕੈਨੇਡਾ ਦਾ ਇਕ ਪੁਰਾਣਾ ਸ਼ਹਿਰ ਹੈ।

ਟਰਾਂਟੋ ਸਾਡੀ ਵੱਡੀ ਪੋਤਰੀ ਹੈ ਬੀਬੀ ਗੁਰਿੰਦਰ ਕੌਰ। ਅੱਗੇ ਹਵਾਈ ਅੱਡੇ ਉਤੇ ਉਹ ਸਾਰਾ ਪਰਵਾਰ ਆਇਆ ਹੋਇਆ ਸੀ। ਏਥੋਂ ਤਕ, ਕਿ ਬੀਬੀ ਦਾ ਕਾਕਾ (ਜੋ ਉਸ ਵੇਲੇ ਸਭੋ ਚੌਦਾਂ ਦਿਨ ਦਾ ਸੀ) ਵੀ ਸਾਨੂੰ 'ਜੀ ਆਇਆਂ' ਨੂੰ ਕਹਿਣ ਵਾਸਤੇ ਹਾਜ਼ਰ ਸੀ। ਸਾਰੇ ਪਰਿਵਾਰ ਨੂੰ ਗਲ ਲੱਗ ਕੇ ਮਿਲੇ, ਤੇ ਫਿਰ ਕਾਕੇ ਨੂੰ ਵਾਰੀ ਵਾਰੀ ਚੁਕਿਆ। ਓਥੇ ਅਸੀਂ ਇਕ ਹਫ਼ਤਾ ਰਹੇ। ਟਰਾਂਟੋ ਕਾਫ਼ੀ ਪੁਰਾਣਾ ਸ਼ਹਿਰ ਹੈ, ਇਕ ਬਹੁਤ ਵੱਡੀ ਝੀਲ ਦੇ ਕਨਾਰੇ ਉਤੇ। ਦੋ ਦਿਨ ਕਾਰ ਉਤੇ ਘੁੰਮ ਕੇ ਸਾਰਾ ਸ਼ਹਿਰ ਵੇਖਿਆ। ਇਕ ਦਿਨ ਓਥੋਂ ਦਾ ਪ੍ਰਸਿੱਧ ਸੀ.ਐਨ. ਟਾਵਰ (C. N. Canadian National) ਉਪਰ ਚੜ੍ਹ ਕੇ ਵੇਖਿਆ। ਇਸ ਵੇਲੇ ਇਹ ਦੁਨੀਆਂ ਭਰ ਵਿਚੋਂ ਉਚਾ ਟਾਵਰ (ਮੁਨਾਰਾ) ਹੈ। ਉਚਾਈ ਵਿਚ ਦੂਸਰਾ ਅਸਥਾਨ ਮਾਸਕੋ ਦੇ ਟਾਵਰ ਦਾ ਹੈ।

੩੦ ਜੁਲਾਈ ਨੂੰ ਅਸੀਂ ਸੰਸਾਰ ਪਰਸਿਧ ਨਿਆਗਰਾਫਾਲ ਵੇਖਣ ਗਏ। ਉਹ ਟਰਾਂਟੋ ਤੋਂ ਤਕਰੀਬਨ ੮੦ ਮੀਲ ਦੂਰ ਹੈ। ਸਵੇਰੇ ਦਸ ਵਜੇ ਘਰੋਂ ਤੁਰੇ ਤੇ ਸ਼ਾਮ ਨੂੰ ਸਾਢੇ ਛੇ ਵਜੇ ਵਾਪਸ ਘਰ ਪਰਤੇ।

੩ ਅਗਸਤ ਨੂੰ ਪਿਛਲੇ ਪਹਿਰ ਢਾਈ ਵਜੇ ਟਰਾਂਟੋ ਤੋਂ ਚੱਲੇ ਤੇ ਚਾਰ ਘੰਟੇ ਦੀ ਉਡਾਨ ਪਿਛੋਂ ਕੈਲਗਰੀ Calgary ਜਾ ਉਤਰੇ। ਅੱਗੇ ਹਵਾਈ ਅੱਡੇ ਉਤੇ ਸਾਰਾ ਪਰਵਾਰ ਪੁੱਜਾ ਹੋਇਆ ਸੀ। ਸਾਡਾ ਛੋਟਾ ਲੜਕਾ ਡਾ: ਰਘਬੀਰ ਸਿੰਘ ਸੀਤਲ ਤੇ ਉਸ ਤੋਂ ਵੱਡੇ ਲੜਕੇ ਸੁਰਜੀਤ ਸਿੰਘ ਦੇ ਤਿੰਨੇ ਲੜਕੇ ਕੈਲਗਰੀ ਹਨ। ਡਾਕਟਰ ਦੇ ਘਰੋਂ, ਉਹਦੇ ਤਿੰਨੇ ਬੱਚੇ ਸੁਰਜੀਤ ਸਿੰਘ ਦੇ ਤਿੰਨੇ ਜਵਾਨ ਲੜਕੇ, ਤੇ ਦੋ ਪੋਤਰਿਓਂ ਨੋਂਹਾਂ, ਸਾਰਾ ਪਰਵਾਰ ਮਿਲ ਬੈਠੇ, ਤਾਂ ਸਾਡੇ ਵਾਸਤੇ ਓਥੇ ਹੀ ਪੰਜਾਬ ਬਣ ਗਿਆ।

ਪੰਜ ਅਗਸਤ ਨੂੰ ਸਾਰਾ ਸ਼ਹਿਰ ਫਿਰ ਕੇ ਵੇਖਿਆ। ਕੈਲਗਰੀ ੧੯੭੧-੭੨ ਈ. ਵਿਚ ਵੱਸਿਆ ਨਵਾਂ ਸ਼ਹਿਰ ਹੈ। ਇਸ ਲਈ ਉਹ ਟਰਾਂਟੋ ਵਾਂਗ ਸੰਘਣਾ ਨਹੀਂ। ਮਕਾਨ ਬਹੁਤ ਖੁੱਲ੍ਹੇ ਹਨ ਤੇ ਵਿਚ ਵਿਚ ਥਾਂ ਖ਼ਾਲੀ ਛਡੇ ਹੋਏ ਹਨ। ਫਿਰ ਲਿਫਟ ਰਾਹੀਂ ਕੈਲਗਰੀ ਟਾਵਰ ਉਤੇ ਚੜ੍ਹੇ। ਸਾਰਾ ਸ਼ਹਿਰ ਪੈਰਾਂ ਥੱਲੇ ਨਜ਼ਰ ਆ ਰਿਹਾ ਸੀ।

ਸੱਤ ਅਗਸਤ ਨੂੰ ਛੋਟੇ ਪੁੱਤਰ ਤੇ ਪੋਤਰਿਆਂ ਨੇ ਰਲ ਕੇ ਮੇਰਾ ਜਨਮ-ਦਿਨ ਮਨਾਇਆ। ਜ਼ਿੰਦਗੀ ਵਿਚ ਪਹਿਲੀਵਾਰ। ਨਾ ਮੇਰੇ ਅਨਪੜ੍ਹ ਮਾਪਿਆਂ ਨੂੰ ਖ਼ਿਆਲ ਸੀ, ਕਿ ਇਕਲੌਤੇ ਪੁੱਤਰ ਦਾ ਜਨਮ-ਦਿਨ ਵੀ ਮਨਾਉਣਾ ਚਾਹੀਦਾ ਹੈ, ਤੇ ਨਾ ਮੈਂ ਹੀ ਕਦੇ ਇਸ ਬਾਰੇ ਸੋਚਿਆ ਸੀ। ਪਰਵਾਰ ਵਿਚ ਬੈਠਿਆਂ ਮੈਂ ਕਿਹਾ, "ਲੌ ਭਈ, ਜ਼ਿੰਦਗੀ ਦੀਆਂ ੬੮ ਮਨਜ਼ਲਾਂ ਪੂਰੀਆਂ ਕਰਕੇ ਮੈਂ ਅੱਜ ੬੯ ਵੀਂ ਸ਼ੁਰੂ ਕਰ ਰਿਹਾ ਹਾਂ।"

ਤੇਰਾਂ ਅਗਸਤ ਨੂੰ ਕੈਲਗਰੀ ਤੋਂ ਹਵਾਈ ਜਹਾਜ਼ ਰਾਹੀਂ ਅਸੀਂ ਦੋਵੇਂ ਵੈਨਕੋਵਰ ਜਾ ਪੁੱਜੇ। ਅੱਗੇ ਸਾਡਾ ਦਵਿਚਲਾ ਲੜਕਾ ਸੁਰਜੀਤ ਸਿੰਘ ਤੇ ਉਹਦੀ ਪਤਨੀ ਕਾਰ ਲੈ ਕੇ ਆਏ ਹੋਏ ਸਨ। ਦੋ ਘੰਟੇ

ਵੈਨਕੋਵਰ ਇਕ ਰਿਸ਼ਤੇਦਾਰ ਦੇ ਘਰ ਠਹਿਰ ਕੇ ਅਸੀਂ ਪੋਰਟ ਅਲਬਰਨੀ **Port Alberni** ਨੂੰ ਤੁਰ ਪਏ। ਸੁਰਜੀਤ ਸਿੰਘ ਦੀ ਰਿਹਾਇਸ਼ ਉਸ ਵੇਲੇ ਪੋਰਟ ਅਲਬਰਨੀ ਸੀ।

ਵੈਨਕੋਵਰ **Vancouver** ਸ਼ਹਿਰ ਤੋਂ ਥੋੜੀ ਹੀ ਦੂਰ ਅੱਗੇ ਸਮੁੰਦਰ ਦੀ ਚੌੜੀ ਖਾੜੀ ਹੈ, ਜੋ ਵੈਨਕੋਵਰ ਟਾਪੂ ਨੂੰ ਮੁਲਕ ਦੀ ਮੁੱਖ-ਧਰਤੀ ਨਾਲੋਂ ਨਿਖੇੜਦੀ ਹੈ। ਵੈਨਕੋਵਰ ਸ਼ਹਿਰ ਖਾੜੀ ਦੇ ਪੂਰਬੀ ਕੰਢੇ ਉਤੇ ਹੈ, ਤੇ ਵੈਨਕੋਵਰ ਟਾਪੂ ਖਾੜੀ ਤੋਂ ਲਹਿੰਦੇ ਪਾਸੇ। ਇਕ ਫੇਅਰੀ (ਸਮੁੰਦਰੀ ਛੋਟਾ ਜਹਾਜ਼) ਰਾਹੀਂ—ਸਣੇ ਕਾਰ—ਸਮੁੰਦਰ ਦੀ ਖਾੜੀ ਪਾਰ ਕਰਕੇ ਅਸੀਂ ਸੜਕ 'ਤੇ ਜਾ ਚੜ੍ਹੇ, ਜੋ ਜੰਗਲ ਤੇ ਛੋਟੀਆਂ ਛੋਟੀਆਂ ਪਹਾੜੀਆਂ ਵਿਚਦੀ ਸੱਪ ਵਾਂਗ ਵਲ ਖਾਂਦੀ ਜਾ ਰਹੀ ਹੈ। ਅੱਧੀ ਰਾਤ ਦੇ ਕਰੀਬ ਅਸੀਂ ਪੋਰਟ ਅਲਬਰਨੀ ਘਰ ਜਾ ਪੁੱਜੇ।

ਪੰਦਰਾਂ ਅਗਸਤ ਨੂੰ ਅਸੀਂ ਮੈਕਮਿਲਨ ਪਾਰਕ ਵੇਖਣ ਗਏ। ਪੋਰਟ ਅਲਬਰਨੀ ਤੋਂ ਬਾਰਾਂ ਮੀਲ ਦੂਰ ਸੜਕ ਦੇ ਕਨਾਰੇ ਜੰਗਲ ਵਿਚ ਪੁਰਾਣੇ ਦਰਖ਼ਤ ਖਲੇ ਹਨ। ਸਭ ਤੋਂ ਮੋਟਾ ਦਰਖ਼ਤ ਜੋ ਵੇਖਿਆ, ਉਹ ਤਿੰਨ-ਕੁ ਸੌ ਫੁੱਟ ਉੱਚਾ ਤੇ ੩੫-੩੬ ਫੁੱਟ ਲਪੇਟ ਦਾ ਸੀ। ਵੀਹ-ਪੰਝੀ ਫੁੱਟ ਲਪੇਟ ਦੇ ਕਈ ਦਰਖ਼ਤ ਖਲੇ ਸਨ। ਕਈਆਂ ਦੀ ਉਮਰ ਅੱਠ ਸੌ ਸਾਲ ਤੋਂ ਵਧੇਰ ਸੀ। ਦਰਖ਼ਤ ਬਿਲਕੁਲ ਸਿੱਧੇ ਸਨ, ਜਿਨ੍ਹਾਂ ਦੀ ਲੱਕੜੀ ਬੜੀ ਸਖ਼ਤ ਹੈ।

ਏਥੇ ਲੱਕੜੀ ਦਾ ਬਹੁਤ ਵੱਡਾ ਕਾਰਖ਼ਾਨਾ ਹੈ। ਇਕ ਦਿਨ ਉਹ ਵੇਖਣ ਗਏ।

ਏਥੇ ਹੀ, ਸੁਰਜੀਤ ਸਿੰਘ ਦੇ ਘਰ ਤੋਂ ਥੋੜੀ ਦੂਰ ਸ: ਹਰਚੰਦ ਸਿੰਘ ਜੀ ਦਾ ਘਰ ਹੈ। ਉਹਨਾਂ ਦੀ ਵੱਡੀ ਲੜਕੀ ਸਾਡੀ ਪੋਤਰਿਓਂ-ਨੂੰਹ ਹੈ। ਉਹ ਸਾਰਾ ਪਰਵਾਰ ਬਹੁਤ ਪਿਆਰ ਵਾਲੇ ਹਨ, ਤੇ ਰਿਸ਼ਤੇ ਵਿਚ ਬਜ਼ੁਰਗ ਹੋਣ ਦੇ ਨਾਤੇ ਉਹਨਾਂ ਸਾਡਾ ਬਹੁਤ ਆਦਰ ਮਾਣ ਕੀਤਾ।

ਪੋਰਟ ਅਲਬਰਨੀ ਤੋਂ ਕੈਲਗਰੀ ਤਕ ਵਾਪਸੀ ਸਫ਼ਰ ਅਸਾਂ ਕਾਰ

ਉਤੇ ਕੀਤਾ। ਮੈਂ ਕੈਨੇਡਾ ਦੀ ਧਰਤੀ ਵੇਖਣੀ ਚਾਹੁੰਦਾ ਸਾਂ, ਕਿ ਕੇਹੋ ਜੇਹੀ ਹੈ। ਅਸੀਂ ਦੋਵੇਂ ਜੀਅ, ਸੁਰਜੀਤ ਸਿੰਘ, ਉਸ ਦੀ ਪਤਨੀ, ਤੇ ਉਹਨਾਂ ਦੀਆਂ ਦੋਵੇਂ ਲੜਕੀਆਂ, ੨੦ ਅਗਸਤ ਨੂੰ ਸਵੇਰੇ ਪੰਜ ਵਜੇ ਪੋਰਟ ਅਲਬਰਨੀ ਤੋਂ ਚੱਲ ਪਏ। ਕਾਰ ਸੁਰਜੀਤ ਸਿੰਘ ਚਲਾ ਰਿਹਾ ਸੀ। ਪੂਰੇ ਅਠਾਰਾਂ ਘੰਟੇ ਸਫ਼ਰ ਕਰ ਕੇ ਅਸੀਂ ਰਾਤ ਨੂੰ ਗਿਆਰਾਂ ਵਜੇ ਕੈਲਗਰੀ ਆ ਪੁੱਜੇ। ਇਸ ਅੱਠ-ਨੌਂ ਸੌ ਮੀਲ ਲੰਮੇ ਸਫ਼ਰ ਵਿਚ ਪੰਜਾਬ ਵਰਗੀ ਪੱਧਰ ਧਰਤੀ ਕਿਤੇ ਨਜ਼ਰ ਨਾ ਆਈ। ਸਾਰਾ ਰਸਤਾ ਪਹਾੜੀ ਹੈ।

ਕੈਨੇਡਾ ਇਕ ਅਮੀਰ ਮੁਲਕ ਹੈ। ਉਸ ਦੀ ਵਧੇਰੇ ਅਮੀਰੀ ਉਹਦੇ ਜੰਗਲਾਂ ਵਿਚ ਹੈ। ਤੇ ਅਮੀਰੀ ਦਾ ਦੂਸਰਾ ਭੇਤ ਹੈ ਉਸ ਦੀ ਥੋੜੀ ਆਬਾਦੀ। ਰਕਬੇ ਦੇ ਲਿਹਾਜ਼ ਨਾਲ ਹਿੰਦੁਸਤਾਨ ਨਾਲੋਂ ਕੈਨੇਡਾ ਤਿੰਨ ਗੁਣਾ ਤੋਂ ਵੀ ਵਧੇਰੇ ਹੈ, ਤੇ ਆਬਾਦੀ ਸਭ ਢਾਈ ਕਰੋੜ ਦੇ ਅੰਦਰ।

ਰਕਬੇ ਦੇ ਪੱਖੋਂ ਸਭ ਤੋਂ ਵੱਡਾ ਮੁਲਕ ਰੂਸ ਹੈ। ਦੂਸਰੀ ਥਾਂ ਕੈਨੇਡਾ ਦੀ ਹੈ। ਚੀਨ ਦਾ ਤੀਸਰਾ, ਯੂਨਾਈਟਿਡ ਸਟੇਟਸ ਅਮਰੀਕਾ ਦਾ ਚੌਥਾ, ਬਰਾਜ਼ੀਲ ਦਾ ਪੰਜਵਾਂ, ਆਸਟਰੇਲੀਆ ਦਾ ਛੇਵਾਂ ਤੇ ਭਾਰਤ ਦਾ ਸੱਤਵਾਂ ਦਰਜਾ ਹੈ। ਪਰ ਵਸੋਂ ਦੇ ਪੱਖੋਂ ਭਾਰਤ ਦਾ ਦੂਸਰਾ ਥਾਂ ਹੈ। ਸਭ ਤੋਂ ਵਧੇਰੇ ਆਬਾਦੀ ਚੀਨ ਦੀ ਹੈ।

੨੯ ਅਗਸਤ ਨੂੰ ਰਾਤ ਦੇ ਦਸ ਵਜੇ ਸਾਡੇ ਪੋਤਰੇ (ਸੁਰਜੀਤ ਦੇ ਵੱਡੇ ਪੁੱਤਰ) ਚਰਨਜੀਤ ਸਿੰਘ ਦੇ ਘਰ ਲੜਕਾ ਹੋਇਆ। ਉਸ ਦੇ ਆਉਣ ਨਾਲ ਅਸੀਂ ਪੜਦਾਦਾ-ਪੜਦਾਦੀ ਬਣ ਗਏ। ਕੈਨੇਡਾ ਦੇ ਕਾਨੂੰਨ ਅਨੁਸਾਰ ਹਰ ਬੱਚੇ ਦਾ ਜਨਮ ਹਸਪਤਾਲ ਵਿਚ ਹੋਣਾ ਜ਼ਰੂਰੀ ਹੈ। ਅਗਲੇ ਦਿਨ ਸ਼ਾਮ ਨੂੰ ਅਸੀਂ ਸਾਰਾ ਪਰਵਾਰ ਕਾਕੇ ਨੂੰ ਵੇਖਣ ਗਏ। ਦੋਵੇਂ ਮਾਂ-ਪੁੱਤ ਠੀਕ ਠਾਕ ਸਨ। ਜਿੰਨੀ ਸੰਭਾਲ ਬੱਚੇ ਤੇ ਜੱਚਾ ਦੀ ਕੈਨੇਡਾ ਵਿਚ ਕੀਤੀ ਜਾਂਦੀ ਹੈ, ਅਸੀਂ ਸੋਚ ਵੀ ਨਹੀਂ ਸਕਦੇ। ਬੱਚੇ ਤੇ ਬੀਬੀ ਦੀ ਸਿਹਤ ਠੀਕ ਸੀ, ਇਸ ਵਾਸਤੇ ੩੦ ਅਗਸਤ ਨੂੰ ਹੀ ਉਹਨਾਂ ਨੂੰ ਹਸਪਤਾਲ ਤੋਂ ਛੁੱਟੀ ਮਿਲ ਗਈ, ਤੇ ਉਹ ਸਵੇਰੇ ਦਸ ਵਜੇ ਘਰ ਆ

ਗਏ। ਫਿਰ ਅਸਾਂ ਕਾਕੇ ਨੂੰ ਗੋਦੀ ਵਿਚ ਲੈ ਕੇ ਵੇਖਿਆ।

ਉਸੇ ਸ਼ਾਮ ਅਸੀਂ ਕੈਲਗਰੀ ਤੋਂ ਲੰਡਨ ਨੂੰ ਰਵਾਨਾ ਹੋ ਗਏ। ਕੈਲਗਰੀ ਤੋਂ ਜਹਾਜ਼ ਰਾਤ ਨੌਂ ਵਜੇ ਉਡਿਆ, ਤੇ ੩੧ ਅਗਸਤ ਨੂੰ ਸਵੇਰੇ ਲੰਡਨ ਆ ਉਤਰਿਆ। ਅੱਗੇ ਸ: ਸਵਰਨ ਸਿੰਘ ਸਿੱਧੂ ਤੇ ਕੁਛ ਹੋਰ ਸੱਜਣ ਹਵਾਈ ਅੱਡੇ ਉਤੇ ਆਏ ਹੋਏ ਸਨ। ਦੋ ਦਿਨ ਅਸੀਂ ਉਹਨਾਂ ਦੇ ਘਰ ਰਹੇ। ਉਸ ਸਾਰੇ ਪਰਵਾਰ ਨਾਲ ਸਾਡਾ ਆਪਣੇ ਪਰਵਾਰ ਵਾਂਗ ਮੋਹ ਹੈ।

ਤੀਸਰੇ ਦਿਨ ਬੈੱਡਫੋਰਡ ਦੇ ਪ੍ਰਧਾਨ ਸਾਹਿਬ ਆ ਗਏ, ਤੇ ਅਸੀਂ ਦੋਵੇਂ ਉਥੇ ਚਲੇ ਗਏ। ਪਹਿਲਾ ਹਫਤਾ ਮੈਂ ਉਥੇ ਲੈਕਚਰ ਦਿਤੇ।

ਲੈਕਚਰਾਂ ਦੀ ਗੱਲ ਕਰਨ ਤੋਂ ਪਹਿਲਾਂ ਮੈਂ ਇੰਗਲੈਂਡ ਵਿਚ ਕੁਛ ਵੇਖੀਆਂ ਥਾਂਵਾਂ ਦਾ ਜ਼ਿਕਰ ਕਰ ਲਵਾਂ।

ਇਕ ਦਿਨ ਵੁਲਵਰਹੈਂਪਟਨ ਗੁਰਦੁਆਰੇ ਦੇ ਦਫ਼ਤਰ ਵਿਚ ਕਮੇਟੀ ਦੇ ਮੈਂਬਰਾਂ ਨਾਲ ਬੈਠੇ ਸਾਂ। ਇਕ ਸੱਜਣ ਨੇ ਰਾਏ ਦਿਤੀ, "ਇਕ ਦਿਨ ਸੀਤਲ ਸਾਹਿਬ ਨੂੰ 'ਪੱਬ' ਵਿਖਾਓ।"

ਮੈਂ ਅੱਗੋਂ ਹੱਸ ਕੇ ਕਿਹਾ, "ਏਥੇ ਉਸ ਤੋਂ ਚੰਗੀ ਥਾਂ ਕੋਈ ਨਹੀਂ ਵੇਖਣ ਵਾਸਤੇ ?"

'ਪੱਬ' ਉਸ ਸ਼ਰਾਬਖਾਨੇ ਨੂੰ ਕਹਿੰਦੇ ਹਨ, ਜਿੱਥੇ ਰਾਤ ਖੁੱਲ੍ਹੀ ਸ਼ਰਾਬ ਵਰਤਦੀ ਹੈ। ਬੂਹਿਓਂ ਅੰਦਰ ਤਾਂ ਇਨਸਾਨ ਦਾਖ਼ਲ ਹੁੰਦੇ ਹਨ, ਪਰ ਬਾਹਰ ਕੁਛ ਹੋਰ ਬਣ ਕੇ ਆਉਂਦੇ ਹਨ। ਕਈ ਵਾਰ ਅੰਦਰ ਕਾਫ਼ੀ ਸ਼ੋਰ ਸ਼ਰਾਬਾ, ਗਾਲ੍ਹ-ਮੰਦਾ ਤੇ ਮਾਰ ਕੁਟਾਈ ਤਕ ਵੀ ਗੱਲ ਪਹੁੰਚ ਜਾਂਦੀ ਹੈ। ਇਹ ਸਭ ਕੁਛ ਮੈਂ ਸੁਣੀ-ਸੁਣਾਈ ਦੇ ਆਧਾਰ 'ਤੇ ਕਹਿ ਰਿਹਾ ਹਾਂ। ਨਹੀਂ ਤਾਂ ਨਾ ਮੈਨੂੰ ਇਸ ਦਾ ਕੋਈ ਤਜਰਬਾ ਹੈ, ਤੇ ਨਾ ਹੀ ਅਜੇਹੀਆਂ ਘਟਨਾਵਾਂ ਵਿਚ ਕੋਈ ਦਿਲਚਸਪੀ।

ਆਪਣੀ ਰੁਚੀ ਅਨੁਸਾਰ ਮੈਂ ਕੁਛ ਕਾਰਖ਼ਾਨੇ ਜ਼ਰੂਰ ਵੇਖੇ, ਜਿੱਥੇ ਇਨਸਾਨ ਲਹੂ ਪਾਣੀ ਇਕ ਕਰਕੇ ਆਪਣੀ ਕਿਸਮਤ ਬਣਾ ਰਿਹਾ ਸੀ।

ਇਕ ਗੱਲ ਯਾਦ ਰਖਣ ਵਾਲੀ ਹੈ। ਓਥੋਂ ਦੇ ਕਾਰਖ਼ਾਨਿਆਂ ਵਿਚ ਤਨਖ਼ਾਹ ਵੀ ਰੱਜਵੀਂ ਮਿਲਦੀ ਹੈ, ਤੇ ਕੰਮ ਵੀ ਜਾਨ-ਤੋੜ ਕੇ ਕਰਨਾ ਪੈਂਦਾ ਹੈ। ਹੱਕ-ਹਲਾਲ ਦੀ ਕਮਾਈ ਹੈ। ਓਥ ਪੌਂਡ ਲਹੂ-ਪਾਣੀ ਇਕ ਕੀਤਿਆਂ ਮਿਲਦਾ ਹੈ।

ਬਾਰਾਂ ਤੋਂ ਚੌਵੀ ਅਪ੍ਰੈਲ ਤਕ ਅਸਾਂ ਵੁਲਵਰਹੈਂਪਟਨ ਕੀਰਤਨ ਕੀਤਾ। ਗੁਰਦੁਆਰੇ ਦਾ ਸਾਰਾ ਹਾਲ ਭਰਿਆ ਹੁੰਦਾ ਸੀ। ਤੇ ਸਰੋਤੇ ਬੜੀ ਸ਼ਰਧਾ ਨਾਲ ਸੁਣਦੇ ਸਨ।

ਅਗਲਾ ਹਫ਼ਤਾ ਸਾਊਥੈਂਪਟਨ Southampton ਪੱਕਾ ਸੀ। ਸ: ਸੁਖਦੇਵ ਸਿੰਘ ਗਰੇਵਾਲ ਸਟੇਸ਼ਨ ਵੈਗਨ ਲੈ ਕੇ ਆ ਗਏ, ਤੇ ਅਸੀਂ ਚੌਵੀ ਸ਼ਾਮ ਨੂੰ ਹੀ ਵੁਲਵਰਹੈਂਪਟਨ ਤੋਂ ਤੁਰ ਪਏ। ਵੁਲਵਰਹੈਂਪਟਨ ਤੋਂ ਸਾਊਥੈਂਪਟਨ ਡੇਢ ਸੌ ਮੀਲ ਹੈ। ਇਹ ਦੋ ਲੱਖ ਵਸੋਂ ਦਾ ਸ਼ਹਿਰ ਇੰਗਲੈਂਡ ਦੇ ਦੱਖਣੀ ਸਾਹਿਲ ਉਤੇ ਇਕ ਸੁੰਦਰ ਬੰਦਰਗਾਹ ਹੈ। ਅਸੀਂ ਸ਼ਾਮ ਨੂੰ ਸੱਤ ਵਜੇ ਦੇ ਕਰੀਬ ਸ: ਸੁਖਦੇਵ ਸਿੰਘ ਦੇ ਘਰ ਜਾ ਪੁੱਜੇ। ਸੁਖਦੇਵ ਸਿੰਘ ਦੀ ਪਤਨੀ ਏਨੇ ਪਿਆਰ ਨਾਲ ਮਿਲੀ, ਜਿਵੇਂ ਉਹ ਮੇਰੀ ਆਪਣੀ ਲੜਕੀ ਹੁੰਦੀ ਹੈ। ਹਫ਼ਤਾ ਭਰ ਉਸ ਬੱਚੀ ਨੇ ਏਨੀ ਸੇਵਾ ਕੀਤੀ, ਜਿਸ ਵਿਚੋਂ ਸ਼ਰਧਾ ਫੁੱਟ ਫੁੱਟ ਪੈਂਦੀ ਸੀ। ਉਹ ਦੋਵੇਂ ਜੀਅ ਬੜੇ ਪਿਆਰ ਵਾਲੇ ਹਨ। ਤੁਰਨ ਲੱਗਿਆਂ ਮੈਂ ਬੜੇ ਹਿਤ ਨਾਲ ਕਿਹਾ, 'ਬੇਟਾ ਸੁਖਦੇਵ ਸਿੰਘ! ਮੈਂ ਤੈਥੋਂ ਕੁਛ ਮੰਗਣਾ ਚਾਹੁੰਦਾ ਹਾਂ। ਦੱਸ, ਬੇਨਤੀ ਕਰਾਂ, ਕਿ ਹੁਕਮ।''

ਉਹਨੇ ਅੱਗੋਂ ਹੱਥ ਜੋੜ ਕੇ ਕਿਹਾ, ''ਬਾਬਾ ਜੀ, ਤੁਸੀਂ ਹੁਕਮ ਕਰੋ।''

ਮੈਂ ਕਿਹਾ, ''ਫਿਰ ਏਹਾ ਹੁਕਮ ਹੈ, ਕਿ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਹੋ ਜਾ। ਤੇਰੇ ਵਰਗਾ ਪਿਆਰ ਵਾਲਾ ਸੱਜਣ ਇਸ ਸ਼ਕਲ ਵਿਚ ਸੋਭਾ ਨਹੀਂ ਪਾਉਂਦਾ।''

ਉਹਨੇ ਸਿਰ ਝੁਕਾ ਕੇ ਵਾਹਦਾ ਕਰ ਲਿਆ।

(ਥੋੜਾ ਸਮਾਂ ਹੋਇਆ, ਸੁਖਦੇਵ ਸਿੰਘ ਏਥੇ ਲੁਧਿਆਣੇ ਮੈਨੂੰ ਮਿਲਨ

ਆਇਆ। ਮੇਰੀ ਖ਼ੁਸ਼ੀ ਦੀ ਹੱਦ ਨਾ ਰਹੀ ਵੇਖ ਕੇ। ਉਹ ਅੰਮ੍ਰਿਤ ਛਕ ਕੇ ਪੂਰਨ ਸਿੰਘ ਸਜਿਆ ਹੋਇਆ ਸੀ। ਸੁੰਦਰ ਦਾੜ੍ਹੇ ਨਾਲ ਉਹਦੇ ਦਰਸ਼ਨਾਂ ਵਿਚ ਦੂਣੀ ਖਿੱਚ ਸੀ।)

੨੫ ਅਪ੍ਰੈਲ ਨੂੰ ਸਾਊਥੈਂਪਟਨ ਅਸਾਂ ਪਹਿਲਾ ਕੀਰਤਨ ਕੀਤਾ। ਹਾਲ ਸੀ ਤਾਂ ਛੋਟਾ, ਪਰ ਸਾਰਾ ਸੰਗਤ ਨਾਲ ਭਰਿਆ ਹੋਇਆ ਸੀ। (ਪਤਾ ਲੱਗਾ ਹੈ, ਕਿ ਹੁਣ ਉਹਨਾਂ ਉਹ ਹਾਲ ਕਾਫੀ ਵੱਡਾ ਬਣਾ ਲਿਆ ਹੈ।)

੨੯ ਨੂੰ ਅਸੀਂ ਪੋਰਟਸਮਾਊਥ Portsmouth ਵੇਖਣ ਗਏ। ਸਮੁੰਦਰ ਦਾ ਬੜਾ ਸੁੰਦਰ ਕਨਾਰਾ ਤੇ ਸੈਰਗਾਹ ਹੈ। ਲੋਕ ਓਥੇ ਛੁਟੀਆਂ ਮਨਾਉਣ ਵਾਸਤੇ ਜਾਂਦੇ ਹਨ। ਬੱਚਿਆਂ ਦਾ ਦਿਲ ਪਰਚਾਉਣ ਵਾਸਤੇ ਓਥੇ ਕਈ ਕਿਸਮ ਦੇ ਪੰਘੂੜੇ ਹਨ। ਵਿਚ ਬਹੁਤ ਸਾਰੀਆਂ ਖੇਡਾਂ ਜੂਏ ਦਾ ਸਾਧਨ ਵੀ ਹਨ, ਲਾਟਰੀ ਵਾਂਗ। ਓਥੇ ਇਕ ਰਬੜ ਦੀਆਂ ਟਿਊਬਾਂ ਵਾਲਾ ਛੋਟਾ ਜਿਹਾ ਜਹਾਜ਼ ਵੇਖਿਆ। ਉਹ ਜਿਵੇਂ ਪਾਣੀ ਵਿਚ ਚਲਦਾ ਹੈ, ਓਸੇ ਤਰ੍ਹਾਂ ਦਲਦਲ ਜਾਂ ਖ਼ੁਸ਼ਕੀ ਉਤੇ ਵੀ ਚੱਲ ਸਕਦਾ ਹੈ।

ਲਾਗੇ ਹੀ ਬੰਦਰਗਾਹ ਵਿਚ ਇਕ ਪੁਰਾਣਾ ਜੰਗੀ ਜਹਾਜ਼ H. M. S. Victory ਵੇਖਿਆ। ਉਹ ਪ੍ਰਸਿੱਧ ਜਰਨੈਲ Horatio Nelson ਦਾ ਯਾਦਗਾਰੀ ਜਹਾਜ਼ ਹੈ। ਜੋ ਵੀ ਓਥੇ ਸੈਰ ਕਰਨ ਜਾਂਦਾ ਹੈ, ਉਹ ਜਹਾਜ਼ ਜ਼ਰੂਰ ਵੇਖਦਾ ਹੈ। ਉਹ ਵੇਖਕੇ ਤੇ ਉਸ ਦਾ ਇਤਿਹਾਸ ਪੜ੍ਹ ਕੇ ਮੈਂ ਇਸ ਸਿੱਟੇ ਉਤੇ ਪੁੱਜਾ, ਕਿ ਸਿੱਖਾਂ ਵਾਂਗ, ਅੰਗਰੇਜ਼ ਸਿਪਾਹੀ ਸੁਭਾਵਕ ਬਹਾਦਰ ਨਹੀਂ ਸੀ, ਸਗੋਂ ਸਖ਼ਤੀ ਨਾਲ ਬਹਾਦਰ ਬਣਾਇਆ ਜਾਂਦਾ ਸੀ। ਜ਼ਰਾ-ਕੁ ਕਮਜ਼ੋਰੀ ਵਿਖਾਉਣ ਵਾਲੇ ਨੂੰ ਏਨੀ ਸਖ਼ਤ ਸਜ਼ਾ ਦਿਤੀ ਜਾਂਦੀ ਸੀ, ਜਿਸ ਨੂੰ ਸੁਣ ਕੇ ਦਿਲ ਕੰਬ ਜਾਂਦਾ ਹੈ।

੧੨ ਮਈ ਨੂੰ ਅਸੀਂ ਡਡਲੀ Dudley ਦਾ ਚਿੜੀਆ ਘਰ ਵੇਖਣ ਗਏ। ਉਹ ਹਫ਼ਤਾ ਅਸੀਂ ਬ੍ਰਮਿੰਘਮ ਸਾਂ। ਅੱਗੇ ਭਾਰਤ ਵਿਚ ਕਈ ਪ੍ਰਸਿਧ ਚਿੜੀਆ ਘਰ ਵੇਖੇ ਸਨ, ਮਲਾਇਆ ਤੇ ਕੈਨੇਡਾ ਵਿਚ ਵੀ ਵੇਖੇ ਸਨ,

ਪਰ ਡਡਲੀ ਵਿਚ ਕੁਛ ਅਨੋਖੇ ਜਾਨਵਰ ਵੇਖੇ। ਏਥੇ ਇਕ ਨਵੀਂ ਕਿਸਮ ਦਾ ਬਨਮਾਣਸ ਵੇਖਿਆ, ਜੋ ਆਪਣੀ ਮਿਸਾਲ ਆਪ ਸੀ। ਫਿਰ ਰੰਗਦਾਰ ਧਾਰੀਆਂ ਵਾਲੇ ਸੱਪ, ਭੂਰੇ ਚਿੱਟੇ ਰਿੱਛ ਤੇ ਅਨੋਖੀਆਂ ਚੁੰਝਾਂ ਵਾਲੇ ਸਾਰਸ ਵੇਖੇ।

ਚਾਰ ਜੁਲਾਈ ਤੋਂ ਦਸ ਤਕ ਅਸੀਂ ਗੁ: ਸਿੰਘ ਸਭਾ ਸਾਊਥਾਲ ਸਾਂ। ਉਸ ਸਮੇਂ ਦੇ ਪ੍ਰਧਾਨ ਗਿ: ਅਮਲੋਕ ਸਿੰਘ ਜੀ ਬੜੇ ਪਿਆਰ ਵਾਲੇ ਸੱਜਣ ਹਨ। ਕਮੇਟੀ ਦੇ ਹੋਰ ਸਾਰੇ ਮੈਂਬਰ ਵੀ ਬੜੇ ਸ਼ਰਧਾਵਾਨ ਸੱਜਣ ਹਨ।

ਛੇ ਜੁਲਾਈ ਨੂੰ ਅਸੀਂ ਮਹਾਰਾਜਾ ਰਣਜੀਤ ਸਿੰਘ ਦੀ ਇਤਿਹਾਸਕ ਕੁਰਸੀ ਵੇਖਣ ਗਏ। ਸ: ਸਵਰਨ ਸਿੰਘ ਸਿੱਧੂ ਨੇ ਕਾਰ ਲੈ ਆਂਦੀ। ਜਿੰਨੇ ਦਿਨ ਅਸੀਂ ਸਾਊਥਾਲ ਰਹੇ, ਉਹ ਬੜੇ ਪਿਆਰ ਨਾਲ ਸਾਡੇ ਸਾਥ ਹੀ ਰਹੇ। ਅਸੀਂ ਚਾਈਂ ਚਾਈਂ ਕਾਰ 'ਤੇ ਤੁਰ ਪਏ। ਅਸੀਂ ਉਸ ਅਜਾਇਬ ਘਰ ਦੇ ਉਦਾਲੇ ਦੋ ਢਾਈ ਘੰਟੇ ਘੁੰਮਦੇ ਰਹੇ, ਪਰ ਕਾਰ ਖਲੀ ਕਰਨ ਵਾਸਤੇ ਕਿਤੇ ਥਾਂ ਨਾ ਮਿਲੀ। ਸਾਡੇ ਵਾਂਗ ਇਹ ਨਹੀਂ, ਕਿ ਬਜ਼ਾਰ ਵਿਚ ਜਿੱਥੇ ਜੀ ਕਰੇ, ਕਾਰ ਖਲੀ ਕਰ ਕੇ ਰਸਤਾ ਰੋਕ ਛਡੋ। ਓਥੇ ਤਾਂ ਗਲਤ ਥਾਂ ਉਤੇ ਕਾਰ ਖਲੀ ਕਰ ਦਿਹੋ, ਤਾਂ ਇਕ ਮਿੰਟ ਵਿਚ ਹੀ ਕੋਈ ਪੁਲੀਸ ਵਾਲਾ ਆ ਜਾਵੇਗਾ ਤੇ ਚਲਾਨ ਦੀ ਸਲਿੱਪ ਕਾਰ ਉਤੇ ਲਾ ਜਾਵੇਗਾ। ਤਿੰਨ ਚਾਰ ਘੰਟੇ ਵਕਤ ਜ਼ਾਇਆ ਕਰਕੇ ਅਸੀਂ ਵਾਪਸ ਪਰਤ ਆਏ।

ਅਗਲੇ ਦਿਨ ਕੋਹਿਨੂਰ ਹੀਰਾ ਵੇਖਣ ਦਾ ਪ੍ਰੋਗਰਾਮ ਸੀ। ਅਸਾਂ ਪਹਿਲੇ ਦਿਨ ਵਾਲੀ ਗ਼ਲਤੀ ਨਹੀਂ ਦੁਹਰਾਈ। ਸਾਊਥਾਲ ਸਟੇਸ਼ਨ ਤੋਂ ਰੇਲ ਵਿਚ ਬੈਠ ਗਏ। ਸਹਿਜ ਸਹਿਜ ਰੇਲ ਧਰਤੀ ਦੇ ਥੱਲੇ ਗੁੰਮ ਹੋਣੀ ਸ਼ੁਰੂ ਹੋ ਗਈ। ਇੰਜੀਨੀਅਰੀ ਦਾ ਕਮਾਲ ਹੈ। ਉੱਪਰ ਸ਼ਾਨਦਾਰ ਮਹੱਲ ਖਲੇ ਹਨ, ਤੇ ਹੇਠਾਂ ਧਰਤੀ ਦੀ ਕੁੱਖ ਵਿਚ ਰੇਲ ਦੌੜੀ ਜਾ ਰਹੀ ਹੈ। ਫਿਰ ਕਈ ਥਾਂਈਂ ਤਾਂ ਉਸ ਰੇਲ ਦੇ ਥੱਲੇ ਇਕ ਹੋਰ ਲਾਈਨ ਵਿਛੀ ਹੋਈ ਹੈ, ਤੇ ਮਿੰਟ ਮਿੰਟ ਬਾਹਦ ਗੱਡੀਆਂ ਦੌੜੀਆਂ ਜਾ ਰਹੀਆਂ ਹਨ। ਲੰਡਨ ਵਿਚ

ਸਫ਼ਰ ਕਰਨ ਦਾ ਸੌਖਾ ਢੰਗ ਵੀ ਏਹਾ ਹੈ, ਅੰਡਰ ਗਰਾਊਂਡ (ਧਰਤੀ ਦੇ ਥੱਲੇ) ਰੇਲ।

ਅਸੀਂ ਨੇੜੇ ਦੇ ਸਟੇਸ਼ਨ 'ਤੇ ਜਾ ਉਤਰੇ। ਓਥੋਂ ਕੁਛ ਫ਼ਾਸਲਾ ਤੁਰ ਕੇ "ਲੰਡਨ ਟਾਵਰ" ਦੇ ਦਰਵਾਜ਼ੇ ਅੱਗੇ ਜਾ ਖਲੋ। ਅੱਗੇ ਦਰਸ਼ਕਾਂ ਦੀ ਭੀੜ ਲੱਗੀ ਹੋਈ ਸੀ। ਅਸੀਂ ਵੀ ਟਿਕਟ ਲੈ ਕੇ ਅੰਦਰ ਚਲੇ ਗਏ। ਬਹੁਤ ਵੱਡਾ ਅਜਾਇਬ ਘਰ ਹੈ। ਕਈ ਦੇਸਾਂ ਤੋਂ ਲੁੱਟੇ ਹੋਏ ਕੀਮਤੀ ਸਾਮਾਨ ਓਥੇ ਪਏ ਸਨ। ਅਸੀਂ ਸਰਸਰੀ ਨਜ਼ਰ ਮਾਰਦੇ ਅੱਗੇ ਤੁਰੇ ਜਾ ਰਹੇ ਸਾਂ। ਸਾਡੀ ਸਾਰੀ ਰੁਚੀ ਤਾਂ, 'ਕੋਹਿਨੂਰ' ਹੀਰਾ ਵੇਖਣ ਵਿਚ ਸੀ। ਉਡੀਕ ਦਾ ਸਮਾਂ ਬੀਤਿਆ, ਤੇ ਅਸੀਂ 'ਸਿੱਖਰਾਜ ਦੀ ਬਰਬਾਦੀ ਦੀ ਨਿਸ਼ਾਨੀ' ਕੋਹਿਨੂਰ ਦੇ ਸਾਮ੍ਹਣੇ ਜਾ ਖਲੋ। ਪਰ 'ਖਲੋ' ਸ਼ਬਦ ਏਥੇ ਢੁਕਦਾ ਨਹੀਂ। ਜਿਸ ਸ਼ੋ-ਕੇਸ ਵਿਚ ਕੋਹਿਨੂਰ ਪਿਆ ਹੈ, ਉਸ ਤੋਂ ਚਾਰ ਫੁੱਟ ਦੂਰ ਲੋਹੇ ਦਾ ਜੰਗਲਾ ਹੈ। ਜੰਗਲੇ ਦੇ ਅੰਦਰ ਪੋਲੀਸ ਵਾਲੇ ਖਲੋ ਹਨ, ਤੇ ਜੰਗਲੇ ਤੋਂ ਬਾਹਰ ਵੇਖਣ ਵਾਲੇ ਝਾਤੀ ਮਾਰਦੇ ਤੁਰੇ ਜਾ ਰਹੇ ਹਨ। ਓਥੇ ਖਲੋਣ ਦੀ ਕਿਸੇ ਨੂੰ ਆਗਿਆ ਨਹੀਂ। ਅਸੀਂ ਵੀ ਮੱਠੀ ਮੱਠੀ ਚਾਲ (ਜਿੰਨੀ ਮੱਠੀ ਅਸੀਂ ਕਰ ਸਕਦੇ ਸਾਂ) ਸਾਮ੍ਹਣੇ ਵੇਖਦੇ ਚਲੇ ਜਾ ਰਹੇ ਸਾਂ। ਕੋਹਿਨੂਰ ਦੇ ਤਿੰਨ ਟੁਕੜੇ ਕਰ ਦਿਤੇ ਗਏ ਹਨ। ਉਹ ਇਕ ਨੇਕਲੇਸ ਵਿਚ ਜੜੇ ਹੋਏ ਹਨ। ਵਿਚਲਾ ਟੁਕੜਾ ਵੱਡਾ ਹੈ, ਤੇ ਪਾਸਿਆਂ ਵਾਲੇ ਛੋਟੇ। ਅਜੇ ਵੀ ਉਸ ਦੀ ਸੁਰਖ਼ ਚਮਕ ਅੱਖਾਂ ਨੂੰ ਚੁੰਧਿਆ ਰਹੀ ਹੈ। ਉਸ ਹਾਲ ਤੋਂ ਬਾਹਰ ਆਉਣ ਪਿੱਛੋਂ ਹੋਰ ਕੁਛ ਵੇਖਣ ਲਈ ਦਿਲ ਨਾ ਕੀਤਾ, ਤੇ ਅਸੀਂ ਵਾਪਸ ਮੁੜ ਪਏ। ਓਸੇ ਸਟੇਸ਼ਨ ਤੋਂ ਰੇਲ ਪਕੜੀ, ਤੇ ਧਰਤੀ ਦੇ ਥੱਲੇ ਥੱਲੇ ਸਾਊਥਾਲ ਆ ਉਤਰੇ। ਉਹ ਸਾਰੀ ਰਾਤ ਦਿਲ ਬੇਚੈਨ ਰਿਹਾ। ਇਤਿਹਾਸ ਦੇ ਇਸ ਹਿੱਸੇ ਦਾ ਲੇਖਕ ਹੋਣ ਦੇ ਕਾਰਨ, ਉਹ ਸਾਰੀਆਂ ਮਾਰੂ ਘਟਨਾਵਾਂ ਅੱਖਾਂ ਅੱਗੇ ਘੁੰਮਦੀਆਂ ਰਹੀਆਂ।

੨੭ ਜੁਲਾਈ ਨੂੰ ਅਸੀਂ ਮਹਾਰਾਜਾ ਦਲੀਪ ਸਿੰਘ ਦੀ ਸਮਾਧੀ ਵੇਖਣ ਗਏ। ਉਹ ਥਾਂ ਸਾਊਥਾਲ ਤੋਂ ਲਗਭਗ ਪਚਾਨਵੇਂ ਮੀਲ ਦੂਰ ਹੈ।

ਕਾਰ ਸ: ਸਵਰਨ ਸਿੰਘ ਸਿੱਧੂ ਦੀ ਹੀ ਸੀ। ਅਸੀਂ ਸੱਤ ਜਣੇ ਸਫ਼ਰ ਕਰ ਰਹੇ ਸਾਂ। ਮੈਂ, ਮੇਰੀ ਧਰਮ ਪਤਨੀ, ਤਿੰਨ ਮੇਰੇ ਸਾਥੀ, ਸ: ਸਵਰਨ ਸਿੰਘ ਤੇ ਇਕ ਉਹਦਾ ਰਿਸ਼ਤੇਦਾਰ।

ਸੜਕ ਦੇ ਕਨਾਰੇ ਇਕ ਬਹੁਤ ਪੁਰਾਣਾ ਗਿਰਜਾ (ਚਰਚ) ਹੈ। (ਇਸ ਸਮੇਂ ਉਸ ਇਮਾਰਤ ਦੀ ਹਾਲਤ ਠੀਕ ਨਾ ਹੋਣ ਕਰਕੇ ਉਹ ਬੰਦ ਪਿਆ ਹੈ।) ਐਲਵੇਡਨ ਮਹਿਲ ਉਸ ਤੋਂ ਫ਼ਰਲਾਂਗ-ਡੇਢ ਫ਼ਰਲਾਂਗ ਪਾਸੇ 'ਤੇ ਹੈ। ਚਰਚ ਦੇ ਤਿੰਨੀ ਪਾਸੀਂ ਕਬਰਾਂ ਹਨ ਤੇ ਮੁੱਖ ਦਰਵਾਜ਼ੇ ਦੇ ਸਾਮ੍ਹਣੇ ਖੁੱਲ੍ਹਾ ਮੈਦਾਨ ਪਿਆ ਹੈ। ਚਰਚ ਦੇ ਮੁੱਖ ਦਰਵਾਜ਼ੇ ਵੱਲੋਂ ਤੁਰੀਏ, ਤਾਂ ਸੱਜੇ ਹੱਥ ਪੌਣਾ-ਕੁ ਮਰਲਾ ਥਾਂ ਮਹਾਰਾਜਾ ਰਣਜੀਤ ਸਿੰਘ ਦੇ ਪਰਵਾਰ ਦੇ ਤਿੰਨ ਜੀਅ ਮੱਲੀ ਬੈਠੇ ਹਨ। ਇਹ ਹਨ ਸਿੱਖਾਂ ਦਾ ਅੰਤਮ ਮਹਾਰਾਜਾ ਦਲੀਪ ਸਿੰਘ, ਉਸ ਦੀ ਮਹਾਰਾਣੀ ਬੰਬਾ ਮੂਲਰ, ਤੇ ਉਹਨਾਂ ਦਾ ਛੋਟਾ ਲੜਕਾ ਐਡਵਰਡ ਦਲੀਪ ਸਿੰਘ। ਕਬਰਾਂ ਦੇ ਪੈਰਾਂ ਵੱਲ ਖਲੋ ਕੇ ਵੇਖੋ, ਤਾਂ ਖੱਬੇ ਹੱਥ ਮਹਾਰਾਜਾ, ਵਿਚਕਾਰ ਮਹਾਰਾਣੀ ਤੇ ਸੱਜੇ ਹੱਥ ਪੁੱਤਰ ਸੁੱਤਾ ਪਿਆ ਹੈ। ਕਬਰਾਂ ਦੇ ਸਰ੍ਹਾਣੇ ਸਾਦਾ ਪੱਥਰ ਖਲੇ ਹਨ, ਜਿੰਨ੍ਹਾਂ ਉਤੇ ਲਿਖਿਆ ਹੈ :

ਮਹਾਰਾਜਾ ਦਲੀਪ ਸਿੰਘ ਬਹਾਦੁਰ, ਜਨਮ ੪ ਸਤੰਬਰ, ੧੮੩੮ ਈ. ਤੇ ਚਲਾਣਾ ੨੨ ਅਕਤੂਬਰ, ੧੮੯੩ ਈ.।

ਮਹਾਰਾਨੀ ਬੰਬਾ ਮੂਲਰ, ਜਨਮ ੬ ਜੁਲਾਈ, ੧੮੪੮ ਈ. ਤੇ ਚਲਾਣਾ ੧੮ ਸਤੰਬਰ, ੧੮੮੭ ਈ.।

ਸ਼ਾਹਜ਼ਾਦਾ **Albert Edward Duleep Singh** ਐਲਬਰਟ ਐਡਵਰਡ ਦਲੀਪ ਸਿੰਘ, ਜਨਮ ੨੦ ਅਗਸਤ, ੧੮੭੯ ਈ. ਤੇ ਚਲਾਣਾ ਪਹਿਲੀ ਜੁਲਾਈ, ੧੮੯੩ ਈ.।

ਤਿੰਨੇ ਕਬਰਾਂ ਉਦਾਲਿਓਂ ਗੋਰਿਆਂ ਦੀਆਂ ਕਬਰਾਂ ਨਾਲ ਘਿਰੀਆਂ ਹੋਈਆਂ ਹਨ। ਮਹਾਰਾਜੇ ਦੀ ਕਬਰ ਉਤੇ ਸੁੱਕੇ ਹੋਏ ਫੁੱਲ ਪਏ ਸਨ। ਪਤਾ ਨਹੀਂ ਕਿੰਨਾ ਚਿਰ ਪਹਿਲਾਂ ਕੋਈ ਪੰਜਾਬੀ ਓਥੇ ਗਿਆ ਹੋਵੇਗਾ, ਤੇ

ਉਹਨੇ ਆਪਣੀ ਸ਼ਰਧਾਂਜਲੀ ਭੇਟ ਕੀਤੀ ਹੋਵੇਗੀ। ਅਸਾਂ ਉਹ ਸੁੱਕੇ ਹੋਏ ਫੁੱਲ ਓਥੋਂ ਉਠਾ ਲਏ, ਤੇ ਉਹਨਾਂ ਦੀ ਥਾਂ ਤਾਜ਼ੇ ਫੁੱਲ (ਜੋ ਅਸੀਂ ਲੰਡਨ ਤੋਂ ਨਾਲ ਲੈ ਕੇ ਗਏ ਸਾਂ) ਧਰ ਦਿਤੇ। ਅਸੀਂ ਦਲੀਪ ਸਿੰਘ ਦੇ ਪੈਰਾਂ ਵੱਲ ਖ਼ਾਮੋਸ਼ ਖਲੇ ਸਾਂ, ਪਰ ਸਾਡੇ ਚੜ੍ਹਾਏ ਹੋਏ ਫੁੱਲ ਹਉਕੇ ਭਰ ਰਹੇ ਸਨ। ਮੇਰੇ ਅੰਦਰੋਂ ਇਕ ਹੂਕ ਨਿਕਲੀ,

''ਹੀਰਾ ਮਿੱਟੀ ਰੁਲ ਗਿਆ,
ਕਿਸੇ ਕਦਰ ਨਾ ਜਾਣੀ।''

ਅਗਲੇ ਦਿਨ ਅਸੀਂ ਦੋਵੇਂ ਕੈਨੇਡਾ ਨੂੰ ਤੁਰ ਗਏ।

ਤੇ ੩੧ ਅਗਸਤ ਨੂੰ ਅਸੀਂ ਵਾਪਸ ਲੰਡਨ ਆ ਗਏ। 'ਅਸੀਂ' ਸ਼ਬਦ ਮੈਂ ਆਪਣੇ ਇਕੱਲੇ ਵਾਸਤੇ ਨਹੀਂ ਵਰਤ ਰਿਹਾ, ਸਗੋਂ ਮੇਰੀ ਧਰਮ-ਪਤਨੀ ਵੀ ਮੇਰੇ ਅੰਗ-ਸੰਗ ਸੀ।

ਪਹਿਲਾ ਹਫ਼ਤਾ ਮੈਂ ਬੇਡਫੋਰਡ Bedford ਲੈਕਚਰ ਦਿਤੇ। ਮੈਂ ਇਹ ਤਾਂ ਨਹੀਂ ਕਹਿੰਦਾ, ਕਿ ਮੇਰੇ ਵਾਸਤੇ ਇਹ ਬਿਲਕੁਲ ਨਵਾਂ ਤਜਰਬਾ ਸੀ, ਪਰ ਬਤਾਲੀ-ਤਿਰਤਾਲੀ ਸਾਲ ਤੋਂ ਮੈਨੂੰ ਢਾਡੀ ਜਥੇ ਨਾਲ ਹੀ ਲੈਕਚਰ ਦੇਣ ਦਾ ਅਭਿਆਸ ਸੀ। ਢਾਡੀ ਜਥੇ ਨਾਲ ਲੈਕਚਰ ਦੇਣ ਤੇ ਇਕੱਲਿਆਂ ਲੈਕਚਰ ਦੇਣ ਦੇ ਤਰੀਕੇ ਵਿਚ ਬਹੁਤ ਫ਼ਰਕ ਹੈ। ਇਸ ਲਈ ਇਕ ਦੋ ਦਿਨ ਤਾਂ ਮੈਨੂੰ ਕੁਛ ਝਿਜਕ ਪਰਤੀਤ ਹੋਈ, ਪਰ ਫਿਰ ਗੱਡੀ ਠੀਕ ਢੰਗ ਨਾਲ ਲੀਹ 'ਤੇ ਤੁਰ ਪਈ। ਸਿਰਫ਼ ਏਨਾ ਹੀ ਫ਼ਰਕ ਰਿਹਾ, ਕਿ ਢਾਡੀ ਜਥੇ ਨਾਲ, ਜਦੋਂ ਸਾਥੀ ਵਾਰ ਗਾਉਂਦੇ ਸਨ, ਮੈਂ ਸਾਹ ਲੈ ਲੈਂਦਾ ਸਾਂ, ਪਰ ਹੁਣ ਡੇਢ-ਦੋ ਘੰਟੇ ਲਗਾਤਾਰ—ਬਿਨਾਂ ਰੁਕਿਆਂ—ਬੋਲਣਾ ਪੈਂਦਾ ਸੀ। ਏਥੋਂ ਦੀਆਂ ਸੰਗਤਾਂ ਨੇ ਮੈਨੂੰ ਪਹਿਲਾਂ ਢਾਡੀ ਜਥੇ ਨਾਲ ਨਹੀਂ ਸੀ ਸੁਣਿਆਂ ਹੋਇਆ, ਸੋ ਉਹਨਾਂ ਦਾ ਪਿਆਰ ਤੇ ਪਸੰਦ ਕਰਨਾ ਸੁਭਾਵਕ ਸੀ।

ਪਰ ਅਗਲੇ ਚਾਰ ਦਿਨ ਮੈਨੂੰ ਸਾਊਥੈਂਪਟਨ ਜਾਣਾ ਪੈ ਗਿਆ। ਓਥੇ ਮੈਂ ਪਹਿਲਾਂ ਇਕ ਹਫ਼ਤਾ ਢਾਡੀ ਜਥੇ ਸਮੇਤ ਲੈਕਚਰ ਦੇ ਗਿਆ ਸਾਂ।

ਓਥੋਂ ਦੇ ਪ੍ਰਧਾਨ ਸਾਹਿਬ ਸ: ਹੁਸ਼ਿਆਰ ਸਿੰਘ ਗਰੇਵਾਲ (ਪਿਛਲਾ ਨੱਗਰ 'ਸਰਾਭਾ' ਜ਼ਿਲਾ ਲੁਧਿਆਣਾ) ਕਾਰ ਲੈ ਕੇ ਆ ਪੁੱਜੇ। ਉਹ ਬੜੇ ਪਿਆਰ ਵਾਲੇ ਸੱਜਣ ਹਨ। ਉਹ ਨਾਲ ਲੈ ਕੇ ਹੀ ਤੁਰੇ। ਇਸ ਵਾਰ ਅਸੀਂ ਠਹਿਰੇ ਵੀ ਉਹਨਾਂ ਦੇ ਘਰ। ਉਹ ਸਾਰਾ ਪਰਵਾਰ ਹੀ ਬੜਾ ਸ਼ਰਧਾ ਭਾਵਨਾ ਵਾਲਾ ਹੈ, ਤੇ ਅਸਾਂ ਇਉਂ ਮਹਿਸੂਸ ਕੀਤਾ, ਜਿਵੇਂ ਆਪਣੇ ਘਰ, ਆਪਣੇ ਪਰਵਾਰ ਵਿਚ ਹੀ ਹੁੰਦੇ ਹਾਂ। ਗੁਰ ਮਹਾਰਾਜ ਦੀ ਕਿਰਪਾ, ਏਥੇ ਵੀ ਸੰਗਤਾਂ ਨੇ ਮੈਨੂੰ ਬੜੇ ਪਿਆਰ ਨਾਲ ਸੁਣਿਆਂ। ਮੇਰਾ ਹੌਸਲਾ ਹੋਰ ਵੀ ਵਧ ਗਿਆ।

ਅਗਲਾ ਹਫ਼ਤਾ ਗਰੇਵਜ਼ੈਂਡ Gravesend ਸੀ। ਸੰਗਤਾਂ ਨੇ ਏਥੇ ਵੀ ਬੜਾ ਪਿਆਰ ਕੀਤਾ। ਏਥੇ ਅਸੀਂ ਸ: ਅਵਤਾਰ ਸਿੰਘ ਤੱਖਰ ਦੇ ਘਰ ਠਹਿਰੇ। ਉਹਨਾਂ ਰਿਸ਼ਤੇਦਾਰੀ ਕਢ ਲਈ। ਓਥੋਂ ਇਕ ਦਿਨ ਅਸੀਂ ਗਰੇਸ Grays ਗਏ। ਇਹ ਨੱਗਰ ਗਰੇਵਜ਼ੈਂਡ ਦੇ ਬਿਲਕੁਲ ਸਾਮ੍ਹਣੇ ਦਰਿਆ ਦੇ ਦੂਸਰੇ ਪਾਸੇ ਹੈ। ਓਥੇ ਸਾਡੇ ਬਹੁਤ ਸਾਰੇ ਰਿਸ਼ਤੇਦਾਰ (ਸ: ਕਸ਼ਮੀਰ ਸਿੰਘ ਸੰਧੂ, ਸ: ਭਜਨ ਸਿੰਘ ਢਿੱਲੋਂ, ਸ:ਸਰਵਣ ਸਿੰਘ ਬਿਲਗਾ) ਹਨ। ਉਹਨਾਂ ਸਾਰਿਆਂ ਨੂੰ ਮਿਲ ਕੇ ਰਾਤ ਨੂੰ ਵਾਪਸ ਗਰੇਵਜ਼ੈਂਡ ਆ ਗਏ।

ਅਗਲਾ ਹਫ਼ਤਾ ਅਸਾਂ ਵੂਲਵਰਹੈਂਪਟਨ ਗੁਜ਼ਾਰਿਆ, ਓਥੇ ਸਾਰੇ ਪੁਰਾਣੇ ਮਿੱਤਰਾਂ ਨੂੰ ਮਿਲ ਕੇ ਖ਼ੁਸ਼ੀ ਹੋਈ। ਇਕ ਦਿਨ ਸ: ਬਲਬੀਰ ਸਿੰਘ ਦੇ ਘਰ ਰਹੇ, ਜੋ ਸਾਡੇ ਰਿਸ਼ਤੇਦਾਰ ਹਨ।

ਆਖ਼ਰੀ ਹਫ਼ਤਾ ਸਮੈਦਿਕ ਸੀ। ਸਾਊਥਾਲ ਤੋਂ ਦੂਸਰੇ ਥਾਂ 'ਤੇ ਏਥੇ ਦੀਵਾਨ ਵਿਚ ਸਿੱਖਾਂ ਦੀ ਹਾਜ਼ਰੀ ਹੁੰਦੀ ਹੈ। ਏਥੋਂ ਦੇ ਟਰਸਟੀ ਸ: ਕੇਵਲ ਸਿੰਘ ਬਹੁਤ ਹੀ ਪ੍ਰੇਮ ਵਾਲੇ ਸੱਜਣ ਹਨ। ਇਹ ਸਟੇਜ ਮੇਰੇ ਵਾਸਤੇ ਇਕ ਕਿਸਮ ਦਾ ਇਮਤਿਹਾਨ ਦੀ ਥਾਂ ਸੀ। ਪਹਿਲੀ ਗੱਲ, ਭਾਰਤ ਤੋਂ ਕੋਈ ਵੀ ਰਾਗੀ, ਢਾਡੀ ਜਾਂ ਪਰਚਾਰਕ ਜਾਏ, ਉਹ ਏਥੇ ਜ਼ਰੂਰ ਜਾਇਗਾ। ਤੇ ਦੂਸਰੀ, ਪੰਥ ਦੇ ਮਹਾਨ ਵਿਦਵਾਨ ਗਿਆਨੀ ਸੰਤ ਸਿੰਘ ਜੀ 'ਮਸਕੀਨ'

ਮੈਥੋਂ ਪਹਿਲਾ ਹਫ਼ਤਾ ਏਥੇ ਸਨ। ਉਹ ਸਵੇਰੇ ਸ਼ਬਦ ਦੀ ਕਥਾ ਕਰਦੇ ਸਨ ਤੇ ਰਾਤ ਨੂੰ ਡੇਢ ਘੰਟਾ ਲੈਕਚਰ। ਉਹ ਐਤਵਾਰ ਨੂੰ ਸਮਾਪਤ ਕਰ ਕੇ ਚਲੇ ਗਏ, ਤੇ ਸੋਮਵਾਰ ਮੈਂ ਆ ਹਾਜ਼ਰੀ ਭਰੀ। ਏਥੇ ਮੈਂ ਪਹਿਲਾਂ ਇਕ ਹਫ਼ਤਾ ਢਾਡੀ ਜਥੇ ਨਾਲ ਵੀ ਕੀਰਤਨ ਕਰ ਗਿਆ ਸਾਂ। ਓਦੋਂ ਤਾਂ ਸੰਗਤਾਂ ਨੇ ਸਾਨੂੰ ਚਾਰ ਸਿੰਘਾਂ ਨੂੰ ਸਟੇਜ 'ਤੇ ਖਲੋ ਵੇਖਿਆ ਸੀ, ਤੇ ਹੁਣ ਮੈਂ ਇਕੱਲਾ ਹੀ ਹਾਜ਼ਰੀ ਭਰ ਰਿਹਾ ਸਾਂ। ਇਹ ਵੇਖਣ ਵਾਲਿਆਂ ਬਾਰੇ ਕਹਿ ਰਿਹਾ ਹਾਂ, ਨਹੀਂ ਤਾਂ ਮੈਂ ਆਪਣੇ ਆਪ ਨੂੰ ਕਦੇ ਇਕੱਲਾ ਅਨਭਵ ਨਹੀਂ ਕੀਤਾ। ਮੇਰਾ ਵਿਸ਼ਵਾਸ ਹੈ,

"ਗੁਰੁ ਮੇਰੈ ਸੰਗਿ ਸਦਾ ਹੈ ਨਾਲੇ।
ਸਿਮਰਿ ਸਿਮਰਿ ਤਿਸੁ ਸਦਾ ਸਮਾਲੇ।"

ਤੇ ਮੇਰੇ ਨਿਸਚੇ ਅਨਸਾਰ ਇਸ ਵਿਸ਼ਵਾਸ ਦਾ ਨਾਮ ਹੀ ਸਿੱਖੀ ਹੈ।

ਏਥੇ ਮੈਂ ਛੇ ਦਿਨ ਲੈਕਚਰ ਕੀਤਾ। ਗੁਰੂ ਮਹਾਰਾਜ ਨੇ ਮੇਰੀ ਲੱਜ ਪਤ ਰੱਖ ਲਈ। ਸੰਗਤਾਂ ਨੇ ਏਨਾ ਪਿਆਰ-ਸਤਕਾਰ ਕੀਤਾ, ਜਿਸ ਦੀ ਮੈਨੂੰ ਪਹਿਲਾਂ ਆਸ ਨਹੀਂ ਸੀ। ਮੈਂ ਸਮਝਦਾ ਹਾਂ, ਕਿ ਗੁਰੂ ਚਾਹੇ, ਤਾਂ ਮੇਰੇ ਵਰਗੇ ਅਣਜਾਣ ਨੂੰ ਵੀ ਮਾਣ ਬਖ਼ਸ਼ ਸਕਦਾ ਹੈ।

ਜਿੱਥੇ ਜਿੱਥੇ ਮੈਂ ਪਹਿਲਾਂ ਢਾਡੀ ਜਥੇ ਨਾਲ ਗਿਆ ਸਾਂ, ਉਹਨਾਂ ਸਾਰਿਆਂ ਦੀ ਇੱਛਿਆ ਸੀ, ਕਿ ਮੈਂ ਇਕੱਲਾ ਵੀ ਓਥੋਂ ਦੀਆਂ ਸੰਗਤਾਂ ਦੇ ਦਰਸ਼ਨ ਕਰਾਂ। ਬ੍ਰੈਡਫੋਰਡ ਤੋਂ ਸ: ਜਗਦੀਸ਼ ਸਿੰਘ ਕੈਂਥ, ਕੁਵੈਂਟਰੀ ਤੋਂ ਸ: ਹਜ਼ੂਰਾ ਸਿੰਘ ਕੂਹੀ, ਸ: ਪਿਆਰਾ ਸਿੰਘ ਸੰਧੂ, ਗੁ: ਗੁਰੂ ਨਾਨਕ ਪ੍ਰਕਾਸ਼ ਦੇ ਪ੍ਰਧਾਨ ਸਾਹਿਬ, ਲੰਡਨ ਤੋਂ ਸ: ਹਰਵੰਤ ਸਿੰਘ, ਸ: ਜਗਦੀਪ ਸਿੰਘ ਮਾਨ, (ਕੁਛ ਦੇ ਨਾਮ ਭੁਲ ਗਿਆ ਹਾਂ) ਆਦਿ। ਇਹਨਾਂ ਸਾਰਿਆਂ ਸੱਜਣਾਂ ਨੇ ਯਾਦ ਕੀਤਾ, (ਮੈਂ ਸਭ ਦਾ ਧੰਨਵਾਦੀ ਹਾਂ) ਪਰ ਘਰ ਦੀ ਤਾਂਘ ਛੇਤੀ ਵਾਪਸ ਲੈ ਆਈ। ਅਸੀਂ ਦੋ ਅਕਤੂਬਰ ਸ਼ਾਮ ਨੂੰ ਲੰਡਨ ਤੋਂ ਚੱਲੇ, ਤੇ ਤਿੰਨ ਅਕਤੂਬਰ ਨੂੰ ਦਿੱਲੀ ਆ ਪੁੱਜੇ।

ਇਹਨਾਂ ਦੇ ਨਾਲ, ਮੈਂ ਆਪਣੇ ਬਰਖ਼ੁਰਦਾਰ ਸ: ਹਰਿੰਦਰ ਸਿੰਘ

'ਬਜਾਜ' ਦਾ ਵੀ ਧੰਨਵਾਦੀ ਹਾਂ, ਜਿੰਨ੍ਹਾ ਇਸ ਯਾਤਰਾ ਵਾਸਤੇ ਸਾਡੀ ਬੜੀ ਸਹਾਇਤਾ ਕੀਤੀ।

ਇਕ ਮਹੀਨਾਂ ਇਕੱਲਿਆਂ ਲੈਕਚਰ ਦੇਣ ਵਿਚ ਮੈਨੂੰ ਇਕ ਹੋਰ ਤਜਰਬਾ ਹੋਇਆ। ਧਰਮ ਤੇ ਇਤਿਹਾਸ ਨੂੰ ਮਿਲਾ ਕੇ ਪੇਸ਼ ਕਰਨ ਨਾਲ ਸਟੇਜ ਉਤੇ ਇਕ ਨਵਾਂ ਹੀ ਰੰਗ ਪੈਦਾ ਹੋ ਜਾਂਦਾ ਹੈ। ਨਹੀਂ ਤਾਂ (ਜੋ ਮੈਂ ਪੰਜਤਾਲੀ ਸਾਲਾ ਢਾਡੀ ਜੀਵਨ ਤੋਂ ਸਿੱਖਿਆ ਹੈ) ਬਹੁਤੇ ਕਥਾ ਵਾਚਕ ਜਾਂ ਪਰਚਾਰਕ ਇਤਿਹਾਸ ਤੋਂ ਜਾਣੂ ਨਹੀਂ ਹੁੰਦੇ। ਉਹ ਗੁਰਬਾਣੀ ਦੀ ਵਿਆਖਿਆ ਬਹੁਤ ਸੁੰਦਰ ਕਰਦੇ ਹਨ, ਪਰ ਜਦ ਕੋਈ ਇਤਿਹਾਸ ਦਾ ਹਵਾਲਾ ਦੇਂਦੇ ਹਨ, ਤਾਂ ਉਹ ਸਹੀ ਨਹੀਂ ਹੁੰਦਾ। ਦੂਸਰੇ ਪਾਸੇ ਇਤਿਹਾਸ ਦੀ ਵਿਆਖਿਆ ਕਰਨ ਵਾਲੇ, ਖ਼ਾਸ ਕਰ ਢਾਡੀ ਸਿੰਘ, ਗੁਰਬਾਣੀ ਤੋਂ ਅਣਜਾਣ ਹੁੰਦੇ ਹਨ। ਉਹ ਕਦੇ ਗੁਰਬਾਣੀ ਦਾ ਪਰਮਾਣ ਦੇਣ ਵੀ, ਤਾਂ ਸਹੀ ਨਹੀਂ ਹੁੰਦਾ। ਫਿਰ ਦਿਤੇ ਪਰਮਾਣ ਦਾ ਅਰਥ ਕਰਨ ਵਿਚ ਉਹ ਆਮ ਟਪਲਾ ਖਾ ਜਾਂਦੇ ਹਨ। ਜਿੰਨਾ ਚਿਰ ਵਕਤਾ ਗੁਰਬਾਣੀ ਦੀ ਵਿਆਕਰਣ ਤੋਂ ਜਾਣੂ ਨਾ ਹੋਵੇ, ਉਹ ਸਹੀ ਅਰਥਾਂ ਤਕ ਨਹੀਂ ਪਹੁੰਚ ਸਕਦਾ।

ਮੈਂ ਇਹਨਾਂ ਦੋਹਾਂ ਚੀਜ਼ਾਂ ਦਾ ਆਸਰਾ ਲੈ ਕੇ ਚਲਦਾ ਹਾਂ। ਸਿੱਖ ਇਤਿਹਾਸ ਮੇਰਾ ਜੀਵਨ ਭਰ ਵਾਸਤੇ ਅਪਣਾਇਆ ਹੋਇਆ ਮਜ਼ਮੂਨ ਹੈ। ਤੇ ਇਤਿਹਾਸ ਨੂੰ ਸਹੀ ਸਮਝਣ ਵਾਸਤੇ ਲੋੜ ਅਨੁਸਾਰ ਗੁਰਬਾਣੀ ਦਾ ਅਧਿਐਨ ਵੀ ਕੀਤਾ ਹੈ। ਸਟੇਜ ਉਤੇ ਮੈਂ ਨਾਲੋ ਨਾਲ ਦੋਹਾਂ ਪੱਖਾਂ ਨੂੰ ਮੁੱਖ ਰੱਖ ਕੇ ਚਲਦਾ ਸਾਂ। ਇਸ ਢੰਗ ਨੂੰ ਸੰਗਤਾਂ ਨੇ ਬਹੁਤ ਪਸੰਦ ਕੀਤਾ।

ਮੈਂ ਇਹ ਲੈਕਚਰਾਂ ਦੀ ਪੁਸਤਕ ਛਾਪਣ ਵਾਸਤੇ ਕਦੇ ਨਹੀਂ ਸੀ ਸੋਚਿਆ। ਇਹ ਸਭ ਸ: ਜੀਵਨ ਸਿੰਘ (ਮਾਲਕ ਲਾਹੌਰ ਬੁਕ ਸ਼ਾਪ, ਲੁਧਿਆਣਾ) ਦੀ ਪ੍ਰੇਰਨਾ ਹੈ। ਉਹਨਾਂ ਇਕ ਦਿਨ ਬੜੇ ਮਾਣ ਨਾਲ ਕਿਹਾ, "ਨਾ ਭਈ! ਇਹ ਵੀ ਗੁਰੂ ਮਹਾਰਾਜ ਦੀ ਬਖ਼ਸ਼ਸ਼ ਹੈ। ਜੋ ਤੂੰ ਇੰਗਲੈਂਡ ਵਿਚ ਲੈਕਚਰ ਦਿਤੇ ਸਨ, ਉਹ ਲਿਖ ਦੇਹ। ਇਹ ਵੀ ਪੰਥ ਦੀ ਸੇਵਾ ਹੈ।

ਤੇ ਮੈਂ ਛਾਪ ਦਿਆਂਗਾ।"

ਇਹ ਜ਼ਰੂਰੀ ਹੈ, ਕਿ ਸਿੱਖ ਸਟੇਜ ਉਤੇ ਲੈਕਚਰ ਦੇਣ ਵਾਲਿਆਂ ਤੇ ਲੈਕਚਰਾਂ ਬਾਰੇ ਵੀ ਮੈਂ ਕੁਛ ਸੰਖੇਪ ਜੇਹੀਆਂ ਬੇਨਤੀਆਂ ਕਰ ਦਿਆਂ। ਸੁਰਗਵਾਸੀ ਪ੍ਰਿੰਸੀਪਲ ਗੰਗਾ ਸਿੰਘ ਜੀ ਨੇ ਇਕ ਪੁਸਤਕ ਲਿਖੀ ਸੀ, "ਜਨਤਾ ਵਿਚ ਕਿਵੇਂ ਬੋਲੀਏ।" ਉਸ ਵਿਚ ਪੂਰਾ ਵਿਸਥਾਰ ਦਿਤਾ ਗਿਆ ਹੈ। (ਚੰਗਾ ਹੋਵੇ, ਜੇ ਨਵੇਂ ਲੈਕਚਰ ਸਿੱਖਣ ਵਾਲੇ ਸੱਜਣ ਉਹ ਪੜ੍ਹ ਲੈਣ) ਮੈਂ ਸਿਰਫ਼ ਇਸ਼ਾਰੇ ਮਾਤਰ ਕੁਛ ਸਤਰਾਂ ਲਿਖਦਾ ਹਾਂ।

੧. ਸਿੱਖ ਧਰਮ ਦੇ ਪਰਚਾਰਕ ਦਾ ਲਿਬਾਸ ਸਾਦਾ ਤੇ ਸਿੱਖਾਂ ਵਾਲਾ ਹੋਣਾ ਚਾਹੀਦਾ ਹੈ। ਪਹਿਰਾਵੇ ਵਿਚੋਂ ਭੜਕੀਲਾਪਨ, ਚੰਚਲਤਾ, ਜਾਂ 'ਵਿਖਾਵਾ' ਪਰਗਟ ਨਹੀਂ ਹੋਣਾ ਚਾਹੀਦਾ।

੨. ਸਿੱਖੀ ਸਰੂਪ ਹਰ ਪੱਖ ਤੋਂ ਕਾਇਮ ਹੋਣਾ ਚਾਹੀਦਾ ਹੈ, ਤਾ ਕਿ ਵੇਖਣ ਵਾਲੇ ਦੇ ਮਨ ਵਿਚ ਸ਼ਰਧਾ ਪੈਦਾ ਹੋਵੇ।

੩. ਪਰਚਾਰਕ ਪੰਜਾਂ ਕਕਾਰਾਂ ਦਾ ਧਾਰਨੀ ਤੇ ਬਾਣੀ ਦਾ ਨਿੱਤ-ਨੇਮੀ ਹੋਵੇ।

੪. ਤੁਸੀਂ ਘਰ ਵਿਚ ਹੋਵੋ, ਸਟੇਜ ਉਤੇ, ਜਾਂ ਮਿੱਤਰਾਂ ਦੀ ਬੈਠਕ ਵਿਚ, ਇਹ ਕਦੇ ਨਾ ਭੁੱਲੋ, ਕਿ ਤੁਸੀਂ ਧਰਮ ਦੇ ਪਰਚਾਰਕ ਹੋ।

੫. ਤੁਹਾਡੀ ਬੋਲੀ ਮਿੱਠੀ, ਤੇ ਸਾਊਆਂ ਵਾਲੀ ਹੋਵੇ। ਬੇਲੋੜੇ ਹਾਸੇ-ਠੱਠੇ ਦਾ ਵਿਖਾਵਾ ਕਦੇ ਨਾ ਕਰੋ। ਅਜੇਹੀ ਗੱਲ ਮੂੰਹੋਂ ਕਦੇ ਨਾ ਕੱਢੋ, ਜਿਸ ਨਾਲ ਤੁਹਾਡੀ ਕੀਮਤ ਘਟੇ।

੬. ਸਟੇਜ ਉਤੇ ਓਨੀ ਗੱਲ ਕਰੋ, ਓਹਾ ਦਲੀਲ ਜਾਂ ਪਰਮਾਣ ਦਿਹੋ, ਜਿਸ ਦਾ ਤੁਹਾਨੂੰ ਪੂਰਾ ਗਿਆਨ ਹੋਵੇ।

੭. ਕਿਸੇ ਮੂੰਹੋਂ ਸੁਣੀ ਸੁਣਾਈ ਗੱਲ ਦਾ ਪਰਮਾਣ ਨਾ ਦਿਹੋ, ਜੇ ਉਹ ਝੂਠਾ ਹੋਇਆ, ਤਾਂ ਤੁਸੀਂ ਵੀ ਝੂਠੇ ਹੋ ਜਾਵੋਗੇ। ਸੱਚ ਭਾਲਣ ਵਾਸਤੇ ਪਰਮਾਣੀਕ ਪੁਸਤਕਾਂ ਪੜ੍ਹੋ।

੮. ਗੁਰਬਾਣੀ ਤੇ ਸਿੱਖ ਇਤਿਹਾਸ—ਦੋਹਾਂ—ਦਾ ਅਧੈਨ ਕਰੋ।

ਇਕ ਪੱਖਾ ਗਿਆਨ ਸਦਾ ਅਧੂਰਾ ਹੁੰਦਾ ਹੈ।

੯. ਹੋ ਸੱਕੇ, ਤਾਂ ਬਾਕੀ ਦੇਸਾਂ ਤੇ ਮਜ਼ਬਾਂ ਦਾ ਇਤਿਹਾਸ ਵੀ ਜ਼ਰੂਰ ਪੜ੍ਹੋ। ਤੁਹਾਡੀ ਵਿੱਦਵਤਾ ਵਿਚ ਵਾਧਾ ਕਰੇਗਾ।

੧੦. ਹਿੰਦੂ ਧਰਮ, ਇਸਲਾਮ ਤੇ ਈਸਾਈ ਮੱਤ ਦੇ ਧਾਰਮਕ ਗ੍ਰੰਥਾਂ ਦਾ ਵੀ ਕੁਛ ਗਿਆਨ ਪ੍ਰਾਪਤ ਕਰ ਸੱਕੋ, ਤਾਂ ਤੁਹਾਨੂੰ ਇਹ ਸਮਝਣ ਵਿਚ ਸਹਾਇਤਾ ਮਿਲੇਗੀ, ਕਿ ਗੁਰੂ ਨਾਨਕ ਦਾ ਧਰਮ ਕਿੰਨਾ ਉਚੇਰਾ ਹੈ।

੧੧. ਸਟੇਜ ਉਤੇ ਕਿਸੇ ਵੀ ਸੱਜਣ ਦਾ ਬੇਲੋੜਾ ਵਿਰੋਧ ਨਾ ਕਰੋ। ਕਿਸੇ ਦੀ ਦਲੀਲ ਦਾ ਖੰਡਨ ਕਰਨਾ ਜ਼ਰੂਰੀ ਹੋ ਜਾਏ, ਤਾਂ ਨਰਮ ਤੋਂ ਨਰਮ ਬੋਲੀ ਵਰਤੋ।

੧੨. ਸਟੇਜ ਉਤੇ ਸੌਖੀ ਤੋਂ ਸੌਖੀ ਬੋਲੀ ਵਰਤੋ, ਜੋ ਸਭ ਦੀ ਸਮਝ ਵਿਚ ਆ ਜਾਵੇ।

੧੩. ਹਰ ਸ਼ਬਦ ਮੂੰਹੋਂ ਸੋਚ ਸਮਝ ਕੇ ਕਢੋ। ਜ਼ਬਾਨੋਂ ਨਿਕਲੇ ਸ਼ਬਦਾਂ ਦਾ ਅਰਥ ਵਿਰੋਧੀ ਆਪਣੀ ਮਰਜ਼ੀ ਨਾਲ ਕਰੇਗਾ।

੧੪. ਜਿੰਨੇ ਦਾ ਪੂਰਾ ਗਿਆਨ ਹੈ, ਸਿਰਫ਼ ਓਨਾ ਕਹੋ, ਤੇ ਉਹ ਕਹਿੰਦਿਆਂ ਝਿਜਕੋ ਨਾ। ਤੁਹਾਡੇ ਸਾਮ੍ਹਣੇ ਬੈਠੇ ਤੁਹਾਡੇ ਨਾਲੋਂ ਸਿਆਣੇ ਨਹੀਂ। ਪਰ ਉਹਨਾਂ ਨੂੰ ਆਪਣੇ ਨਾਲੋਂ ਅਣਜਾਣ ਵੀ ਨਾ ਸਮਝੋ। ਹਰ ਆਦਮੀ ਕੁਛ ਨਾ ਕੁਛ ਜਾਣਦਾ ਹੈ, ਪਰ ਸਭ ਕੁਛ ਕੋਈ ਵੀ ਨਹੀਂ ਜਾਣਦਾ।

੧੫. ਜਿੰਨ੍ਹਾਂ ਚੰਗਿਆਈਆਂ ਦਾ ਤੁਸੀਂ ਪਰਚਾਰ ਕਰਦੇ ਹੋ, ਉਹਨਾਂ ਨੂੰ ਆਪਣੇ ਜੀਵਨ ਵਿਚ ਧਾਰਨ ਕਰੋ।

੧੬. ਇਸ ਲਈ ਖ਼ੁਸ਼ਾਮਦ ਨਾ ਕਰੋ, ਕਿ ਕੋਈ ਤੁਹਾਡਾ ਆਦਰ ਸਤਕਾਰ ਜਾਂ ਵਡਿਆਈ ਕਰੇ। ਤੁਸੀਂ ਆਪਣੇ ਅੰਦਰ ਗੁਣ ਪੈਦਾ ਕਰੋ, ਸਤਕਾਰ ਕਰਨ ਵਾਲੇ ਆਪੇ ਤੁਹਾਨੂੰ ਭਾਲ ਲੈਣਗੇ।

੧੭. ਧਰਮ ਦਾ ਧੁਰਾ ਈਸ਼ਵਰ ਹੈ। ਉਸ ਉਤੇ ਭਰੋਸਾ ਰੱਖੋ। ਉਹ ਹਰ ਵੇਲੇ ਅੰਗ ਸੰਗ ਹੈ।

੧੮. ਨਾ ਮੂੰਹੋਂ ਝੂਠ ਕਹੋ, ਨਾ ਕਿਸੇ ਦੀ ਝੂਠੀ ਵਡਿਆਈ ਕਰੋ, ਨਾ ਝੂਠੀ ਵਡਿਆਈ ਦੀ ਆਸ ਰਖੋ।

੧੯. ਤੁਹਾਡੇ ਗੁਣਾਂ ਤੇ ਔਗੁਣਾਂ ਤੋਂ ਤੁਹਾਡਾ ਹਰ ਮਿੱਤਰ ਤੇ ਵਿਰੋਧੀ ਜਾਣੂ ਹੈ। ਉਹਨਾਂ ਨੂੰ ਛੁਪਾਉਣ ਦਾ ਯਤਨ ਕਰ ਕੇ ਆਪਣੇ ਆਪ ਨੂੰ ਧੋਖੇ ਵਿਚ ਨਾ ਰੱਖੋ।

੨੦. ਆਖ਼ਰੀ ਗੱਲ, ਨਿਰੇ ਕਥਨੀ ਦੇ ਧਨੀ ਨਹੀਂ, ਕਰਨੀ ਦੇ ਧਨੀ ਬਣਨ ਦਾ ਯਤਨ ਕਰੋ।

ਹੁਣ ਲੈਕਚਰਾਂ ਬਾਰੇ ਦੋ ਸਤਰਾਂ। ਸਟੇਜ ਉਤੇ ਬੋਲਣਾ ਤੇ ਲਿਖਣਾ, ਦੋਵੇਂ ਸੁਤੰਤਰ ਹੁਨਰ ਹਨ, ਆਪਣੇ ਆਪ ਵਿਚ ਪੂਰਨ। ਦੋਹਾਂ ਦਾ ਸੁਮੇਲ ਤਾਂ ਹੋ ਸਕਦਾ ਹੈ, ਪਰ ਇਕ ਦੂਸਰੇ ਦੀ ਥਾਂ ਨਹੀਂ ਲੈ ਸਕਦਾ। ਮਿਸਾਲ ਵਜੋਂ, ਇਕ ਚੰਗੇ ਤੋਂ ਚੰਗਾ ਪਰਚਾਰਕ ਜੋ ਕੁਛ ਸਟੇਜ ਉਤੇ ਬੋਲ ਕੇ ਸਰੋਤਿਆਂ ਨੂੰ ਪ੍ਰਭਾਵਤ ਕਰ ਸਕਦਾ ਹੈ,ਉਹਦਾ ਲੈਕਚਰ (ਟੇਪ ਰੀਕਾਰਡਰ ਉਤੇ ਰੀਕਾਰਡ ਕਰ ਕੇ) ਹੂ-ਬ-ਹੂ ਅੱਖਰ ਅੱਖਰ ਛਾਪ ਦਿਹੋ, ਤਾਂ ਉਹ ਪਾਠਕ ਨੂੰ ਸੰਤੁਸ਼ਟ ਨਹੀਂ ਕਰ ਸਕੇਗਾ। ਕਾਰਨ : ਪਰਚਾਰਕ ਕਈ ਵਾਰ ਇਕੋ ਪੰਗਤੀ ਜਾਂ ਸ਼ੇਅਰ ਦੋ-ਦੋ, ਚਾਰ-ਚਾਰ ਵਾਰ ਦੁਹਰਾਉਂਦਾ ਹੈ, ਕਈ ਵਾਰ ਉਹ ਆਪਣੇ ਕੁਛ ਖ਼ਾਸ ਵਾਕ ਵੀ ਸਰੋਤੇ ਨੂੰ ਦ੍ਰਿੜ੍ਹ ਕਰਾਉਣ ਵਾਸਤੇ ਦੁਹਰਾਉਂਦਾ ਹੈ। ਇਸ ਤਰ੍ਹਾਂ ਸਰੋਤੇ ਦੇ ਸੁਆਦ ਵਿਚ ਵਾਧਾ ਕਰਦਾ ਹੈ। ਪਰ ਕਤਾਬੀ ਰੂਪ ਵਿਚ ਕਿਸੇ ਵਾਕ ਜਾਂ ਤੁਕ ਨੂੰ ਵਾਰ ਵਾਰ ਲਿਖਣ ਨਾਲ ਪਾਠਕ ਦਾ ਮਨ ਉਕਤਾ ਜਾਵੇਗਾ, ਰਸ ਵਿਚ ਵਿੱਕ ਪੈ ਜਾਵੇਗਾ।

ਥੋੜੇ ਸ਼ਬਦਾਂ ਵਿਚ, ਲੇਖਕ ਸੰਖੇਪ ਲਿਖਦਾ ਹੈ, ਪਰਚਾਰਕ ਉਸ ਦਾ ਵਿਸਥਾਰ ਕਰਦਾ ਹੈ। ਦੋਹਾਂ ਹੁਨਰਾਂ ਦਾ ਆਪਣਾ ਆਪਣਾ ਥਾਂ ਹੈ। ਮੈਂ ਇਹ ਲੈਕਚਰ ਲਿਖਣ ਲੱਗਿਆਂ ਵਿਚਕਾਰਲਾ ਰਾਹ ਅਖ਼ਤਿਆਰ ਕੀਤਾ ਹੈ। ਅੱਗੇ ਪਰਚਾਰਕ ਦੀ ਆਪਣੀ ਸਮਝ ਤੇ ਤਜਰਬੇ ਉਤੇ ਨਿਰਭਰ ਹੈ। ਜਿੱਥੇ ਲੋੜ ਪਵੇ, ਮੇਰੇ ਲਿਖੇ ਵਿਚੋਂ ਕੁਛ ਛੱਡ ਸਕਦੇ ਹੋ, ਤੇ ਜਿੱਥੇ ਜ਼ਰੂਰਤ ਸਮਝੋ, ਕੁਛ ਵਧਾ ਵੀ ਸਕਦੇ ਹੋ। ਖ਼ਾਸ ਕਰ ਗੁਰਬਾਣੀ ਦੀਆਂ

ਤੁਕਾਂ ਦੇ ਅਰਥ ਕਰਨ ਲਗਿਆਂ ਉਹਨਾਂ ਦਾ ਵਿਸਥਾਰ ਕੀਤਾ ਜਾ ਸਕਦਾ ਹੈ। ਜਾਂ ਵਿਚ ਆਏ ਪਰਮਾਣਾਂ ਦੀ ਪੁਸ਼ਟੀ ਵਾਸਤੇ ਹੋਰ ਢੁਕਵੇਂ ਪਰਮਾਣ ਦਿਤੇ ਜਾ ਸਕਦੇ ਹਨ। ਇਹ ਤਾਂ ਸਿਰਫ਼ ਰਾਹ ਵਿਖਾਉਣ ਵਾਲੀ ਗੱਲ ਹੈ, ਪਰਚਾਰਕ ਤਾਂ ਮਿਹਨਤ ਤੇ ਅਭਿਆਸ ਨਾਲ ਬਣਦਾ ਹੈ।

ਇਕ ਦੋ ਗੱਲਾਂ ਹੋਰ ਲਿਖਦਾ ਹਾਂ।

ਮੈਂ ੧੯੩੫ ਈ: ਵਿਚ ਢਾਡੀ ਜਥੇ ਦਾ ਕੰਮ ਸ਼ੁਰੂ ਕੀਤਾ। ਵਾਰਾਂ ਦੇ ਨਾਲ ਵਿਆਖਿਆ ਕਰਨ ਦਾ ਮੈਂ ਬਿਲਕੁਲ ਨਵਾਂ ਢੰਗ ਅਪਣਾਇਆ। ਸਰੋਤਿਆਂ ਨੂੰ ਉਹ ਬਹੁਤ ਪਸੰਦ ਆਇਆ। ਸਿੱਟੇ ਵਜੋਂ ਦੋ-ਕੁ ਸਾਲ ਵਿਚ ਹੀ ਮੇਰਾ ਜਥਾ ਵਾਹਵਾ ਪਰਸਿਧ ਹੋ ਗਿਆ। ਸੱਚੀ ਗੱਲ ਏ, ਇਸਦਾ ਮੇਰੇ ਮਨ ਵਿਚ ਕੁਛ ਹੰਕਾਰ ਵੀ ਹੋ ਗਿਆ। ਇਕ ਮਿਸਾਲ ਦੇਂਦਾ ਹਾਂ। ਰਾਮ ਥੰਮ੍ਹਣ ਵਿਸਾਖੀ ਦੇ ਮੇੱਲੇ ਸਮੇਂ ਧਾਰਮਕ ਦੀਵਾਨ ਵੀ ਸਜਿਆ ਕਰਦਾ ਸੀ, ਜਿਸਦੇ ਮੁਖੀ ਪਰਬੰਧਕ ਸ. ਬਹਾਲ ਸਿੰਘ ਜ਼ੈਲਦਾਰ ਰਾਜਾ ਜੰਗ ਵਾਲੇ ਹੁੰਦੇ ਸਨ। ਇਕ ਵਿਸਾਖੀ ਦੀ ਗੱਲ ਹੈ, ਪਹਿਲਾਂ ਰਾਗੀ ਸਿੰਘਾਂ ਕੀਰਤਨ ਕੀਤਾ, ਉਸ ਤੋਂ ਪਿੱਛੋਂ ਮੇਰੇ ਜਥੇ ਦੀ ਵਾਰੀ ਸੀ। ਸਾਥੋਂ ਪਿੱਛੋਂ ਇਕ ਹੋਰ ਢਾਡੀ ਜਥੇ ਨੇ ਕੀਰਤਨ ਕੀਤਾ, ਜਿਸਨੇ ਆਰੰਭ ਵਿਚ ਗੁਰਬਾਣੀ ਦਾ ਸ਼ਬਦ ਗਾਇਆ, ਜਿਸਦੀ ਉਸਨੇ ਇਕ ਤੁਕ ਵੀ ਸ਼ੁੱਧ ਨਾ ਪੜ੍ਹੀ। ਉਸ ਤੋਂ ਪਿੱਛੋਂ ਬਾਬਾ ਫ਼ਤਹਿ ਸਿੰਘ ਮਾਂਗਾ' ਦੀ ਵਾਰੀ ਸੀ। ਆਪ ਗੁਰਬਾਣੀ ਦੇ ਮਹਾਨ ਵਿੱਦਵਾਨ ਸਨ। ਸ਼ੁਰੂ ਕਰਦਿਆਂ ਹੀ ਉਹਨਾਂ ਢਾਡੀਆਂ ਦਾ ਬੜਾ ਮਜ਼ਾਕ ਉਡਾਇਆ। ਅਖੇ : "ਅੱਠਾਂ-ਅੱਠਾਂ ਆਨਿਆਂ ਦੀਆਂ ਢੱਡਾਂ ਖ਼ਰੀਦ ਲੈਣੀਆਂ, ਸਾਰੰਗੀ ਲਾ ਲੈਣੀ ਮੋਢੇ ਨਾਲ, ਤੇ ਚੁੱਕ ਸੁਰਾਂ ਲੈਣੀਆਂ। ਅੱਨ੍ਹੇਵਾਹ, ਉ ਦਿਲਬਰਾ ਵਾਸਤਾ ਈ।"

ਮੈਨੂੰ ਸੁਣ ਕੇ ਬੜਾ ਗੁੱਸਾ ਆਇਆ, ਪਰ ਗੁੱਸਾ ਕਢਣ ਦਾ ਸਮਾਂ ਨਾ ਮਿਲਿਆ, ਕਿਉਂਕਿ ਮੈਂ ਪਹਿਲਾਂ ਕੀਰਤਨ ਕਰ ਹਟਿਆ ਸਾਂ। ਸਾਰਾ ਦਿਨ ਮੈਂ ਏਹਾ ਸੋਚੀ ਗਿਆ, ਇਸ ਬੁੱਢੇ ਬਾਬੇ ਨੇ ਕੀਤਾ ਕੀ। ਗੁਰਮੁਖੀ ਤੋਂ ਬਿਨਾਂ ਇਹਨੂੰ ਹੋਰ ਆਉਂਦਾ ਕੀ ਏ। ਤੇ ਮੈਂ ? ਪੰਜਾਬੀ, ਉਰਦੂ,

ਹਿੰਦੀ, ਅੰਗਰੇਜ਼ੀ, ਚਾਰ ਜ਼ਬਾਨਾਂ ਪੜ੍ਹ ਸਕਦਾ ਹਾਂ। ਤੇ ਏਸ ਘੜੇ ਜਿੱਡਾ ਊੜਾ ਪਾਉਣ ਵਾਲੇ ਨੇ ਸਾਰੇ ਢਾਡੀਆਂ ਦੀ ਵੱਢ ਦਿਤੀ ?

ਪਰ ਦੋ ਚਾਰ ਦਿਨ ਪਿਛੋਂ ਜਾਂ ਮੈਂ ਠੰਢੇ ਦਿਲ ਨਾਲ ਸੋਚਿਆ, ਤਾਂ ਬਾਬਾ ਫ਼ਤਹਿ ਸਿੰਘ ਦੀ ਲਾਈ ਚੋਟ ਮੇਰੇ ਕੰਮ ਆ ਗਈ। (ਪਿੱਛੋਂ ਬਾਬਾ ਫ਼ਤਹਿ ਸਿੰਘ ਨਾਲ ਮੇਰੀ ਬੜੀ ਦੋਸਤੀ ਰਹੀ।) ਗੁਰੂ ਦੀ ਕਿਰਪਾ ਨਾਲ ਮੈਂ—ਜਿੰਨੀ ਹੋ ਸਕੀ—ਈਮਾਨਦਾਰੀ ਨਾਲ ਮਿਹਨਤ ਕੀਤੀ।

ਇਹ ਗੱਲ ਮੈਂ ਆਪਣੇ ਪਾਠਕਾਂ ਨਾਲ ਇਸ ਵਾਸਤੇ ਸਾਂਝੀ ਕੀਤੀ ਹੈ, ਕਿ ਜਦੋਂ ਮੈਂ ਐਵੇਂ ਨਾਂ-ਮਾਤਰ ਜਾਣਦਾ ਸਾਂ, ਓਦੋਂ ਸਮਝਦਾ ਸਾਂ, ਕਿ ਮੈਂ ਬਹੁਤ ਕੁਛ ਜਾਣਦਾ ਹਾਂ। ਤੇ ਉਮਰ ਭਰ ਦੀ ਮਿਹਨਤ ਪਿਛੋਂ ਅੱਜ ਮੈਂ ਇਸ ਨਤੀਜੇ 'ਤੇ ਪੁੱਜਾ ਹਾਂ, ਕਿ ਮੈਂ ਅਜੇ ਬਹੁਤ ਥੋੜਾ ਜਾਣ ਸਕਿਆ ਹਾਂ।

'ਇਤਨਾ ਹੀ ਜਾਨਾ, ਕਿ ਕੁਛ ਨਾ ਜਾਨਾ, ਹਾਏ
ਸੋ ਭੀ ਹੂਆ ਇਕ ਉਮਰ ਕੇ ਬਾਅਦ ਮਾਲੂਮ।'

ਸੋ, ਕੋਈ ਕਿੰਨਾ ਵੀ ਵਿੱਦਵਾਨ ਹੋਵੇ, ਉਸਨੂੰ ਹਉਮੈਂ ਨਹੀਂ ਕਰਨੀ ਚਾਹੀਦੀ, ਕਿਉਂਕਿ 'ਗਿਆਨ' ਇਕ ਅਥਾਹ ਸਮੁੰਦਰ ਹੈ।

ਹਰ ਹਾਲ, ਇਹ ਕਿੱਤਾ ਮਾੜਾ ਨਹੀਂ, ਪੁੰਨ ਤੇ ਫਲੀਆਂ ਵਾਲਾ ਹੈ। ਸੱਚ ਪੁੱਛੋ, ਤਾਂ ਕਿੱਤਾ (ਹੁਨਰ) ਕੋਈ ਵੀ ਮਾੜਾ ਨਹੀਂ, ਕਿੱਤਾਕਾਰ ਹੀ ਚੰਗਾ ਜਾਂ ਮਾੜਾ ਹੁੰਦਾ ਹੈ। ਘਾਲਣਾ ਘਾਲੋ, ਸਫਲਤਾ ਜ਼ਰੂਰ ਮਿਲੇਗੀ।

ਵਾਹਿਗੁਰੂ ਜੀ ਕਾ ਖ਼ਾਲਸਾ
ਵਾਹਿਗੁਰ ਜੀ ਕੀ ਫ਼ਤਹਿ

੧—੧੨—੭੯

ਸਭ ਤੇ ਵਡਾ ਸਤਿਗੁਰੁ ਨਾਨਕੁ

ਸਾਧ ਸੰਗਤ ! ਈਸ਼ਵਰ ਨੇ ਇਸ ਧਰਤੀ ਨੂੰ ਸੁਰਗ ਬਣਾਇਆ ਸੀ। ਪਰ ਇਨਸਾਨ ਨੇ ਆਪਣੀਆਂ ਲੋੜਾਂ ਤੇ ਗ਼ਰਜ਼ਾਂ ਖ਼ਾਤਰ ਇਸ ਨੂੰ ਨਰਕ ਬਣਾ ਦਿਤਾ ਹੈ। ਅਸਲ ਵਿਚ ਮਨੁੱਖ ਦੀਆਂ ਲੋੜਾਂ ਹੀ ਸੰਸਾਰ ਦੀਆਂ ਲੋੜਾਂ ਹਨ। ਮਨੁੱਖ ਦਾ ਦੁਖ ਸੁਖ ਹੀ ਸੰਸਾਰ ਦਾ ਦੁਖ ਸੁਖ ਹੈ। ਮਨੁੱਖ ਦਾ ਮਸਲਾ ਹੀ ਸੰਸਾਰ ਦਾ ਮਸਲਾ ਹੈ। ਇਸ ਮਸਲੇ ਨੂੰ ਸੁਲਝਾਉਣਾ ਤੇ ਸੁਖ ਦਾ ਰਾਹ ਲਭਣਾ ਹੀ ਮਨੁੱਖਾ-ਜੀਵਨ ਦਾ ਅਸਲੀ ਮਨੋਰਥ ਹੈ।

ਮਨੁੱਖ ਦਾ ਪਹਿਲਾ ਜੀਵਨ ਬੜਾ ਸਰਲ ਸੀ, ਬਾਕੀ ਜੀਵਾਂ ਨਾਲੋਂ ਕੁਛ ਹੀ ਉਚੇਰਾ। ਮਗਰ ਮਨੁੱਖ ਸਾਰੇ ਜਾਨਦਾਰਾਂ ਵਿਚੋਂ ਤੇਜ਼ ਬੁੱਧੀ ਦਾ ਮਾਲਕ ਹੈ। ਸੋ ਆਪਣੀ ਅਕਲ ਦੇ ਤਾਣ ਇਸ ਨੇ ਸਹਿਜ ਸਹਿਜ ਸਾਰੇ ਜੀਵਾਂ ਉਤੇ ਆਪਣੀ ਸਰਦਾਰੀ ਕਾਇਮ ਕਰ ਲਈ, ਜਾਂ ਦੂਸਰੇ ਸ਼ਬਦਾਂ ਵਿਚ, ਇਨਸਾਨ ਨੂੰ ਭਗਵਾਨ ਨੇ ਸਾਰੇ ਸੰਸਾਰ ਦਾ ਸਰਦਾਰ ਥਾਪ ਦਿਤਾ। ਗੁਰੂ ਅਰਜਨ ਦੇਵ ਜੀ ਫ਼ਰਮਾਉਂਦੇ ਹਨ :

"ਅਵਰ ਜੋਨਿ ਤੇਰੀ ਪਨਿਹਾਰੀ।
ਇਸੁ ਧਰਤੀ ਮਹਿ ਤੇਰੀ ਸਿਕਦਾਰੀ।"

ਇਕ ਥਾਂ ਹਜ਼ੂਰ ਹੋਰ ਫ਼ੁਰਮਾਉਂਦੇ ਹਨ :

"ਲਖ ਚਉਰਾਸੀਹ ਜੋਨਿ ਸਬਾਈ।
ਮਾਣਸ ਕਉ ਪ੍ਰਭਿ ਦੀਈ ਵਡਿਆਈ।"

ਏਸੇ ਵਿਚਾਰ ਨੂੰ ਭਾਈ ਗੁਰਦਾਸ ਜੀ ਆਪਣ ਸ਼ਬਦਾਂ ਵਿਚ ਕਹਿੰਦੇ ਹਨ :

"ਚੋਰਾਸੀ ਲੱਖ ਜੋਨਿ ਵਿਚ,
ਉਤਮ ਜਨਮ ਸੁ ਮਾਣਸ ਦੇਹੀ।"

ਰਚਨਹਾਰ ਨੇ ਤਾਂ ਇਨਸਾਨ ਨੂੰ ਵਡਿਆਈ ਬਖ਼ਸ਼ ਦਿਤੀ। ਉਸ ਬਖ਼ਸ਼ਸ਼ ਦੀ ਸਹੂਲਤ ਨਾਲ ਇਸ ਨੇ ਬਾਕੀ ਸਾਰੇ ਜੀਵਾਂ ਉਤੇ ਆਪਣੀ ਸਰਦਾਰੀ ਕਾਇਮ ਕਰ ਲਈ। ਪਰ ਇਹਦੇ ਆਪਣੇ ਮਸਲੇ ਓਵੇਂ ਦੇ ਓਵੇਂ ਉਲਝੇ ਹੀ ਰਹੇ। ਸਗੋਂ ਜਿਉਂ ਜਿਉਂ ਮਨੁੱਖ ਜਾਤੀ ਤਰਕੀ ਕਰਦੀ ਗਈ, ਇਸ ਦੇ ਮਸਲੇ ਵਧੇਰੇ ਗੁੰਝਲਦਾਰ ਬਣਦੇ ਗਏ।

ਉਨਤੀ ਕਰਦਾ ਕਰਦਾ ਮਨੁੱਖ ਅਜੇਹੇ ਪੜਾਂ 'ਤੇ ਪੁੱਜ ਗਿਆ, ਕਿ ਇਸ ਨੂੰ ਅਮਨ ਦਾ ਜੀਵਨ ਬਿਤਾਉਣ ਵਾਸਤੇ ਕੁਛ ਨਿਯਮ ਘੜਨ ਦੀ ਲੋੜ ਭਾਸਣ ਲੱਗ ਪਈ। ਸਮੇਂ ਸਮੇਂ ਸਿਰ ਮਨੁੱਖ ਜਾਤੀ ਦੀ ਲੋੜ ਅਨੁਸਾਰ ਬੁੱਧੀਵਾਨ ਪੁਰਸ਼ ਕੁਛ ਨਿਯਮ ਬਣਾਉਂਦੇ ਰਹੇ। ਪਿਆਰ ਨਾਲ ਜਾਂ ਕੁਛ ਸਮਾਜਕ ਦਬਾਉ ਨਾਲ ਉਹਨਾਂ ਨਿਯਮਾਂ 'ਉਤੇ ਅਮਲ ਕਰਾਉਣ ਦਾ ਯਤਨ ਵੀ ਕੀਤਾ ਜਾਂਦਾ ਰਿਹਾ।

ਸੰਸਾਰ ਦਾ ਪਸਾਰਾ ਬਹੁਤ ਵਧ ਗਿਆ, ਤਾਂ ਇਹਨਾਂ ਨਿਯਮਾਂ ਨੂੰ ਅੱਗੇ ਤਿੰਨਾਂ ਭਾਗਾਂ ਵਿਚ ਵੰਡ ਦਿਤਾ ਗਿਆ। ਇਸ ਤਰ੍ਹਾਂ ਜੀਵਨ-ਜਾਚ ਦੀਆਂ ਤਿੰਨ ਸ਼ਾਖਾਂ ਹੋ ਗਈਆਂ : ਸਮਾਜ, ਧਰਮ ਤੇ ਰਾਜ ਬਣਤਰ। ਪਰ ਇਹ ਆਪਸ ਵਿਚ ਏਨੀਆਂ ਸੰਬੰਧਤ ਰਹੀਆਂ, ਕਿ ਇਹਨਾਂ ਨੂੰ ਇਕ ਦੂਸਰੀ ਨਾਲੋਂ ਨਿਖੇੜਨਾ ਅਸੰਭਵ ਹੀ ਰਿਹਾ। ਵੱਡਾ ਕਾਰਨ, ਕਿ ਇਹ ਤਿੰਨੇ ਧਾਰਨਾਵਾਂ ਇਕੋ ਮਨੁੱਖ ਦੀ ਲੋੜ-ਪੂਰਤੀ ਵਾਸਤੇ ਸਨ।

ਇਹ ਨਿਯਮ ਘੜਨ ਵਾਲਿਆਂ ਨੇ ਕੁਛ ਕਰੜਾਈ ਤੋਂ ਕੰਮ ਲੈਣਾ ਸ਼ੁਰੂ ਕਰ ਦਿਤਾ। ਨਿਯਮਾਂ ਦੀ ਪਾਲਣਾ ਕਰਨ ਵਾਲਿਆਂ ਵਾਸਤੇ ਕੁਛ ਸਹੂਲਤਾਂ, ਤੇ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਵਾਸਤੇ ਸਜ਼ਾਵਾਂ ਨੀਯਤ ਕਰ ਦਿਤੀਆਂ। ਏਹਾ 'ਸਹੂਲਤਾਂ' ਤੇ 'ਸਜ਼ਾਵਾਂ' ਦੀ ਵਰਤੋਂ ਹੀ

ਪਿਛੋਂ 'ਸੁਰਗ' ਤੇ 'ਨਰਕ' ਦੀ ਕਲਪਨਾ ਦਾ ਕਾਰਨ ਬਣੀ।

ਸਮੇਂ ਦੇ ਨਾਲ ਨਾਲ ਸਮਾਜ ਤੇ ਰਾਜ-ਬਣਤਰ ਦੇ ਨਿਯਮ ਤਾਂ ਬਦਲਦੇ ਰਹੇ, ਪਰ ਧਰਮ ਦੇ ਅਸੂਲ ਕਰੜੇ ਹੁੰਦੇ ਗਏ। ਧਾਰਮਕ ਆਗੂਆਂ ਨੇ ਆਪਣੀ ਨਿਯਮਾਵਲੀ ਦੇ ਉਦਾਲੇ ਲਕੀਰ ਮਾਰਨੀ ਸ਼ੁਰੂ ਕਰ ਦਿਤੀ, ਤੇ ਅਖ਼ੀਰ ਤੇ ਕਹਿ ਦਿਤਾ, 'ਬੱਸ, ਇਸ ਤੋਂ ਅੱਗੇ ਕੁਛ ਨਹੀਂ।' ਇਸਤਰ੍ਹਾਂ ਧਰਮ ਵਿਚ ਕੁਛ ਕੱਟੜਪੁਣਾ ਆਉਣਾ ਸ਼ੁਰੂ ਹੋ ਗਿਆ। ਸਿੱਟਾ ਇਹ ਨਿਕਲਿਆ, ਕਿ ਹਰ ਮੱਤ ਆਪਣੇ ਆਪਣੇ ਸਥਾਨ 'ਤੇ ਖਲੋ ਗਿਆ।

ਪਰ ਮਨੁੱਖ ਤਾਂ ਉੱਨਤੀ-ਸ਼ੀਲ ਹੈ। ਇਸ ਨੇ ਤਾਂ ਇਕ ਥਾਂ ਨਹੀਂ ਖਲੋਣਾ। ਮਨੁੱਖ ਉੱਨਤੀ ਕਰਦਾ ਕਰਦਾ ਅੱਗੇ ਨਿਕਲ ਗਿਆ, ਤਾਂ ਧਰਮ ਉਸ ਤੋਂ ਪਿੱਛੇ ਰਹਿ ਗਿਆ। ਪੁਰਾਣੇ ਧਰਮ ਨਵੇਂ ਮਨੁੱਖ ਦੀ ਲੋੜ ਪੂਰੀ ਕਰਨ ਦੇ ਸਮਰਥ ਨਾ ਰਹੇ। ਇਸ ਵਾਸਤੇ ਨਵੇਂ ਮਨੁੱਖ ਨੂੰ ਨਵੇਂ ਧਰਮ ਦੀ ਲੋੜ ਪੈ ਜਾਂਦੀ ਰਹੀ।

ਇਕ ਵਾਰ ਇਕ ਸੱਜਣ ਨੇ 'ਧਰਮਾਂ' ਦਾ ਵਿਰੋਧ ਕਰਦਿਆਂ ਕਿਹਾ ਸੀ, 'ਜੇ ਸਾਰੇ ਸੰਸਾਰ ਵਿਚ ਇਕੋ ਧਰਮ ਹੁੰਦਾ, ਤਾਂ ਫਿਰ ਕਿਆ ਚੰਗਾ ਸੀ।' ਪਰ ਇਹ ਗੱਲ ਅਨਹੋਣੀ ਹੈ। ਇਕੋ ਧਰਮ ਕੇਵਲ ਜਾਨਵਰਾਂ ਦਾ ਹੋ ਸਕਦਾ ਹੈ, ਮਨੁੱਖਾਂ ਦਾ ਨਹੀਂ।

ਭਾਰਤ ਦੀ ਪੁਰਾਤਨ ਵਿਚਾਰਧਾਰਾ ਅਨੁਸਾਰ ਸ੍ਰਿਸ਼ਟੀ ਦੀ ਉਤਪਤੀ ਦੇ ਆਰੰਭ ਵਿਚ ਇਕ ਸੀ ਸ਼ਿਵਜੀ ਤੇ ਇਕ ਉਸ ਦਾ ਸਾਥੀ 'ਨਾਦੀਆ' (ਬਲਦ), ਜਿਸ 'ਤੇ ਸ਼ਿਵਜੀ ਅਸਵਾਰੀ ਕਰਿਆ ਕਰਦਾ ਸੀ। ਨਾਦੀਆ ਦਾ ਧਰਮ ਨਹੀਂ ਬਦਲਿਆ, ਨਾ ਹੀ ਕਦੇ ਬਦਲੇਗਾ। ਨਾਦੀਆ ਦੀ ਔਲਾਦ ਅੱਜ ਵੀ ਓਥੇ ਹੀ ਖਲੀ ਹੈ, ਜਿੱਥੇ ਸ਼ਿਵਜੀ ਦੇ ਸਮੇਂ ਸੀ। ਪਰ ਸ਼ਿਵਜੀ ਦੀ ਔਲਾਦ ਪਹਾੜਾਂ ਦੀਆਂ ਕੰਦਰਾਂ ਤੇ ਦਰਖ਼ਤਾਂ ਦੀਆਂ ਖੋੜਾਂ ਵਿਚੋਂ ਨਿਕਲਕੇ ਅੱਜ ਚੰਦ ਉਤੇ ਜਾ ਪਹੁੰਚੀ ਹੈ। ਤਾਂ ਉਹਦਾ ਧਰਮ ਇਕੋ ਥਾਂ ਸਥਿਰ ਕਿਵੇਂ ਰਹਿ ਸਕਦਾ ਸੀ। ਜੋ ਪੰਜ ਸਾਲ ਦੀ ਉਮਰ ਵਿਚ ਬਣਿਆਂ ਕੋਟ ਵੀਹ ਸਾਲ ਪਿਛੋਂ ਉਸੇ ਮਨੁੱਖ ਨੂੰ ਪੂਰਾ ਨਹੀਂ ਆ ਸਕਦਾ,

ਤਾਂ ਹਜ਼ਾਰਾਂ ਸਾਲ ਪਹਿਲਾਂ ਦਾ 'ਸਥਿਰ' ਧਰਮ ਵੀ ਅੱਜ ਦੇ ਉੱਨਤ ਮਨੁੱਖ ਦੀਆਂ ਲੋੜਾਂ ਪੂਰੀਆਂ ਨਹੀਂ ਕਰ ਸਕਦਾ। ਇਸ ਵਾਸਤੇ ਨਵੇਂ ਮਨੁੱਖ ਨੂੰ ਨਵੇਂ ਧਰਮ ਦੀ ਲੋੜ ਪੈ ਜਾਂਦੀ ਰਹੀ ਹੈ। ਤੇ ਉਹ ਲੋੜ ਪੂਰੀ ਕਰਨ ਬਦਲੇ ਨਵੇਂ ਧਰਮ ਵਜੂਦ ਵਿਚ ਆਉਂਦੇ ਰਹੇ ਹਨ। ਐਸਾ ਹੋਣਾ ਕੁਦਰਤ ਦੇ ਨਿਯਮਾਂ ਅਨੁਸਾਰ ਸੁਭਾਵਕ ਸੀ।

ਜਿਵੇਂ ਹਰ ਬਿਰਛ ਆਪਣੇ ਸਮੇਂ ਸਿਰ ਪੁੰਗਰਦਾ ਹੈ, ਹਰ ਮੌਸਮ ਆਪਣੇ ਸਮੇਂ ਸਿਰ ਬਦਲਦਾ ਹੈ, ਓਸੇ ਤਰ੍ਹਾਂ ਨਵੇਂ ਧਰਮ ਦਾ ਮੋਢੀ ਵੀ ਕੋਈ ਮਹਾਂਪੁਰਸ਼ ਤਦ ਹੀ ਸੰਸਾਰ ਵਿਚ ਆਉਂਦਾ ਹੈ, ਜਦ ਸਮੇਂ ਦੇ ਹਾਲਾਤ ਉਸ ਦੀ ਲੋੜ ਅਨੁਭਵ ਕਰਦੇ ਹਨ।

ਗੀਤਾ ਵਿਚ ਭਗਵਾਨ ਕ੍ਰਿਸ਼ਨ ਕਹਿੰਦੇ ਹਨ, "ਹੇ ਅਰਜਨ ! ਜਦ ਜਦ ਧਰਮ ਦੀ ਹਾਨੀ ਹੁੰਦੀ ਹੈ, ਤੇ ਪਾਪਾਂ ਵਿਚ ਵਾਧਾ ਹੁੰਦਾ ਹੈ, ਤਦ ਤਦ ਹੀ ਮੈਂ ਦੇਹ ਧਾਰ ਕੇ ਆਉਂਦਾ ਹਾਂ। ਸਾਧੂ ਪੁਰਸ਼ਾਂ ਦੇ ਪਾਰ ਉਤਾਰੇ ਲਈ, ਪਾਪੀਆਂ ਦੇ ਨਾਸ ਕਰਨ ਬਦਲੇ,ਤੇ ਦੁਬਾਰਾ ਧਰਮ ਸਥਾਪਤ ਕਰਨ ਵਾਸਤੇ ਮੈਂ ਹਰ ਜੁੱਗ ਵਿਚ ਪਰਗਟ ਹੁੰਦਾ ਹਾਂ।"*

ਮੈਂ ਇਸ ਦਾ ਅਰਥ ਇਹ ਲੈਂਦਾ ਹਾਂ, ਕਿ ਜਦ ਵੀ ਮਨੁੱਖ ਸਮਾਜ ਦਾ ਆਚਰਣ ਵਿਗੜਦਾ ਹੈ, ਧਰਮ ਦੀ ਥਾਂ ਕੁੜ ਪਰਧਾਨ ਹੋ ਜਾਂਦਾ ਹੈ, ਤਾਂ ਮਨੁੱਖਤਾ ਦੀ ਰੱਖਿਆ ਵਾਸਤੇ ਈਸ਼ਵਰ ਦੀ ਭੇਜੀ ਹੋਈ ਕੋਈ ਮਹਾਨ ਆਤਮਾ ਸੰਸਾਰ ਵਿਚ ਪਰਗਟ ਹੁੰਦੀ ਹੈ।

ਵੇਖਣਾ ਇਹ ਹੈ, ਕਿ ਜਦ ਗੁਰੂ ਨਾਨਕ ਦੇਵ ਜੀ ਪਰਗਟ ਹੋਏ, ਉਸ ਵੇਲੇ ਸਮੇਂ ਦੇ ਹਾਲਾਤ ਏਹੋ ਜੇਹੇ ਭਿਆਨਕ ਸਨ ?

ਭਾਈ ਗੁਰਦਾਸ ਜੀ ਪਹਿਲੀ ਵਾਰ ਦੀ ਸੱਤਵੀਂ ਪਉੜੀ ਵਿਚ ਵਰਨਣ ਕਰਦੇ ਹਨ :

---

* ਗੀਤਾ, ਅਧਿਆਇ ਚੌਥਾ, ਸ਼ਲੋਕ ੭-੮।

"ਮਾਯਾ ਮੋਹੀ ਮੇਦਨੀ*, ਕਲਿ ਕਲਵਾਲੀ† ਸਭ ਭਰਮਾਈ
ਉਠੀ ਗਲਾਨਿ‡ ਜਗਤ੍ਰ ਵਿਚ, ਹਉਮੈ ਅੰਦਰ ਜਲੈ ਲੁਕਾਈ
ਕੋਈ ਨ ਕਿਸੈ ਪੂਜਦਾ, ਊਚ ਨੀਚ ਸਭ ਗਤਿ ਬਿਸਰਾਈ
ਭਏ ਬਿਅਦਲੀ ਪਾਤਸ਼ਾਹ, ਕਲਿਕਾਤੀ, ਉਮਰਾਵ() ਕਸਾਈ
ਰਹਿਆ ਤਪਾਵਸ ਤ੍ਰਿਹੁ ਜੁਗੀ, ਚੌਥੇ ਜੁਗ ਜੋ ਦੇਇ ਸੁ ਪਾਈ
ਕਰਮ ਭ੍ਰਿਸ਼ਟ ਸਭ ਭਈ ਲੁਕਾਈ।"

ਇਹ ਚੌਥੇ ਜੁੱਗ,ਭਾਵ ਕਲਿਜੁਗ ਦੀ ਉਸ ਵੇਲੇ ਦੀ ਹਾਲਤ ਬਿਆਨ ਕੀਤੀ ਹੈ। ਮਾਇਆ ਨੇ ਸਾਰੇ ਸੰਸਾਰ ਨੂੰ ਮੋਹਿਆ ਹੋਇਆ ਸੀ। ਸਾਰੇ ਕਲ੍ਹੇ ਵਾਲੀ ਨੀਤੀ ਵਿਚ ਭਰਮੇ ਹੋਏ ਸਨ। ਲੋਕਾਂ ਦੇ ਮਨਾਂ ਵਿਚ ਈਰਖਾ, ਦਵੈਤ ਦਾ ਬੋਲ-ਬਾਲਾ ਸੀ। ਹਉਮੈ ਦੀ ਅੱਗ ਵਿਚ ਸਭ ਪ੍ਰਾਣੀ ਸੜ ਰਹੇ ਸਨ। ਕੋਈ ਕਿਸੇ ਦਾ ਸਤਕਾਰ ਨਹੀਂ ਸੀ ਕਰਦਾ। ਉੱਤਮ ਗੁਣਾਂ ਤੇ ਨੀਂਵੇ ਔਗੁਣਾਂ ਦੀ ਸੋਝੀ ਵਿਸਰ ਗਈ ਸੀ। ਬਾਦਸ਼ਾਹ ਅਨਿਆਈਂ ਹੋ ਚੁੱਕੇ ਸਨ, ਤੇ ਉਹਨਾਂ ਦੇ ਮੁਸਾਹਿਬ, ਸਲਾਹਕਾਰ ਕਸਾਈਆਂ ਵਾਲੇ ਸੁਭਾਂ ਦੇ ਮਾਲਕ ਬਣ ਚੁੱਕੇ ਸਨ। ਪਿਛਲੇ ਤਿੰਨਾਂ ਜੁੱਗਾਂ ਵਾਲਾ ਜਪ ਤਪ ਤੇ ਸਾਧਨਾ ਖ਼ਤਮ ਹੋ ਚੁੱਕੀ ਸੀ। ਚੌਥੇ ਜੁੱਗ, ਭਾਵ ਕਲਿਜੁਗ ਦਾ ਪਹਿਰਾ ਸੀ। ਜੋ ਕੁਛ ਕੋਈ ਦੇਂਦਾ ਸੀ, ਉਸ ਦਾ ਫਲ ਪਾ ਰਿਹਾ ਸੀ। ਭਾਈ ਸਾਹਿਬ ਅਖ਼ੀਰਲੀ ਪੰਗਤੀ ਵਿਚ ਸਿੱਟਾ ਕਢਦੇ ਹਨ, ਕਿ ਸਾਰੀ ਖ਼ਲਕਤ ਹੀ ਕਰਮ ਭ੍ਰਿਸ਼ਟ ਹੋ ਚੁੱਕੀ ਸੀ।

ਸਤਾਰ੍ਹਵੀਂ ਪਉੜੀ ਵਿਚ ਫਿਰ ਭਾਈ ਸਾਹਿਬ ਲਿਖਦੇ ਹਨ,

"ਜੁਗ ਗਰਦੀ ਜਬ ਹੋਵਹੇ, ਉਲਟੇ ਜੁਗ ਕਿਆ ਹੋਇ ਵਰਤਾਰਾ

---

* ਸ੍ਰਿਸ਼ਟੀ।

† ਕਲ੍ਹੇਵਾਲੀ।

‡ ਈਰਖਾ, ਗਿਲਾਣਨੀ, ਦਾ ਵੈਭਵ।

() ਮੁਸਾਹਿਬ, ਸਲਾਹਕਾਰ.।

ਉਠੇ ਗਿਲਾਨ ਜਗਤ ਵਿਚ, ਵਰਤੇ ਪਾਪ ਭ੍ਰਸ਼ਟ ਸੰਸਾਰਾ
ਵਰਨਾਵਰਵਨ ਨ ਭਾਵਨੀ,
ਖਹਿ ਖਹਿ ਜਲਨ ਬਾਂਸ ਅੰਗਿਆਰਾ।''

ਹੁਣ ਜਗ-ਤਾਰਕ ਗੁਰੂ ਨਾਨਕ ਦੇਵ ਮਹਾਰਾਜ ਦੇ ਆਪਣੇ ਮੁਖਾਰਬਿੰਦ ਤੋਂ ਉਸ ਸਮੇਂ ਦੀ ਹਾਲਤ ਬਾਰੇ ਸੁਣੋ। ਹਜ਼ੂਰ ਫ਼ੁਰਮਾਉਂਦੇ ਹਨ :

''ਕਲਿ ਹੋਈ ਕੁਤੇ ਮੁਹੀ, ਖਾਜੁ ਹੋਆ ਮੁਰਦਾਰੁ।
ਕੂੜੁ ਬੋਲਿ ਬੋਲਿ ਭਉਕਣਾ, ਚੂਕਾ ਧਰਮੁ ਬੀਚਾਰੁ।''

ਰੱਬ ਨੂੰ ਭੁੱਲੇ ਹੋਏ ਕਲਿਜੁਗੀ ਜੀਵ ਕੁੱਤੇ ਦੇ ਮੂੰਹ ਵਾਲੇ ਬਣੇ ਹੋਏ ਸਨ, ਤੇ ਉਹਨਾਂ ਦੀ ਖ਼ੁਰਾਕ ਮੁਰਦਾਰ ਸੀ। ਪਰਾਏ ਹੱਕ ਨੂੰ ਮਹਾਰਾਜ ਮੁਰਦਾਰ ਨਾਲ ਤਸ਼ਬੀਹ ਦੇਂਦੇ ਹਨ। ਵੇਖੋ ਮਾਝ ਦੀ ਵਾਰ,

''ਹਕੁ ਪਰਾਇਆ ਨਾਨਕਾ, ਉਸੁ ਸੂਅਰ ਉਸੁ ਗਾਇ।
ਗੁਰੁ ਪੀਰੁ ਹਾਮਾ ਤਾ ਭਰੇ, ਜਾ ਮੁਰਦਾਰੁ ਨ ਖਾਇ।''

ਮੁਰਦਾਰ, ਪਰਾਇਆ ਹੱਕ। ਪਰ ਉਸ ਸਮੇਂ ਤਾਂ ਪਰਾਏ ਹੱਕ ਨੂੰ ਆਪਣਾ ਸਮਝਿਆ ਜਾ ਰਿਹਾ ਸੀ। ਪਰਾਇਆ ਹੱਕ ਮਾਰਨ ਵਾਲਾ ਬਲ-ਵਾਨ ਤੇ ਚਾਤਰ ਮੰਨਿਆਂ ਜਾਂਦਾ ਸੀ। ਇਸ ਪੰਗਤੀ ਵਿਚ ਮਹਾਰਾਜ ਨੇ ਉਸ ਸਮੇਂ ਦੀ ਸਹੀ ਤਸਵੀਰ ਪੇਸ਼ ਕਰ ਦਿਤੀ ਹੈ :

''ਸਰਮੁ ਧਰਮੁ ਦੁਇ ਛਪਿ ਖਲੋਏ,
ਕੂੜੁ ਫਿਰੈ ਪਰਧਾਨੁ ਵੇ ਲਾਲੋ।''

ਬੜੀ ਦਲੇਰੀ ਨਾਲ ਗੁਰੂਦੇਵ ਚਲਨਹੀਣ ਲੋਕਾਂ ਬਾਰੇ ਕਹਿ ਰਹੇ ਹਨ, ਕਲਿਜੁਗੀ ਜੀਵ ਕੁੱਤੇ-ਮੂਹੀਂ, ਉਹਨਾਂ ਦੀ ਖ਼ੁਰਾਕ ਮੁਰਦਾਰ, ਤੇ ਉਹਨਾਂ ਦਾ ਗੱਲ ਗੱਲ 'ਤੇ ਕੂੜ ਬੋਲਣਾ ਭੌਂਕਣ ਦੇ ਬਰਾਬਰ ਹੈ। ਧਰਮ ਦੇ ਸ਼ੁਭ ਵਿਚਾਰ ਲੋਕਾਂ ਵਿਚ ਰਹੇ ਹੀ ਨਹੀਂ ਹਨ।

ਹੁਣ ਇਤਿਹਾਸ ਤੇ ਝਾਤੀ ਮਾਰੋ। ਭਾਰਤ ਦੇ ਬਹੁਤ ਸਾਰੇ ਹਿੱਸੇ ਉਤੇ ੧੪੫੧ ਈ. (੧੫੦੮ ਬਿ.) ਤੋਂ ੧੫੨੬ ਈ. (੧੫੮੩ ਬਿ.) ਤਕ

ਲੋਧੀ ਘਰਾਣੇ ਦਾ ਰਾਜ ਰਿਹਾ। ਸਭ ਤੋਂ ਪਹਿਲਾਂ ਬਹਿਲੋਲ ਲੋਧੀ ਦਿੱਲੀ ਦਾ ਬਾਦਸ਼ਾਹ ਬਣਿਆਂ। ਉਸ ਤੋਂ ਪਿਛੋਂ ਸਕੰਦਰ ਲੋਧੀ ਤਖ਼ਤ 'ਤੇ ਬੈਠਾ, ਤੇ ਫਿਰ ਸਕੰਦਰ ਦਾ ਪੁੱਤਰ ਇਬਰਾਹੀਮ ਦਿੱਲੀ ਦਾ ਸੁਲਤਾਨ ਬਣਿਆਂ। ੨੧ ਅਪ੍ਰੈਲ, ੧੫੨੬ ਈ. ਨੂੰ ਪਾਨੀਪਤ ਦੀ ਲੜਾਈ ਵਿਚ ਇਬਰਾਹੀਮ ਲੋਧੀ ਬਾਬਰ ਦੇ ਹੱਥੋਂ ਮਾਰਿਆ ਗਿਆ। ਦਿੱਲੀ ਉਤੇ ਲੋਧੀਆਂ ਦੀ ਥਾਂ ਮੁਗਲਾਂ ਦਾ ਰਾਜ ਹੋ ਗਿਆ।

ਲੋਧੀ ਹੁਕਮਰਾਨਾਂ ਦੇ ਅਤਿਆਚਾਰਾਂ ਬਾਰੇ 'ਤਾਰੀਖ਼ੇ ਫ਼ਰਿਸ਼ਤਾ' ਤੇ 'ਤਾਰੀਖ਼ੇ ਦਾਊਦੀ' ਦੇ ਹਵਾਲੇ ਨਾਲ ਇੰਦੂ ਭੂਸ਼ਨ ਬੈਨਰਜੀ ਲਿਖਦਾ ਹੈ, "ਸਕੰਦਰ ਲੋਧੀ ਕੱਟੜ ਕਿਸਮ ਦਾ ਮੁਸਲਮਾਨ ਸੀ। ਉਹਨੇ ਹਿੰਦੂਆਂ ਦੇ ਬਹੁਤ ਸਾਰੇ ਮੰਦਰ ਢਾਹ ਦਿਤੇ। ਖ਼ਾਸ ਕਰ ਮਥਰਾ ਦੇ ਸਾਰੇ ਮੰਦਰ ਤਬਾਹ ਕਰ ਦਿਤੇ। ਹਿੰਦੂਆਂ ਦੀਆਂ ਧਾਰਮਿਕ ਮੂਰਤੀਆਂ ਤੋੜ ਕੇ ਕਸਾਈਆਂ ਨੂੰ ਦਿਤੀਆਂ ਗਈਆਂ, ਤਾ ਕਿ ਉਹ ਮਾਸ ਤੋਲਣ ਵਾਸਤੇ ਠਾਕਰਾਂ ਦੀਆਂ ਮੂਰਤੀਆਂ ਨੂੰ ਵੱਟਿਆਂ ਵਜੋਂ ਵਰਤਣ।"* ਨਸ਼ਾਨਾ ਸੀ ਹਿੰਦੂ ਦੇਵਤਿਆਂ ਦਾ ਅਪਮਾਨ ਕਰਨਾ। ਏਥੇ ਹੀ ਬੱਸ ਨਹੀਂ, ਲੋਧੀਆਂ ਦੇ, ਖ਼ਾਸ ਕਰ ਸਕੰਦਰ ਦੇ ਰਾਜ ਵਿਚ ਹਜ਼ਾਰਾਂ ਬੇਗੁਨਾਹ ਹਿੰਦੂ ਬੜੀ ਬੇਰਹਿਮੀ ਨਾਲ ਕਤਲ ਕੀਤੇ ਗਏ।

ਭਾਰਤ ਦੇ ਅਜੇਹੇ ਹਾਲਾਤ ਮੰਗ ਕਰ ਰਹੇ ਸਨ. ਕਿ ਕੋਈ ਮਹਾਨ ਪੁਰਸ਼ ਮਨੁੱਖਤਾ ਦੀ ਕਲਿਆਣ ਵਾਸਤੇ ਪਰਗਟ ਹੋਵੇ। ਅਜੇਹੇ ਧਾਰਮਿਕ ਆਗੂ ਦੀ ਲੋੜ ਮਹਿਸੂਸ ਕਰਦੇ ਹੋਏ ਭਾਈ ਗੁਰਦਾਸ ਜੀ ਫ਼ੁਰਮਾਉਂਦੇ ਹਨ :

"ਬਾਝੁ ਗੁਰੂ ਅੰਧੇਰ ਹੈ, ਖਹਿ ਖਹਿ ਮਰਦੇ ਬਹੁਬਿਧ ਲੋਆ
ਵਰਤਿਆ ਪਾਪ ਜਗਤ ਤੇ ਧਉਲ ਉਡੀਣਾ ਨਿਸਦਿਨ ਰੋਆ
ਬਾਝੁ ਦਇਆ ਬਲ ਹੀਣ ਹੋ, ਨਿੱਘਰ ਚਲੋ ਰਸਾਤਲ ਟੋਆ

---

* Evolution of the Khalsa, vol. I, P. 31-32.

ਖੜਾ ਇਕ ਤੇ ਪੈਰ ਤੇ, ਪਾਪ ਸੰਗ ਬਹੁ ਭਾਰਾ ਹੋਆ
ਥੰਮੇ ਕੋਇ ਨ ਸਾਧ ਬਿਨ, ਸਾਧ ਨ ਦਿਸੈ ਜਗ ਵਿਚ ਕੋਆ
ਧਰਮ ਧੌਲ ਪੁਕਾਰੇ ਤਲੇ ਖੜਆ ।੨੨।੧।

ਪੁਰਾਤਨ ਭਾਰਤੀ ਰਿਸ਼ੀਆਂ ਦੇ ਵਿਚਾਰ ਅਨੁਸਾਰ ਧਰਤੀ ਦਾ ਭਾਰ 'ਧੌਲ' ਨਾਮ ਦਾ ਬਲਦ ਉਠਾਈ ਖੜਾ ਹੈ। ਗੁਰੂ ਨਾਨਕ ਦੇਵ ਜੀ ਦੇ ਵਿਚਾਰ ਅਨੁਸਾਰ ਧੌਲ ਨਾਮ 'ਧਰਮ' ਦਾ ਹੈ, ਜੋ ਦਇਆ ਵਿਚੋਂ ਜਨਮਦਾ ਹੈ।

"ਧੌਲੁ ਧਰਮੁ ਦਇਆ ਕਾ ਪੂਤੁ।
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ।"

ਭਾਈ ਗੁਰਦਾਸ ਜੀ ਦਾ ਭਾਵ ਹੈ, ਕਿ ਪਾਪਾਂ ਦੇ ਭਾਰ ਥੱਲੇ ਦੱਬਿਆ ਹੋਇਆ ਧਰਮ ਪੁਕਾਰ ਕਰ ਰਿਹਾ ਸੀ, ਕਿ ਕੋਈ ਮਹਾਨ ਪੁਰਸ਼ ਆ ਕੇ ਮੇਰਾ ਸਹਾਰਾ ਬਣੇ।

ਪੁਰਾਤਨ ਧਾਰਮਿਕ ਰਵਾਇਤ ਇਹ ਵੀ ਚਲੀ ਆ ਰਹੀ ਹੈ, ਕਿ ਪਾਪਾਂ ਦੇ ਭਾਰ ਥੱਲੇ ਦੱਬੀ ਹੋਈ ਧਰਤੀ ਜਦ ਨਿਰੰਕਾਰ ਦੀ ਦਰਗਾਹ ਵਿਚ ਪੁਕਾਰ ਕਰਿਆ ਕਰਦੀ ਸੀ, ਤਾਂ ਕੋਈ ਅਵਤਾਰ ਪਰਗਟ ਹੋਇਆ ਕਰਦਾ ਸੀ।

ਏਹਾ ਵਿਚਾਰ ਮੇਰੇ ਸ਼ਬਦਾਂ ਵਿਚ ਸੁਣੋ :

"ਜੀਹਨੂੰ ਮਜ਼ਬਾਂ ਵਾਲੇ ਕਹਿਣ ਕਚਹਿਰੀ ਧਰਮ ਦੀ
ਦੁੱਖਾਂ ਮਾਰੀ ਧਰਤੀ ਉਥੇ ਜਾ ਪੁਕਾਰਦੀ
ਕਹਿੰਦੀ, ਪਾਪਾਂ ਦੀ ਹੱਦ ਹੋ ਗਈ ਮੇਰੇ ਦਾਤਿਆ
ਪੈ ਗਈ ਹੋਂਦ ਜਾਪ ਦੀ ਸ਼ੱਕ ਵਿਚ ਬਖ਼ਸ਼ਣਹਾਰ ਦੀ
ਜਿਨ੍ਹਾਂ ਦੇਣਾ ਸੀ ਉਪਦੇਸ਼ ਜਗਤ ਨੂੰ ਧਰਮ ਦਾ
ਪੱਟੀ ਨਿੱਤ ਪੜ੍ਹਾਉਂਦੇ ਰਹਿੰਦੇ ਅਤਿਆਚਾਰ ਦੀ
ਹਾਕਮ ਥਾਪੇ ਗਏ ਸੀ ਪਰਜਾ ਪਾਲਣ ਵਾਸਤੇ
ਪਰਜਾ ਖਾਣ ਦੀ ਨੀਤੀ ਬਣ ਗਈ ਏ ਸਰਕਾਰ ਦੀ

ਲੋੜ ਸੀ ਢਾਲਾਂ ਦੀ ਛਾਂ ਕਰਦਾ ਕੋਈ ਗ਼ਰੀਬ 'ਤੇ
ਪੀ ਰੱਤ ਪਿਆਸ ਬੁਝੇ ਨਾ ਯੋਧੇ ਦੀ ਤਲਵਾਰ ਦੀ
ਐ ਪ੍ਰਭ ਰਚਨਹਾਰ ! ਇਹ ਰਚਨਾ ਆਪਣੀ ਸਾਂਭ ਲੈ
ਮਾਣਸ ਰੂਪ ਦੈਂਤ ਦਾ ਮੈਂ ਨਹੀਂ ਭਾਰ ਸਹਾਰਦੀ
ਤੇ ਜੇ ਚਾਹੁੰਦਾ ਏਂ ਇਹ ਦੁਨੀਆਂ ਤੇਰੀ ਵਸਦੀ ਰਹੇ
ਛੇਤੀ ਭੇਜ ਕੋਈ ਰੂਹ ਸੱਚੀ ਪਰ-ਉਪਕਾਰ ਦੀ
'ਸੀਤਲ' ਮੈਂ ਨਹੀਂਗਾ ਹੁਣ ਵਿਸਣਾ ਕਿਸੇ ਭੁਲੇਖੇ 'ਤੇ
ਮਾਣਸ ਦੇਹੀ ਹੋਵੇ, ਜੋਤ ਹੋਵੇ ਕਰਤਾਰ ਦੀ।"

ਪੁਰਾਤਨ ਵੈਦਿਕ ਧਰਮ ਅਨੁਸਾਰ ਕਦੇ ਨਿਰੰਕਾਰ 'ਮੱਛ' ਬਣਕੇ ਆ ਗਿਆ, ਕਦੇ 'ਕੱਛੂ' ਬਣਕੇ, ਕਦੇ 'ਵਿਰਾਹ' ਭਾਵ ਸੂਰ, ਤੇ ਕਦੇ 'ਨਰਸਿੰਗ' ਬਣ ਕੇ ਪਰਗਟ ਹੋਇਆ। ਧਰਤੀ ਕਹਿ ਰਹੀ ਹੈ, ਕਿ ਮੈਨੂੰ ਅੱਜ ਉਸ ਗੁਰੂ ਦੀ ਲੋੜ ਹੈ, ਜੋ ਜੋਤ ਨਿਰੰਕਾਰ ਦੀ ਹੋਵੇ, ਪਰ ਜਾਮਾ ਇਨਸਾਨ ਦਾ।

ਇਹ ਪੁਕਾਰ ਸੁਣ ਕੇ, ਭਾਈ ਗੁਰਦਾਸ ਜੀ ਕਹਿੰਦੇ ਹਨ,

"ਸੁਣੀ ਪੁਕਾਰ ਦਾਤਾਰ ਪ੍ਰਭ,
ਗੁਰ ਨਾਨਕ ਜਗ ਮਾਹਿ ਪਠਾਯਾ"

ਇਸ ਪਉੜੀ ਦੀ ਅਖੀਰਲੀ ਪੰਗਤੀ ਵਿਚ ਭਾਈ ਸਾਹਿਬ ਮਹਾਰਾਜ ਦੇ ਮਾਤ ਲੋਕ ਵਿਚ ਆਉਣ ਦਾ ਮਨੋਰਥ ਦਸਦੇ ਹਨ :

"ਕਲਿ ਤਾਰਣ ਗੁਰ ਨਾਨਕ ਆਯਾ।"

ਅੱਗੇ ਚੱਲ ਕੇ ਭਾਈ ਸਾਹਿਬ ਸਤਾਈਵੀਂ ਪਉੜੀ ਵਿਚ ਫ਼ੁਰਮਾਉਂਦੇ ਹਨ :

"ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਧ ਜਗ ਚਾਨਣ ਹੋਆ
ਜਿਉਂ ਕਰ ਸੂਰਜ ਨਿਕਲਿਆ, ਤਾਰੇ ਛਪੇ ਅੰਧੇਰ ਪਲੋਆ"

ਆਖ਼ਰੀ ਪੰਗਤੀ ਹੈ,

"ਗੁਰਮੁਖ ਕਲਿ ਵਿਚ ਪਰਗਟ ਹੋਆ।"

ਭਾਈ ਸਾਹਿਬ ਮਹਾਰਾਜ ਵਾਸਤੇ ਸ਼ਬਦ 'ਗੁਰਮੁਖ' ਵਰਤਦੇ ਹਨ।

ਗੁਰਮੁਖ ਦਾ ਅਰਥ ਹੈ, ਈਸ਼ਵਰ ਦੀ ਰਜ਼ਾ ਵਿਚ ਚੱਲਣ ਵਾਲਾ।

ਗੁਰੂ ਅਰਜਨ ਦੇਵ ਜੀ ਗੁਰੂ ਨਾਨਕ ਦੇਵ ਮਹਾਰਾਜ ਬਾਰੇ ਆਪਣੀ ਰਾਏ ਪਰਗਟ ਕਰਦੇ ਹਨ :

"ਸਭ ਤੇ ਵਡਾ ਸਤਿਗੁਰੁ ਨਾਨਕੁ,
ਜਿਨਿ ਕਲ ਰਾਖੀ ਮੇਰੀ।" (ਸੂਹੀ, ੭੫੦)

ਗੁਰਬਾਣੀ ਵਿਚ ਸਤਿਗੁਰ, ਗੁਰਦੇਵ, ਗੁਰੂ, ਸਾਰੇ ਸ਼ਬਦਾਂ ਦਾ ਇਕੋ ਭਾਵ ਹੈ। ਗੁਰੂ ਗ੍ਰੰਥ ਸਾਹਿਬ ਵਿਚ 'ਗੁਰੂ' ਸ਼ਬਦ ਬਹੁਤੇ ਥਾਂਈਂ ਈਸ਼ਵਰ ਵਾਸਤੇ ਆਉਂਦਾ ਹੈ। ਜਿਵੇਂ ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ :

"ਅਪਰੰਪਰ ਪਾਰਬ੍ਰਹਮੁ ਪਰਮੇਸਰੁ,
ਨਾਨਕ 'ਗੁਰ' ਮਿਲਿਆ ਸੋਈ ਜੀਉ।"
" 'ਗੁਰੁ ਪਰਮੇਸਰ' ਨਾਨਕ ਭੇਟਿਓ,
ਸਾਚੈ ਸਬਦਿ ਨਿਬੇਰਾ।"
"ਜੋ ਆਇਆ ਸੋ ਚਲ ਸੀ,
ਅਮਰੁ ਸੁ 'ਗੁਰ' ਕਰਤਾਰੁ।"

ਪੰਜਵੇਂ ਪਾਤਸ਼ਾਹ ਵੀ ਏਸੇ ਵਿਚਾਰ ਦੀ ਪ੍ਰੋੜ੍ਹਤਾ ਕਰਦੇ ਹਨ :

"ਪਾਰਬ੍ਰਹਮ ਪੂਰਨ 'ਗੁਰਦੇਵ'।"
" 'ਗੁਰੁ' ਪਰਮੇਸਰੁ ਏਕੁ ਹੈ,
ਸਭ ਮਹਿ ਰਹਿਆ ਸਮਾਇ।"
" 'ਗੁਰੁ' ਪਰਮੇਸਰੁ ਏਕੋ ਜਾਣੁ।"
" 'ਗੁਰੁ' ਪਾਰਬ੍ਰਹਮੁ ਪਰਮੇਸਰੁ ਆਪਿ।"

ਇਹਨਾਂ ਸਾਰੀਆਂ ਪੰਗਤੀਆਂ ਵਿਚ 'ਗੁਰ' ਸ਼ਬਦ ਨਿਰੰਕਾਰ ਵਾਸਤੇ ਆਇਆ ਹੈ। ਇਸ ਦਾ ਇਹ ਅਰਥ ਬਿਲਕੁਲ ਨਹੀਂ, ਕਿ ਗੁਰੂ ਮਹਾਰਾਜ ਨੂੰ ਪਰਮੇਸ਼ਰ ਮੰਨਿਆਂ ਗਿਆ ਹੈ, ਜਿਵੇਂ ਗੀਤਾ ਵਿਚ ਭਗਵਾਨ ਕ੍ਰਿਸ਼ਨ ਨੂੰ ਈਸ਼ਵਰ ਮੰਨਿਆਂ ਗਿਆ ਹੈ। ਸਗੋਂ ਅਸਲੀ ਗੁਰੂ ਪਰਮਾਤਮਾ ਨੂੰ ਮੰਨਿਆਂ ਗਿਆ ਹੈ।

ਹੁਣ ਉਹ ਪਰਮਾਣ ਸੁਣੋ, ਜਿਨ੍ਹਾਂ ਵਿਚ 'ਗੁਰੂ' ਜਾਂ 'ਸਤਿਗੁਰ' ਸ਼ਬਦ ਗੁਰੂ ਨਾਨਕ ਦੇਵ ਜੀ ਵਾਸਤੇ ਵਰਤੇ ਗਏ ਹਨ।

ਗੁਰੂ ਅਰਜਨ ਦੇਵ ਜੀ ਫ਼ੁਰਮਾਉਂਦੇ ਹਨ :

''ਸਤਿ ਪੁਰਖੁ ਜਿਨਿ ਜਾਨਿਆ,
'ਸਤਿਗੁਰ' ਤਿਸਕਾ ਨਾਉ।
ਤਿਸ ਕੈ ਸੰਗਿ ਸਿਖੁ ਉਧਰੈ,
ਨਾਨਕ ਹਰਿ ਗੁਨ ਗਾਉ।''

ਏਥੇ 'ਸਤਿਗੁਰ' ਸ਼ਬਦ ਦੀ ਵਿਆਖਿਆ ਕੀਤੀ ਗਈ ਹੈ, ਜਿਸ ਨੇ 'ਸਤਿਪੁਰਖੁ' ਭਾਵ ਈਸ਼ਵਰ ਨੂੰ ਸਮਝ ਲਿਆ ਹੈ, ਪਰਮਾਤਮਾ ਦਾ ਜਿਸ ਨੂੰ ਪੂਰਨ ਗਿਆਨ ਹੋ ਗਿਆ ਹੈ, ਉਸ ਦਾ ਨਾਮ 'ਸਤਿਗੁਰ' ਹੈ। ਜਾਂ ਓਹਾ 'ਸਤਿਗੁਰੂ' ਅਖਵਾਉਣ ਦਾ ਹੱਕਦਾਰ ਹੈ।

ਤੀਸਰੇ ਪਾਤਸ਼ਾਹ ਫ਼ੁਰਮਾਉਂਦੇ ਹਨ :

''ਅਵਗੁਣ ਕਾਟਿ, ਗੁਣ ਰਿਦੈ ਸਮਾਇ।
ਪੂਰੇ ਗੁਰ ਕਾ ਸਹਜਿ ਸੁਭਾਇ।''

ਪੰਜਵੇਂ ਪਾਤਸ਼ਾਹ ਪੂਰੇ ਗੁਰੂ ਦੇ ਗੁਣ ਦਸਦੇ ਹਨ :

''ਹਉ ਬਲਿਹਾਰੀ ਸਤਿਗੁਰ ਪੂਰੇ।
ਸਰਣਿ ਕੇ ਦਾਤੇ, ਬਚਨ ਕੇ ਸੂਰੇ।''

ਇਕ ਥਾਂ ਹਜ਼ੂਰ ਹੋਰ ਫ਼ੁਰਮਾਉਂਦੇ ਹਨ :

''ਐਸਾ 'ਗੁਰੁ' ਵਡਭਾਗੀ ਪਾਈਐ,
ਜਿਤੁ ਮਿਲਿਐ 'ਪ੍ਰਭੁ' ਜਾਪੈ ਰਾਮ।''

ਵੱਡਿਆਂ ਭਾਗਾਂ ਨਾਲ ਐਹੋ ਜੇਹਾ ਗੁਰੂ ਮਿਲਦਾ ਹੈ, ਜਿਸ ਦੇ ਮਿਲਿਆਂ ਪ੍ਰਭੂ ਨੂੰ ਜਾਣਿਆਂ ਜਾ ਸੱਕੇ, ਈਸ਼ਵਰ ਦਾ ਗਿਆਨ ਹੋ ਸਕੇ।

ਏਸੇ ਵਿਚਾਰ ਦੀ ਪ੍ਰੋੜ੍ਹਤਾ ਚੌਥੇ ਪਾਤਸ਼ਾਹ ਕਰਦੇ ਹਨ :

''ਹਉ 'ਸਤਿਗੁਰ' ਵਿਟਹੁ ਵਾਰਿਆ,
ਜਿਨਿ 'ਹਰਿ ਪ੍ਰਭੁ' ਦੀਆ ਦਿਖਾਇ।''

"ਹਉ ਕੁਰਬਾਨੀ 'ਗੁਰ' ਆਪਣੇ,
ਜਿਨਿ ਵਿਛੁੜਿਆ ਮੇਲਿਆ ਮੇਰਾ 'ਸਿਰਜਨਹਾਰਾ'।"

ਇਹਨਾਂ ਪਰਮਾਣਾਂ ਤੋਂ ਇਹ ਵੀ ਸਪਸ਼ਟ ਹੋ ਗਿਆ, ਕਿ 'ਗੁਰੂ' ਤੇ 'ਪਰਮਾਤਮਾ' ਇਕ ਨਹੀਂ, ਸਗੋਂ ਵਖਰੀਆਂ ਵਖਰੀਆਂ ਸ਼ਕਤੀਆਂ ਹਨ।

ਗੁਰੂ ਨਾਨਕ ਦੇਵ ਜੀ ਨੂੰ ਈਸ਼ਵਰ ਨਹੀਂ, ਗੁਰੂ ਮੰਨਦੇ ਹੋਏ ਗੁਰ ਅਰਜਨ ਦੇਵ ਜੀ 'ਸਭ ਤੇ ਵਡਾ ਸਤਿਗੁਰੂ' ਮੰਨਦੇ ਹਨ।

ਅਸਲ ਵਿਚ 'ਗੁਰੂ' ਦਾ ਅਰਥ ਹੈ ਹਨੇਰੇ ਵਿਚ ਚਾਨਣ ਕਰਨ ਵਾਲਾ, ਰੱਬ ਦਾ ਗਿਆਨ ਦੇਣ ਵਾਲਾ, ਭੁੱਲਿਆਂ ਨੂੰ ਰਾਹੇ ਪਾਉਣ ਵਾਲਾ। ਇਸ ਹਿਸਾਬ ਕਿਸੇ ਵੀ ਧਰਮ ਨੂੰ ਚਲਾਉਣ ਵਾਲਾ 'ਗੁਰੂ' ਕਿਹਾ ਜਾ ਸਕਦਾ ਹੈ। ਰਾਮ, ਕ੍ਰਿਸ਼ਨ, ਬੁੱਧ, ਈਸਾ, ਮੁਹੰਮਦ, ਸਭ ਆਪਣੇ ਆਪਣੇ ਸਮੇਂ ਦੇ 'ਗੁਰੂ' ਸਨ। ਗੁਰੂ ਨਾਨਕ ਦੇਵ ਜੀ ਨੂੰ ਸਭ ਤੋਂ ਵੱਡਾ ਕਿਹਾ ਗਿਆ ਹੈ, ਇਸ ਸਚਾਈ ਨੂੰ ਸਮਝਣ ਦੀ ਲੋੜ ਹੈ।

ਇਕ ਬਿਰਛ ਦੀ ਠਢੀ ਛਾਵੇਂ ਦਸ ਆਦਮੀ ਬੈਠ ਸਕਦੇ ਹਨ। ਦੂਸਰੇ ਦੀ ਛਾਂਵੇਂ ਸੌ ਬੈਠ ਸਕਦੇ ਹਨ। ਤੀਸਰੇ ਦਾ ਆਕਾਰ ਬਹੁਤ ਵੱਡਾ ਹੈ। ਉਹ ਹਜ਼ਾਰ ਪ੍ਰਾਣੀਆਂ ਨੂੰ ਆਪਣੀ ਛਾਂ ਵਿਚ ਲੈ ਸਕਦਾ ਹੈ। ਅਸੀਂ ਕਹਾਂਗੇ, ਦਸਾਂ ਨੂੰ ਛਾਂ ਦੇਣ ਵਾਲੇ ਨਾਲੋਂ ਸੌ ਨੂੰ ਛਾਂ ਦੇਣ ਵਾਲਾ ਵੱਡਾ ਹੈ। ਉਸ ਦੇ ਮੁਕਾਬਲੇ 'ਤੇ ਹਜ਼ਾਰ ਨੂੰ ਆਪਣੀ ਛਤਰ ਛਾਇਆ ਵਿਚ ਲੈਣ ਵਾਲਾ ਵਡੇਰਾ ਹੈ। ਪਰ ਜਿਸ ਦੀ ਛਾਂ ਥੱਲੇ ਸਾਰੇ ਸ਼ਾਂਤੀ ਪਾ ਸਕਣ, ਆਸਰਾ ਪਾ ਸਕਣ, ਉਹ 'ਸਭ ਤੋਂ ਵੱਡਾ' ਮੰਨਿਆਂ ਜਾ ਸਕਦਾ ਹੈ।

ਇਹ ਮਿਸਾਲ, ਸਚਾਈ ਤਕ ਪਹੁੰਚਣ ਵਿਚ ਸਾਡੀ ਬੜੀ ਸਹਾਇਤਾ ਕਰਦੀ ਹੈ। ਭਗਵਾਨ ਰਾਮ ਚੰਦਰ ਦਾ ਧਰਮ ਸਾਰੇ ਪ੍ਰਾਣੀ ਮਾਤਰਾ ਵਾਸਤੇ ਨਹੀਂ, ਕੇਵਲ ਉੱਚ-ਜਾਤੀਆਂ ਵਾਸਤੇ ਹੈ। ਦੂਸਰੇ ਸ਼ਬਦਾਂ ਵਿਚ ਉਹ ਧਰਮ ਪੰਡਤ ਦੇ ਅਧੀਨ ਹੈ। ਰਾਮਾਇਣ ਵਿਚ ਇਕ ਸਾਖੀ ਆਉਂਦੀ ਹੈ, ਕਿ ਇਕ ਪੰਡਤ ਦਾ ਜੁਆਨ ਪੁੱਤਰ ਮਰ ਗਿਆ। ਸਾਰੇ ਪੰਡਤਾਂ ਨੇ ਮਿਲ ਕੇ ਰਾਮ ਚੰਦਰ ਜੀ ਪਾਸ ਰੋਸ ਪਰਗਟ ਕੀਤਾ, ਕਿ ਆਪ ਜੀ ਦੇ ਰਾਜ

ਵਿਚ ਕੋਈ ਅਨਰਥ ਹੋ ਰਿਹਾ ਹੈ, ਘੋਰ ਪਾਪ ਹੋ ਰਿਹਾ ਹੈ, ਜਿਸ ਵਾਸਤੇ ਪੰਡਤ ਪਿਤਾ ਦੇ ਜਿਊਂਦਿਆਂ ਉਹਦਾ ਪੁੱਤਰ ਮਰ ਗਿਆ ਹੈ। ਤੇ ਉਹ 'ਘੋਰ ਪਾਪ' ਕੀ ਹੈ ? ਪੰਡਤਾਂ ਨੇ ਦੋਸ਼ ਲਾਇਆ, ਕਿ ਜੰਗਲ ਵਿਚ ਬੈਠਾ 'ਸੰਬੂਕ' ਨਾਮ ਦਾ ਇਕ ਸ਼ੂਦਰ ਤਪ ਕਰ ਰਿਹਾ ਹੈ, ਈਸ਼ਵਰ ਦਾ ਨਾਮ ਜਪ ਰਿਹਾ ਹੈ। ਭਾਵ, ਪੰਡਤ ਨੂੰ ਗਿਲ੍ਹਾ ਸੀ,ਕਿ ਸ਼ੂਦਰ ਨੇ ਉਹਦਾ ਭਗਵਾਨ ਭਿੱਟ ਦਿਤਾ ਹੈ, ਵੈਦਕ ਧਰਮ ਅਨੁਸਾਰ ਉਸ ਨੂੰ ਰੱਬ ਦਾ ਨਾਮ ਲੈਣ ਦਾ, ਸਿਮਰਨ ਕਰਨ ਦਾ ਹੱਕ ਨਹੀਂ।

ਮੇਰੀ ਰਾਏ ਹੈ, ਕਿ ਜਿਹੜਾ ਭਗਵਾਨ ਸ਼ੂਦਰ ਦੇ ਨਾਮ ਲੈਣ ਨਾਲ ਆਪ ਭਿੱਟਿਆ ਜਾਂਦਾ ਹੈ, ਉਹ ਕਿਸੇ ਨੂੰ ਪਵਿੱਤਰ ਕਿਵੇਂ ਕਰ ਸਕਦਾ ਹੈ।

ਖ਼ੈਰ, ਆਪਾਂ ਰਾਮਾਇਣ ਦੀ ਗੱਲ ਕਰ ਰਹੇ ਸਾਂ। ਲਿਖਿਆ ਹੈ, ਕਿ ਰਾਮ ਚੰਦਰ ਜੀ ਨੇ ਉਸ ਸ਼ੂਦਰ 'ਸੰਬੂਕ' ਨੂੰ ਆਪ ਕਤਲ ਕੀਤਾ, ਕੇਵਲ ਏਸ ਗੁਨਾਹ ਬਦਲੇ, ਕਿ ਉਹ ਭਗਵਾਨ ਦਾ ਨਾਮ ਜਪ ਰਿਹਾ ਸੀ, ਸਿਮਰਨ ਕਰ ਰਿਹਾ ਸੀ। ਇਸ ਗਵਾਹੀ ਦੇ ਹੁੰਦਿਆਂ ਕਿਵੇਂ ਮੰਨਿਆਂ ਜਾ ਸਕਦਾ ਹੈ, ਕਿ ਰਾਮ ਚੰਦਰ ਜੀ ਸਾਰਿਆਂ ਦੇ ਗੁਰੂ ਸਨ, ਜਾਂ ਉਹਨਾਂ ਦਾ ਧਰਮ ਸਾਰਿਆਂ ਵਾਸਤੇ ਸੀ।

ਹੁਣ ਹਜ਼ਰਤ ਈਸਾ ਦੀ ਗੱਲ ਲਵੋ। ਉਹਦਾ ਧਰਮ ਵੀ ਸਾਰਿਆਂ ਵਾਸਤੇ ਨਹੀਂ। 'ਮਤੀ' ਦੀ ਇੰਜੀਲ ਦੇ ਪੰਧਰ੍ਹਵੇਂ ਕਾਂਡ ਵਿਚ ਲਿਖਿਆ ਹੈ, ਹਜ਼ਰਤ ਕਹਿੰਦੇ ਹਨ, 'ਮੈਨੂੰ ਖ਼ੁਦਾ ਨੇ ਇਸਰਾਈਲ ਘਰਾਣੇ ਦੀਆਂ ਗੁਆਚੀਆਂ ਹੋਈਆਂ ਭੇਡਾਂ ਦੀ ਸੰਭਾਲ ਵਾਸਤੇ ਘੱਲਿਆ ਹੈ।' ਅਰਥ ਬਿਲਕੁਲ ਸਾਫ਼ ਹਨ, ਕਿ ਹਜ਼ਰਤ ਈਸਾ, ਸਿਰਫ਼ ਇਸਰਾਈਲ ਘਰਾਣੇ ਦਾ ਗੁਰੂ (ਰਾਹਬਰ) ਹੈ, ਸਭ ਦਾ ਨਹੀਂ।

ਇੰਜੀਲ ਵਿਚੋਂ ਹੀ ਇਕ ਹੋਰ ਮਸਾਲ ਲਵੋ। ਈਸਾ ਨੂੰ ਹਰ ਰੋਗ ਦੇ ਦੂਰ ਕਰਨ ਵਾਲਾ 'ਮਸੀਹਾ' ਮੰਨਿਆਂ ਜਾਂਦਾ ਸੀ। ਜਾਂ ਇਸ ਕਰਾਮਾਤ ਦਾ ਉਸ ਨੂੰ ਮਾਲਕ ਸਮਝਿਆ ਜਾਂਦਾ ਸੀ। ਇਸ ਬਾਰੇ ਮਿਰਜ਼ਾ ਗ਼ਾਲਿਬ

ਦਾ ਇਕ ਸ਼ੇਅਰ ਵੀ ਹੈ :

"ਇਬਨਿ ਮਰੀਯਮ ਹੂਆ ਕਰੇ ਕੋਈ !
ਮੇਰੇ ਦੁਖ ਕੀ ਦਵਾ ਕਰੇ ਕੋਈ।"

ਇਕ ਕਨਾਨੀ ਤੀਵੀਂ ਆਪਣੀ ਰੋਗਣ ਧੀ ਨੂੰ ਲੈ ਕੇ ਈਸਾ ਪਾਸ ਆਈ। ਮਾਮਤਾ ਮਾਰੀ ਮਾਂ ਨੇ ਫ਼ਰਯਾਦ ਕੀਤੀ, 'ਹੇ ਪ੍ਰਭੂ ! ਆਪ ਜੀ ਦੇ ਹੱਥ ਸ਼ਫ਼ਾ ਹੈ। ਆਪ ਮੇਹਰ ਦਾ ਹੱਥ ਫੇਰ ਦਿਹੋ, ਤਾਂ ਮੇਰੀ ਬੱਚੀ ਰਾਜ਼ੀ ਹੋ ਜਾਵੇਗੀ।'

ਇਹ ਵੇਖ ਕੇ, ਕਿ ਇਸਤਰੀ ਇਸਰਾਈਲ ਖ਼ਾਨਦਾਨ ਵਿਚੋਂ ਨਹੀਂ, ਕਨਾਨੀ ਹੈ, ਈਸਾ ਨੇ ਜਵਾਬ ਦਿਤਾ, 'ਬਾਲਕਾਂ ਦੀ ਰੋਟੀ ਕੁੱਤਿਆਂ ਅੱਗੇ ਨਹੀਂ ਸੁੱਟੀ ਜਾ ਸਕਦੀ।' ਭਾਵ, ਮੈਂ ਆਪਣੇ ਬੱਚਿਆਂ ਦੀ ਰੋਟੀ ਕੁੱਤਿਆਂ ਅੱਗੇ ਪਾਉਣ ਨੂੰ ਤਿਆਰ ਨਹੀਂ। ਇਸਰਾਈਲ ਘਰਾਣੇ ਵਿਚ ਪੈਦਾ ਹੋਣ ਵਾਲੇ ਉਸ ਦੇ ਬਾਲਕ ਹਨ, ਪਰ ਦੂਸਰੇ ਕੌਣ ਹਨ ? ਇੰਜੀਲ ਦੀ ਮਸਾਲ ਤੋਂ ਤੁਸੀਂ ਆਪ ਹੀ ਸਮਝ ਲਵੋ।

ਪਰ ਉਸ ਮਾਂ ਦੀ ਨਮਰਤਾ ਵੇਖੋ। ਉਹ ਹੱਥ ਜੋੜ ਕੇ ਕਹਿੰਦੀ ਹੈ, 'ਪ੍ਰਭੂ ! ਜਿਹੜੇ ਭੋਰੇ ਬੱਚਿਆਂ ਦੇ ਹੱਥਾਂ 'ਚੋਂ ਡਿੱਗ ਪੈਂਦੇ ਹਨ, ਉਹ ਕੁੱਤਿਆਂ ਦੇ ਕੰਮ ਆ ਜਾਂਦੇ ਹਨ।'

ਉਪਰਲੀਆਂ ਦੋਹਾਂ ਮਸਾਲਾਂ ਦੇ ਆਧਾਰ 'ਤੇ ਅਸੀਂ ਕਹਿ ਸਕਦੇ ਹਾਂ, ਕਿ ਈਸਾ ਦਾ ਧਰਮ ਸਾਰਿਆਂ ਵਾਸਤੇ ਨਹੀਂ ਹੈ।

ਪਰ ਦੂਸਰੇ ਪਾਸੇ 'ਸਭ ਤੇ ਵਡਾ ਸਤਿਗੁਰੁ ਨਾਨਕੁ' ਦਾ ਘਰ ਵੇਖੋ। ਪ੍ਰੇਮਾ ਕੋਹੜੀ ਗੁਰੂ ਅਮਰਦਾਸ ਜੀ ਦੇ ਚਰਨਾਂ 'ਤੇ ਆ ਡਿਗਦਾ ਹੈ। ਉਹਦੀ ਜਾਤ ਨਹੀਂ ਪੁੱਛੀ ਜਾਂਦੀ, ਕੁਲ ਨਹੀਂ ਪੁੱਛੀ ਜਾਂਦੀ. ਕੁਕਰਮੀ ਜਾਣ ਕੇ ਉਹਨੂੰ ਧੱਕਾ ਨਹੀਂ ਦਿਤਾ ਜਾਂਦਾ। ਸਗੋਂ ਉਸ ਦਾ ਇਲਾਜ ਕਰ ਕੇ ਉਸ ਨੂੰ ਅਰੋਗ ਕੀਤਾ ਜਾਂਦਾ ਹੈ, ਤੇ ਚੰਗਾ ਜੀਵਨ ਬਖ਼ਸ਼ਿਆ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਦੇ ਮਹਾਂਵਾਕ ਮੁਤਾਬਕ :

"ਜੀਅ ਦਾਨੁ ਦੇ ਭਗਤੀ ਲਾਇਨਿ,

ਹਰਿ ਸਿਉ ਲੈਨਿ ਮਿਲਾਏ।"

ਉਸ ਨੂੰ ਨਵਾਂ ਜੀਵਨ ਬਖ਼ਸ਼ਕੇ ਅਕਾਲ ਪੁਰਖ ਦੀ ਭਗਤੀ ਵਿਚ ਲਾਇਆ ਜਾਂਦਾ ਹੈ।

ਹਜ਼ਰਤ ਮੁਹੰਮਦ ਦਾ ਧਰਮ ਕੇਵਲ ਉਸ ਵਾਸਤੇ ਹੈ, ਜੋ ਉਸ ਨੂੰ ਅੱਲਾਹ ਦਾ 'ਰਸੂਲ' ਮੰਨੇ। ਨਿਰਾ ਖ਼ੁਦਾ ਨੂੰ ਮੰਨਣ ਨਾਲ ਨਹੀਂ ਸਰਦਾ, ਨਾਲ ਮੁਹੰਮਦ ਨੂੰ ਖ਼ੁਦਾ ਦਾ ਰਸੂਲ ਵੀ ਮੰਨਣਾ ਲਾਜ਼ਮੀ ਹੈ। ਭਾਵ, ਸ਼ਰਤ ਮੰਨਣ ਵਾਲਾ ਧਰਮ ਹੈ, ਬਿਨਾਂ ਸ਼ਰਤ ਸਰਬ-ਸਾਂਝਾ ਧਰਮ ਨਹੀਂ।

ਪਰ ਗੁਰੂ ਨਾਨਕ ਦਾ ਧਰਮ, ਬਿਨਾਂ ਕਿਸੇ ਸ਼ਰਤ ਦੇ, ਸਾਰਿਆਂ ਵਾਸਤੇ ਸਰਬ-ਸਾਂਝਾ ਧਰਮ ਹੈ। ਏਥੇ ਇਹ ਕੋਈ ਸ਼ਰਤ ਨਹੀਂ, ਕਿ ਐਸ ਜਾਤੀ ਦਾ ਨਾਮ ਜਪ ਸਕਦਾ ਹੈ, ਤੇ ਐਸ ਦਾ ਨਹੀਂ। ਜਾਂ ਜਿਹੜਾ ਨਾਨਕ ਦੇਵ ਮਹਾਰਾਜ ਨੂੰ ਆਪਣਾ ਗੁਰੂ ਮੰਨੇ, ਓਹਾ ਹਜ਼ੂਰ ਦੇ ਉਪਦੇਸ਼ ਦਾ ਹੱਕਦਾਰ ਹੈ। ਸਗੋਂ ਹਰ ਪ੍ਰਾਣੀ ਮਾਤਰ ਨੂੰ ਉਪਦੇਸ਼ ਸੁਣਨ ਤੇ ਨਾਮ ਜਪਣ ਦਾ ਹੱਕ ਹੈ। ਗੁਰੂ ਅਰਜਨ ਦੇਵ ਜੀ ਗੁਰੂ ਨਾਨਕ ਮਹਾਰਾਜ ਦੇ ਧਰਮ ਦੀ ਵਿਆਖਿਆ ਕਰਦੇ ਹੋਏ ਫ਼ੁਰਮਾਉਂਦੇ ਹਨ:

"ਖਤ੍ਰੀ, ਬ੍ਰਾਹਮਣ, ਸੂਦ, ਵੈਸ,
ਉਪਦੇਸੁ ਚਹੁ ਵਰਨਾ ਕਉ ਸਾਝਾ।"

ਸੁਖਮਨੀ ਸਾਹਿਬ ਵਿਚ ਹਜ਼ੂਰ ਫ਼ੁਰਮਾਉਂਦੇ ਹਨ:

"ਚਹੁ ਵਰਨਾ ਮਹਿ ਜਪੈ ਕੋਊ ਨਾਮੁ।"

ਹੁਣ ਇਤਿਹਾਸ 'ਤੇ ਝਾਤੀ ਮਾਰੋ। ਗੁਰੂ ਨਾਨਕ ਦੇਵ ਜੀ ਦਾ ਅਮਲ ਕੀ ਹੈ। ਆਪ ਗ਼ਰੀਬ ਲਾਲੋ ਕੋਲ ਵੀ ਗਏ ਹਨ, ਸੱਜਣ ਠੱਗ ਕੋਲ ਵੀ। ਪੰਡਤ ਬ੍ਰਹਮਦਾਸ ਕੋਲ ਵੀ, ਤੇ ਵਲੀ ਕੰਧਾਰੀ ਤੇ ਹਮਜ਼ਾ ਗੌਸ ਮੁਸਲਮਾਨਾਂ ਕੋਲ ਵੀ। ਆਪ ਗੰਗਾ, ਗਯਾ, ਦਵਾਰਕਾ ਗਏ ਹਨ, ਤਾਂ ਮੱਕਾ, ਮਦੀਨਾ ਵੀ। ਆਪ ਸਭ ਦੇ ਸਾਂਝੇ ਹਨ, ਸਭ ਦੇ ਗੁਰੂ ਹਨ। ਤਦ ਹੀ ਪੰਜਵੇਂ ਪਾਤਸ਼ਾਹ ਕਹਿੰਦੇ ਹਨ:

"ਸਭ ਤੇ ਵਡਾ ਸਤਿਗੁਰੁ ਨਾਨਕੁ।"

ਹੁਣ ਇਕ ਹੋਰ ਪੱਖੋਂ ਵੀ ਵਿਚਾਰਨਾ ਹੋਵੇਗਾ। ਕੁਛ ਮਹਾਂ ਪੁਰਸ਼ ਆਪਣ ਵੱਡ-ਵਡੇਰਿਆਂ ਦੇ ਵਿਰਸੇ ਕਾਰਨ ਵਾਡੇ ਹੁੰਦੇ ਹਨ, ਤੇ ਕੁਛ ਆਪਣੇ ਗੁਣਾਂ ਕਰਕੇ।

ਭਗਵਾਨ ਰਾਮ ਚੰਦਰ ਰਾਜ ਕੁਮਾਰ ਸਨ, ਤੇ ਮਹਾਰਾਜਾ ਦਸਰਥ ਦੇ ਸਭ ਤੋਂ ਵੱਡੇ ਸਪੁੱਤਰ। ਪਿਤਾ ਪਿਛੋਂ ਰਾਜ-ਗੱਦੀ ਉਤੇ ਉਹਨਾਂ ਦਾ ਜਮਾਂਦਰੂ ਹੱਕ ਸੀ। ਉਸ ਸਮੇਂ ਰਾਜਾ ਨਿਹਕਲੰਕ ਮੰਨਿਆਂ ਜਾਂਦਾ ਸੀ, ਤੇ ਉਸ ਦੀ ਪੂਜਾ ਕੀਤੀ ਜਾਂਦੀ ਸੀ। ਹੋਰ ਕੋਈ ਆਤਮਕ ਗੁਣ ਨਾ ਵੀ ਹੋਵੇ, ਤਾਂ ਫਿਰ ਵੀ ਰਾਜਾ ਪੂਜਣਜੋਗ ਸੀ। ਸੋ ਏਨੀ ਵਡਿਆਈ ਰਾਮ ਚੰਦਰ ਜੀ ਨੂੰ ਜਨਮ ਤੋਂ ਹੀ ਪਰਾਪਤ ਸੀ।

ਭਗਵਾਨ ਕ੍ਰਿਸ਼ਨ ਰਾਜਕੁਮਾਰ ਨਹੀਂ ਸਨ, ਪਰ ਰਾਜੇ ਦੇ ਦੋਹਤਰੇ ਜ਼ਰੂਰ ਸਨ। ਤੇ ਵੱਡੇ ਹੋ ਕੇ ਉਹਨਾਂ ਆਪਣੇ ਬਲ ਨਾਲ ਆਪਣਾ ਵਖਰਾ ਰਾਜ ਕਾਇਮ ਕਰ ਲਿਆ। ਭਾਵ, ਆਪ ਰਾਜਕੁਮਾਰ ਨਹੀਂ ਸਨ, ਪਰ ਰਾਜ ਜ਼ਰੂਰ ਸਨ।

ਮਹਾਤਮਾ ਬੁਧ ਵੀ ਰਾਜਕੁਮਾਰ ਸਨ। ਜੈਨ ਮੁਨੀ ਵੀ ਰਾਜਕੁਮਾਰ ਸਨ। ਸੋ ਉਹਨਾਂ ਸਾਰਿਆਂ ਨੂੰ ਰਾਜਕੁਮਾਰ ਹੋਣ ਦੀ ਵਡਿਆਈ ਵਿਰਸੇ ਵਿਚ ਮਿਲੀ ਸੀ।

ਪਰ ਗੁਰੂ ਨਾਨਕ ਦੇਵ ਜੀ ਇਕ ਸਾਧਾਰਨ ਪਟਵਾਰੀ ਦੇ ਘਰ ਪਰਗਟ ਹੋਏ ਸਨ। ਜਨਮ ਕਰਕੇ ਵਿਰਸੇ ਵਿਚ ਹਜ਼ੂਰ ਨੂੰ ਕੋਈ ਵਡਿਆਈ ਨਹੀਂ ਮਿਲੀ, ਸਗੋਂ ਜੋ ਵਡਿਆਈ ਤੇ ਸਤਕਾਰ ਹਜ਼ੂਰ ਨੂੰ ਮਿਲਿਆ ਹੈ, ਮਹਾਰਾਜ ਦੀ ਆਪਣੀ ਕਰਨੀ ਤੇ ਗੁਣਾਂ ਕਰਕੇ ਮਿਲਿਆ ਹੈ। ਮੰਨਣਾ ਪਵੇਗਾ, ਕਿ ਅਸਲੀ ਵੱਡਾ ਓਹਾ ਹੈ, ਜੋ ਆਪਣੀ ਕਰਨੀ ਕਰ ਕੇ ਉੱਚਾ ਹੋਵੇ।

ਗੁਰੂ ਮਹਾਰਾਜ ਵਿਚ ਵੱਡਾ ਗੁਣ ਹੈ ਸਾਦਗੀ, ਗ਼ਰੀਬੀ, ਨਿਰਮਾਣਤਾ, ਹਉਮੈ ਕਿਤੇ ਨੇੜੇ ਨਹੀਂ ਛੋਹੀ। ਕ੍ਰਿਸ਼ਨ ਕਹਿੰਦਾ ਹੈ, 'ਮੈਂ ਈਸ਼ਵਰ ਹਾਂ, ਬਾਕੀ ਸਾਰੇ ਲੋਕ ਮੇਰਾ ਸਿਮਰਨ ਕਰਨ।' ਈਸਾ ਕਹਿੰਦਾ ਹੈ, 'ਮੈਂ ਖ਼ੁਦਾ

ਦਾ ਪੁੱਤਰ ਹਾਂ', ਪਰ ਬਾਕੀ ਲੋਕ ਨਹੀਂ। ਮੁਹੰਮਦ ਕਹਿੰਦਾ ਹੈ, 'ਮੈਂ ਖ਼ੁਦਾ ਦਾ ਰਸੂਲ ਹਾਂ।' ਰਸੂਲ ਦਾ ਅਰਥ ਹੈ ਪਹੁੰਚਿਆ ਹੋਇਆ। 'ਮੇਰੀ ਖ਼ੁਦਾ ਤਕ ਪਹੁੰਚ ਹੈ, ਦੂਸਰਿਆਂ ਦੀ ਨਹੀਂ।' ਪਰ ਗੁਰੂ ਨਾਨਕ ਕਹਿੰਦਾ ਹੈ :

''ਹਮ ਆਦਮੀ ਹਾਂ ਇਕ ਦਮੀ,
ਮੁਹਲਤਿ ਮੁਹਤੁ ਨ ਜਾਣਾ।''

ਅਸੀਂ ਸਾਰੇ ਇਕ ਦਮ ਦੇ ਮਹਿਮਾਨ ਆਦਮੀ ਹਾਂ। ਮੈਂ ਵੀ ਦੂਸਰਿਆਂ ਵਰਗਾ ਹੀ ਹਾਂ। ਮੈਂ ਵੀ ਅੰਤ ਸਮੇਂ ਤੋਂ ਜਾਣੂ ਨਹੀਂ। ਕਿੰਨੀ ਨਿਰਮਾਣਤਾ ਹੈ, ਹਉਮੈ ਦਾ ਕਿਤੇ ਛਾਉਲਾ ਤਕ ਨਹੀਂ ਪੈਂਦਾ। ਏਹਾ ਹੈ ਹਜ਼ੂਰ ਦੀ ਸਭ ਤੋਂ ਵੱਡੀ ਵਡਿਆਈ।

ਗੁਰੂ ਨਾਨਕ ਸਰਬ ਦਾ ਸਾਂਝਾ ਹੈ। ਆਪਣ ਨਵੇਂ ਧਰਮ ਦਾ ਐਲਾਨ ਕਰਦਿਆਂ ਨਾਅਰਾ ਲਾਇਆ :

'ਨਾ ਹਿੰਦੂ, ਨਾ ਮੁਸਲਮਾਨ।'

ਉਸ ਵੇਲੇ ਭਾਰਤ ਵਿਚ ਦੋ ਵੱਡੇ ਧਰਮ ਸਨ : ਹਿੰਦੂ ਮੱਤ ਤੇ ਇਸਲਾਮ। ਦੋਹਾਂ ਦੀ ਆਪਸ ਵਿਚ ਟੱਕਰ ਸੀ। ਦੋਵੇਂ ਸਚਾਈ ਤੋਂ ਦੂਰ ਜਾ ਚੁੱਕੇ ਸਨ। ਭਾਈ ਗੁਰਦਾਸ ਜੀ ਲਿਖਦੇ ਹਨ :

''ਸੱਚ ਕਿਨਾਰੇ ਰਹਿ ਗਯਾ,
ਖਹਿ ਮਰਦੇ ਬਾਮਣ ਮੌਲਾਣੇ।''

ਗੁਰਦੇਵ ਨੇ ਕਿਸੇ ਇਕ ਦਾ ਪੱਖ ਨਹੀਂ ਕੀਤਾ, ਸਗੋਂ ਦੋਹਾਂ ਨੂੰ ਸਿੱਧਾ ਰਸਤਾ ਦਿਖਾਉਣ ਦਾ ਯਤਨ ਕੀਤਾ ਹੈ। ਇਸ ਗੱਲ ਦਾ ਨਿਰਣਾ ਮੱਕੇ ਦੀ ਸਾਖੀ ਤੋਂ ਬੜਾ ਸਪਸ਼ਟ ਹੈ। ਮੱਕੇ ਵਿਚ ਹਾਜੀਆਂ ਨੇ ਗੁਰੂ ਜੀ ਤੋਂ ਸਾਫ਼ ਸ਼ਬਦਾਂ ਵਿਚ ਉੱਤਰ ਚਾਹਿਆ। ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿਚ

''ਪੁੱਛਣ ਖੋਲ੍ਹ ਕਿਤਾਬ ਨੂੰ,
ਵਡਾ ਹਿੰਦੂ, ਕਿ ਮੁਸਲਮਾਨੋਈ।

ਬਾਬਾ ਆਖੇ ਹਾਜੀਆਂ,
ਸ਼ੁਭ ਅਮਲਾਂ ਬਾਝੋਂ ਦੋਵੇਂ ਰੋਈ।
ਹਿੰਦੂ ਮੁਸਲਮਾਨ ਦੋਇ,
ਦਰਗਹਿ ਅੰਦਰ ਲੈਨ ਨਾ ਢੋਈ।"

ਅਰਥ ਬਿਲਕੁਲ ਸਾਫ਼ ਹਨ। ਕੋਈ ਹਿੰਦੂ ਹੈ, ਜਾਂ ਮੁਸਲਮਾਨ, ਜਾਂ ਕੋਈ ਕਿਸੇ ਵੀ ਧਰਮ ਨੂੰ ਮੰਨਣ ਵਾਲਾ ਹੈ, ਰੱਬ ਦੀ ਦਰਗਾਹ ਵਿਚ ਇਹ ਸਵਾਲ ਨਹੀਂ ਹੋਵੇਗਾ। ਉਥ ਤਾਂ ਸ਼ੁਭ ਅਮਲਾਂ ਉਤੇ ਨਿਬੇੜਾ ਹੋਵੇਗਾ। ਕਿਸੇ ਵਿਚੋਲੇ ਦੀ ਉਥੇ ਸਫ਼ਾਰਸ਼ ਨਹੀਂ ਸੁਣੀ ਜਾਏਗੀ।

ਇਹ ਹੈ ਗੁਰੂ ਨਾਨਕ ਦਾ ਧਰਮ। ਇਸ ਵਿਚ ਵਿਚੋਲੇ ਦੀ ਲੋੜ ਨਹੀਂ। ਇਹ ਇਨਸਾਨ ਨੂੰ ਸਿਧਾ ਭਗਵਾਨ ਨਾਲ ਜੋੜਦਾ ਹੈ, ਤੇ ਸ਼ੁਭ ਅਮਲਾਂ ਉਤੇ ਨਿਬੇੜਾ ਮੰਨਦਾ ਹੈ। ਹਜ਼ੂਰ ਆਪਣੀ ਬਾਣੀ ਵਿਚ ਫ਼ੁਰਮਾਉਂਦੇ ਹਨ :

"ਜੇਹੇ ਕਰਮ ਕਮਾਇ, ਤੇਹਾ ਹੋਇਸੀ।"
"ਸੁਕ੍ਰਿਤੁ ਕੀਤਾ ਰਹਿਸੀ ਮੇਰੇ ਜੀਅੜੇ,
ਬਹੁੜਿ ਨ ਆਵੈ ਵਾਰੀ।"

ਸੁਕ੍ਰਿਤ, ਸ਼ੁਭ ਕਰਮ। ਬੱਸ, ਸ਼ੁਭ ਅਮਲਾਂ ਉਤੇ ਹੀ ਜ਼ੋਰ ਹੈ। ਸ਼ੁਭ ਅਮਲ ਹੀ ਗੁਰੂ ਨਾਨਕ ਦਾ ਧਰਮ ਹੈ। ਸਾਰੀ ਸੰਗਤ ਮਿਲ ਕੇ ਆਖੋ :

"ਸਭ ਤੇ ਵਡਾ ਸਤਿਗੁਰੁ ਨਾਨਕੁ,
ਜਿਨਿ ਕਲ ਰਾਖੀ ਮੇਰੀ।"

ਵਾਹਿਗੁਰੂ ਜੀ ਕਾ ਖ਼ਾਲਸਾ,
ਵਾਹਿਗੁਰੂ ਜੀ ਕੀ ਫ਼ਤਹਿ।

੩੦—੧੨—੭੭

ਚੜ੍ਹਿਆ ਸੋਧਣ ਧਰਤ ਲੋਕਾਈ

ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ :

"ਬਿਨਾ ਸੰਤੋਖ ਨਹੀ ਕੋਊ ਰਾਜੈ ।"

ਇਕ ਜਗ੍ਹਾ ਹਜ਼ੂਰ ਹੋਰ ਫੁਰਮਾਉਂਦੇ ਹਨ :

"ਬਹੁਤੁ ਦਰਬੁ ਕਰਿ ਮਨੁ ਨ ਅਘਾਨਾ ।
ਅਨਿਕ ਰੂਪ ਦੇਖਿ ਨਹ ਪਤੀਆਨਾ ।"

ਮਹਿਲ ਮਾੜੀਆਂ ਹਨ, ਧਨ ਦੌਲਤ ਹੈ, ਦਾਸ ਦਾਸੀਆਂ ਹਨ, ਹੁਕਮ ਚਲਦਾ ਹੈ, ਸੁੰਦਰ ਪਤਨੀ ਹੈ, ਦਿਲ ਪਰਚਾਵੇ ਦੇ ਸਾਰੇ ਸਾਧਨ ਹਨ, ਧਰਤੀ ਦਾ ਸੁਰਗ ਹਾਸਲ ਹੈ। ਪਰ ਏਨਾ ਕੁਛ ਹੁੰਦਿਆਂ ਵੀ ਮਨ ਸ਼ਾਂਤ ਨਹੀਂ। ਅੰਦਰ ਕੁਛ ਖ਼ਾਲੀ ਖ਼ਾਲੀ ਮਹਿਸੂਸ ਹੁੰਦਾ ਹੈ, ਜਿਸ ਦੀ ਪੂਰਤੀ ਵਾਸਤੇ ਮਨ ਹਰ ਵੇਲੇ ਬੇਚੈਨ ਰਹਿੰਦਾ ਹੈ। ਇਸ ਬੇਚੈਨੀ ਨੂੰ ਦੂਰ ਕਰਨ ਵਾਸਤੇ ਰਾਜਕੁਮਾਰ ਬਜ਼ਾਰ ਦੀ ਸੈਰ ਕਰਨ ਵਾਸਤੇ ਨਿਕਲ ਤੁਰਿਆ। ਮੰਤਰੀ ਤੇ ਸੇਵਕ ਨਾਲ ਹਨ। ਬਜ਼ਾਰ ਵਿਚ ਇਕ ਬਿਰਧ ਆਦਮੀ ਨਜ਼ਰੀਂ ਪਿਆ। ਸੁੱਕਾ ਹੋਇਆ ਪਿੰਜਰ, ਕੁੱਬ ਨਿਕਲਿਆ ਹੋਇਆ, ਲੱਤਾਂ ਕੰਬ ਰਹੀਆਂ ਹਨ, ਡੰਗੋਰੀ ਦੇ ਆਸਰੇ ਥਿੜਕਦਾ ਥਿੜਕਦਾ ਤੁਰਿਆ ਜਾ ਰਿਹਾ ਹੈ। ਰਾਜਕੁਮਾਰ ਦੀ ਨਜ਼ਰ ਉਸ ਉਤੇ ਪਈ। ਬਿਰਧ ਦੀ ਤਰਸਯੋਗ ਹਾਲਤ ਦਾ ਜੁਆਨ ਰਾਜਕੁਮਾਰ ਦੇ ਦਿਲ 'ਤੇ ਡਾਢਾ ਅਸਰ ਪਿਆ। ਉਸ ਨੇ ਨਾਲ ਜਾ ਰਹੇ ਮੰਤਰੀ ਨੂੰ ਪੁਛਿਆ, "ਮੰਤਰੀ ਜੀ ! ਇਹ ਪੁਰਸ਼ ਇਸ ਤਰ੍ਹਾਂ ਔਖਾ ਹੋ ਹੋ ਕਿਉਂ ਚੱਲ ਰਿਹਾ ਹੈ।"

ਮੰਤਰੀ ਨੇ ਉੱਤਰ ਦਿਤਾ, "ਰਾਜਕੁਮਾਰ ! ਇਹ ਮਨੁੱਖ ਬੁੱਢਾ ਹੋ ਗਿਆ ਹੈ। ਬੁਢਾਪੇ ਦੇ ਕਾਰਨ ਇਸ ਦੀ ਇਹ ਹਾਲਤ ਬਣ ਗਈ ਹੈ। ਤੇ ਬੁਢਾਪੇ ਦਾ ਦੁਨੀਆਂ ਵਿਚ ਕੋਈ ਇਲਾਜ ਨਹੀਂ।"

"ਮੰਤਰੀ ਜੀ ! ਕੀ ਇਹ ਬੁਢਾਪਾ ਮੇਰੇ 'ਤੇ ਵੀ ਆ ਸਕਦਾ ਹੈ?" ਰਾਜਕੁਮਾਰ ਨੇ ਚਿੰਤਾ ਭਰੀ ਸੁਰ ਵਿਚ ਪੁਛਿਆ।

"ਰਾਜਕੁਮਾਰ ! ਵਡੇਰੀ ਉਮਰ ਦਾ ਹੀ ਨਾਮ ਬੁਢਾਪਾ ਹੈ ਤੇ ਈਸ਼ਵਰ ਕਰੇ, ਆਪ ਇਸ ਨਾਲੋਂ ਵੀ ਲੰਮੀ ਉਮਰ ਮਾਣੋ।" ਮੰਤਰੀ ਨੇ ਆਪਣੀ ਸ਼ਰਧਾ ਪਰਗਟ ਕਰਦਿਆਂ ਕਿਹਾ।

ਨੌਜੁਆਨ ਰਾਜਕੁਮਾਰ ਦੇ ਦਿਲ 'ਤੇ ਇਕ ਚੋਟ ਲੱਗੀ। ਉਸ ਦੀਆਂ ਖ਼ਿਆਲੀ ਅੱਖਾਂ ਦੇ ਸਾਮ੍ਹਣੇ ਆਉਣ ਵਾਲਾ ਬੁਢਾਪਾ ਆ ਗਿਆ। ਉਹ ਸ਼ੀਸ਼ੇ ਦੇ ਸਾਮ੍ਹਣੇ ਖੜਾ ਆਪਣੇ ਦੋ ਰੂਪ ਵੇਖ ਰਿਹਾ ਹੈ. ਇਕ ਵਰਤਮਾਨ ਰੂਪ ਹੈ : ਸਰੂ ਵਰਗਾ ਸਿੱਧਾ ਕੱਦ, ਭਰਿਆ ਹੋਇਆ ਸਡੌਲ ਸਰੀਰ, ਸੁੰਦਰ ਰੂਪ, ਗੁਲਾਬ ਦੇ ਖਿੜੇ ਸੱਜਰੇ ਫੁੱਲ ਵਰਗਾ ਰੰਗ, ਨੈਣਾਂ ਵਿਚ ਕੁਦਰਤੀ ਮਸਤੀ, ਜੋਬਨ ਮੁਸਕਰਾ ਰਿਹਾ ਹੈ। ਉਸ ਦੇ ਪਿਛੇ ਦੂਸਰਾ ਰੂਪ ਲੁਕਿਆ ਖੜਾ ਹੈ, ਮਾਸ-ਮਛਲੀਆਂ ਤੋਂ ਸੱਖਣਾ ਪਿੰਜਰ, ਝੁਕੀ ਹੋਈ ਕਮਰ, ਝੁਰੜੀਆਂ ਭਰਿਆ ਉਦਾਸਿਆ ਚਿਹਰਾ, ਅਖਵਾਨਿਆਂ ਵਿਚ ਧਸੀਆਂ ਹੋਈਆਂ ਚੁੰਨ੍ਹੀਆਂ ਅੱਖਾਂ, ਅੱਧ-ਖੁੱਲ੍ਹਾ ਮੂੰਹ ਦੰਦਾਂ ਤੋਂ ਸੱਖਣਾ, ਤੇ ਕਮਜ਼ੋਰੀ ਦੇ ਕਾਰਨ ਲੱਤਾਂ ਆਪਣੇ ਭਾਰ ਥੱਲੇ ਹੀ ਕੰਬ ਰਹੀਆਂ ਹਨ।

ਰਾਜਕੁਮਾਰ ਸਿਰ ਤੋਂ ਪੈਰਾਂ ਤਕ ਕੰਬ ਉਠਿਆ। ਉਹਦੇ ਅੰਦਰਲੇ ਜਜ਼ਬਾਤ ਹਉਕਾ ਬਣ ਕੇ ਹਵਾ ਵਿਚ ਰਲ ਗਏ। ਉਹ ਬਿਨਾਂ ਆਵਾਜ਼ ਪੈਦਾ ਕੀਤੇ ਉਮਰ ਨੂੰ ਉਲਾਹਮਾ ਦੇ ਰਿਹਾ ਸੀ :

ਵਾਹ ਬੁਢਾਪੇ ਆਸ਼ਕੇ ਤੇਰੇ
ਕਿਧਰ ਲੈ ਗਿਓਂ ਸਾਥੀ ਮੇਰੇ
ਜੋਬਨ, ਮਸਤੀ, ਛੈਲ-ਜੁਆਨੀ
ਦਿਲ ਮਸਤਾਨਾ, ਨਜ਼ਰ ਦੀਵਾਨੀ

ਨੂਹ ਦਾ ਖੇੜਾ, ਪ੍ਰੇਮ ਤਰੰਗਾਂ
ਗੁੰਮ ਹੋਇਆ ਸਭ ਅੰਦਰ ਤੇਰੇ ।

ਕਈ ਦਿਨ ਬੀਤ ਗਏ। ਰਾਜਕੁਮਾਰ ਫਿਰ ਬਜ਼ਾਰ ਵਿਚ ਫਿਰ ਰਿਹਾ ਸੀ। ਸਾਮ੍ਹਣੇ ਵੇਖਿਆ, ਇਕ ਜੁਆਨ ਉਮਰ ਰੋਗੀ ਹਾਲ ਦੁਹਾਈ ਮਚਾਉਂਦਾ ਵੈਦ ਦੀ ਦੁਕਾਨ ਵਲ ਤੁਰਿਆ ਜਾ ਰਿਹਾ ਸੀ। ਉਹਦੀ ਹਾਲਪਾਹਰਿਆ ਸੁਣੀ ਨਹੀਂ ਸੀ ਜਾ ਰਹੀ। ਨਾਲ ਉਹਦਾ ਸਾਥੀ ਉਹਦੀ ਬਾਂਹ ਫੜੀ ਸਹਾਰਾ ਦਿਤੀ ਜਾ ਰਿਹਾ ਸੀ। ਵੇਖ ਕੇ ਰਾਜਕੁਮਾਰ ਘਬਰਾ ਗਿਆ। ਉਹਨੇ ਮੰਤਰੀ ਨੂੰ ਪੁਛਿਆ, "ਮੰਤਰੀ ਜੀ! ਇਹ ਆਦਮੀ ਇਸ ਤਰ੍ਹਾਂ ਤੜਫਦਾ ਲੁੱਛਦਾ ਕਿਉਂ ਜਾ ਰਿਹਾ ਹੈ ?"

ਉੱਤਰ ਮਿਲਿਆ, "ਰਾਜਕੁਮਾਰ! ਇਹ ਮਨੁੱਖ ਰੋਗੀ ਹੈ। ਬੀਮਾਰੀ ਦੇ ਕਾਰਨ ਇਸ ਦਾ ਇਹ ਹਾਲ ਹੈ। ਕੋਈ ਭਿਆਨਕ ਰੋਗ ਜਾਪਦਾ ਹੈ।"

"ਮੰਤਰੀ ਜੀ!" ਰਾਜਕੁਮਾਰ ਨੇ ਕੁਛ ਚਿੰਤਾ ਭਰੀ ਸੁਰ ਵਿਚ ਪੁਛਿਆ, "ਕੀ ਮੈਨੂੰ ਵੀ ਕਦੇ ਕੋਈ ਰੋਗ ਲੱਗ ਸਕਦਾ ਹੈ ?"

"ਰਾਮ ਦਾ ਨਾਮ ਲਵੋ, ਰਾਜਕੁਮਾਰ! ਈਸ਼ਵਰ ਹਰ ਕਿਸਮ ਦੇ ਦੁੱਖ ਰੋਗ ਤੁਹਾਥੋਂ ਦੂਰ ਰੱਖੇ।" ਮੰਤਰੀ ਨੇ ਬੜੀ ਸ਼ਰਧਾ ਨਾਲ ਕਿਹਾ। "ਸਾਡੀ ਸਭ ਦੀ ਅਰਦਾਸ ਹੈ, ਕਿ ਆਪ ਸਦਾ ਸਾਡੀਆਂ ਅੱਖਾਂ ਸਾਮ੍ਹਣੇ ਨਵਾਂ ਨਰੋਏ ਰਹੋ।"

"ਮੰਤਰੀ ਜੀ!" ਰਾਜਕੁਮਾਰ ਨੇ ਪਹਿਲਾਂ ਨਾਲੋਂ ਵੀ ਕੁਛ ਉਦਾਸ ਸੁਰ ਵਿਚ ਪੁਛਿਆ, "ਆਪ ਮੈਨੂੰ ਪਿਆਰ ਕਰਦੇ ਹੋ। ਤੁਹਾਡੀਆਂ ਅਰਦਾਸਾਂ ਬਦਲੇ ਮੈਂ ਧੰਨਵਾਦੀ ਹਾਂ। ਪਰ ਮੇਰਾ ਸਵਾਲ ਹੈ ਕਿ ਮੈਨੂੰ ਵੀ ਕਦੇ ਕੋਈ ਰੋਗ ਲੱਗ ਸਕਦਾ ਹੈ, ਜਾਂ ਨਹੀਂ ?"

"ਰਾਜਕੁਮਾਰ! ਇਹ ਦਾਹਵਾ ਤਾਂ ਕਿਸੇ ਬਾਰੇ ਵੀ ਨਹੀਂ ਕੀਤਾ ਜਾ ਸਕਦਾ, ਕਿ ਉਸ ਨੂੰ ਕਦੇ ਕੋਈ ਰੋਗ ਨਹੀਂ ਲੱਗੇਗਾ। ਕਰਮਾਂ ਦਾ ਫਲ, ਕੋਈ ਵੀ ਮਨੁੱਖ ਬੀਮਾਰ ਹੋ ਸਕਦਾ ਹੈ।" ਮੰਤਰੀ ਨੂੰ ਇਹ ਸਚਾਈ ਮੰਨਣੀ ਪਈ।

ਨੌਜੁਆਨ ਰਾਜਕੁਮਾਰ ਦੇ ਦਿਲ 'ਤੇ ਇਕ ਹੋਰ ਚੋਟ ਲੱਗੀ। ਰਾਤ ਦਿਨੇ ਉਹ ਏਸੇ ਚਿੰਤਾ ਵਿਚ ਪਿਆ ਰਹਿੰਦਾ। ਕਦੇ ਉਹ ਆਪਣੇ ਆਪ ਨੂੰ ਬੀਮਾਰੀ ਦੀ ਹਾਲਤ ਵਿਚ ਮੰਜੇ 'ਤੇ ਪਿਆ ਤੜਪਦਾ ਵੇਖਦਾ, ਤੇ ਕਦੇ ਉਸ ਬਿਰਧ ਵਾਂਗ ਬੁਢਾਪੇ ਦੇ ਭਾਰ ਥੱਲੇ ਦੱਬਿਆ ਹੋਇਆ ਲਾਚਾਰ ਮਹਿਸੂਸ ਕਰਦਾ।

ਕਈਆਂ ਦਿਨਾਂ ਦੀ ਉਦਾਸੀ ਦੂਰ ਕਰਨ ਵਾਸਤੇ ਰਾਜਕੁਮਾਰ ਫਿਰ ਬਜ਼ਾਰ ਵਿਚ ਸੈਰ ਕਰਨ ਨਿਕਲ ਤੁਰਿਆ। ਓਸੇ ਤਰ੍ਹਾਂ ਸੇਵਕ ਤੇ ਮੰਤਰੀ ਨਾਲ ਸਨ। ਥੋੜੀ ਦੂਰ ਗਏ, ਤਾਂ ਸਾਮ੍ਹਣੇ ਇਕ ਦਿਲ ਹਿਲਾ ਦੇਣ ਵਾਲਾ ਦ੍ਰਿਸ਼ ਆ ਗਿਆ।

ਬਹੁਤ ਸਾਰੇ ਲੋਕ ਇਕ ਅਰਥੀ ਉਠਾਈ ਸਮਸਾਨ ਭੂਮੀ ਵੱਲੇ ਤੁਰੇ ਜਾ ਰਹੇ ਸਨ। ਉਸ ਦੇ ਪਿਛੇ ਉਹਦੇ ਬਿਰਧ ਮਾਤਾ ਪਿਤਾ ਰੋਂਦੇ ਜਾ ਰਹੇ ਸਨ, ਉਹਦੀ ਮੁਟਿਆਰ ਪਤਨੀ ਸਿਰ ਦੇ ਵਾਲ ਖੋਹੰਦੀ ਜਾ ਰਹੀ ਸੀ। ਦੋ ਛੋਟੇ ਛੋਟੇ ਬਾਲ ਮਗਰ ਮਗਰ ਵਿਲਕਦੇ ਜਾ ਰਹੇ ਸਨ। ਪਿਛੇ ਢੇਰ ਸਾਰੇ ਮਨੁੱਖ ਤੇ ਇਸਤਰੀਆਂ ਹੰਝੂ ਕੇਰਦੇ ਜਾ ਰਹੇ ਸਨ।

"ਦੁਨੀਆ ਮੁਕਾਮੇ ਫਾਨੀ,
ਤਹਰੀਕ ਦਿਲ ਦਾਨੀ।"

ਵਾਲਾ ਕਰੁਣਾਮਈ ਵਾਤਾਵਰਣ ਸੀ।

ਵੇਖ ਕੇ ਰਾਜਕੁਮਾਰ ਸਿਰ ਤੋਂ ਪੈਰਾਂ ਤਕ ਕੰਬ ਉਠਿਆ। ਘਬਰਾਏ ਹੋਏ ਰਾਜਕੁਮਾਰ ਨੇ ਮੰਤਰੀ ਨੂੰ ਬਾਂਹੋਂ ਫੜ ਕੇ ਪੁਛਿਆ, "ਮੰਤਰੀ ਜੀ! ਇਹ ਮੈਂ ਕੀ ਵੇਖ ਰਿਹਾ ਹਾਂ।"

"ਰਾਜਕੁਮਾਰ! ਇਹ ਜ਼ਿੰਦਗੀ ਦੀ ਹਕੀਕਤ ਹੈ। ਇਨਸਾਨ ਦੀ ਆਖ਼ਰੀ ਮਨਜ਼ਲ। ਇਹ ਮਨੁੱਖ ਮਰ ਗਿਆ ਹੈ। ਭਗਵਾਨ ਦਾ ਭੇਜਿਆ ਆਇਆ ਸੀ, ਭਗਵਾਨ ਦਾ ਸੱਦਿਆ ਚਲਾ ਗਿਆ ਹੈ।"

ਲਾਈ ਹਯਾਤ ਆਏ, ਕਜ਼ਾ ਲੇ ਚਲੀ, ਚਲੇ
ਅਪਨੀ ਖ਼ੁਸ਼ੀ ਨ ਆਏ, ਨ ਅਪਨੀ ਖ਼ੁਸ਼ੀ ਚਲੇ।

"ਘਲੇ ਆਵਹਿ ਨਾਨਕਾ, ਸਦੇ ਉਠੀ ਜਾਹਿ।"

"ਤਾਂ ਮੰਤਰੀ ਜੀ !" ਰਾਜਕੁਮਾਰ ਨੇ ਡਾਢੀ ਪਰੇਸ਼ਾਨੀ ਵਿਚ ਪੁਛਿਆ, "ਇਕ ਦਿਨ ਮੇਰੇ 'ਤੇ ਵੀ ਅਜੇਹਾ ਸਮਾਂ ਆਵੇਗਾ। ਮੈਨੂੰ ਵੀ ਮੌਤ ਦਾ ਸ਼ਕਾਰ ਹੋਣਾ ਪਵੇਗਾ। ਮੇਰੇ ਮਾਤਾ ਪਿਤਾ, ਮੇਰੀ ਪਤਨੀ, ਮੇਰਾ ਬੱਚਾ।" ਉਸ ਵੇਲੇ ਰਾਜਕੁਮਾਰ ਸਿਧਾਰਥ ਦੀਆਂ ਅੱਖਾਂ ਸਾਮ੍ਹਣੇ ਤਿੰਨ-ਚਾਰ ਮਹੀਨੇ ਦਾ 'ਰਾਹੁਲ' ਵਿਲਕ ਰਿਹਾ ਸੀ।

ਮੰਤਰੀ ਨੇ ਰਾਜਕੁਮਾਰ ਦੀਆਂ ਅੱਖਾਂ ਵਿਚ ਤਕਦਿਆਂ ਬੜੀ ਚਿੰਤਾ ਭਰੀ ਸੁਰ ਵਿਚ ਕਿਹਾ, "ਰਾਜਕੁਮਾਰ ! ਅਜੇਹੇ ਅਸ਼ੁਭ ਬਚਨ ਮੂੰਹੋਂ ਨਾ ਕਢੋ। ਆਪ ਜੁਗ ਜੁਗ ਜੀਵੋ, ਤੇ ਰਹਿੰਦੀ ਦੁਨੀਆਂ ਤਕ ਸਾਡੇ ਸਿਰਾਂ 'ਤੇ ਰਾਜ ਕਰੋ। ਫਿਰ ਅਜੇਹੇ ਸ਼ਬਦ ਨਾ ਕਹਿਣੇ।"

"ਮੰਤਰੀ ਜੀ ! ਹੁਣੇ ਤੁਸਾਂ ਕਿਹਾ ਸੀ, ਇਹ ਜ਼ਿੰਦਗੀ ਦੀ ਹਕੀਕਤ ਹੈ। ਸੋ ਮੈਂ ਆਪ ਜੀ ਤੋਂ ਹਕੀਕਤ ਪੁਛਦਾ ਹਾਂ। ਦੱਸੋ, ਸੱਚ ਕੀ ਹੈ ? ਕੀ ਮੈਨੂੰ ਵੀ ਇਕ ਦਿਨ ਮਰਨਾ ਪਵੇਗਾ ?"

ਮਜਬੂਰ ਹੋ ਕੇ ਮੰਤਰੀ ਨੂੰ ਮੰਨਣਾ ਪਿਆ, "ਜੋ ਜਨਮਿਆਂ ਹੈ, ਉਹਨੇ ਅਵੱਸ਼ ਮਰਨਾ ਹੈ।"

"ਜਨਮੰ, ਤ ਮਰਣੰ, ਹਰਖੰ ਤ ਸੋਗੰ, ਭੋਗੰ ਤ ਰੋਗੰ।"

"ਕੋਇ ਨ ਰਹਿ ਹੈ, ਰਾਜਾ ਰਾਨਾ।"

"ਜੋ ਆਇਆ, ਸੋ ਚਲਸੀ, ਅਮਰੁ ਸੁ ਗੁਰੁ ਕਰਤਾਰੁ।"

"ਰਾਜਕੁਮਾਰ ! ਇਕ ਈਸ਼ਵਰ ਹੀ ਅਮਰ ਹੈ। ਕਿਉਂਕਿ ਉਹ ਅਜਨਮਾ ਹੈ। ਜੋ ਜਨਮਿਆਂ ਹੈ, ਉਹਦੇ ਵਾਸਤੇ ਮੌਤ ਲਾਜ਼ਮੀ ਹੈ।"

ਇਹ ਆਖ਼ਰੀ ਚੋਟ ਸੀ, ਜੋ ਰਾਜਕੁਮਾਰ ਸਿਧਾਰਥ ਦੇ ਮਨ 'ਤੇ ਲੱਗੀ। ਉਹ ਰਾਤ ਦਿਨੇ ਉਦਾਸ ਰਹਿਣ ਲੱਗਾ। 'ਇਸ ਰੋਗ ਤੋਂ, ਇਸ ਬੁਢਾਪੇ ਤੋਂ, ਇਸ ਮੌਤ ਤੋਂ ਛੁਟਕਾਰਾ ਕਿਵੇਂ ਮਿਲੇ। ਮੁਕਤ ਕਿਵੇਂ ਹੋਵਾਂ, ਨਿਰਵਾਣ ਕਿਵੇਂ ਹਾਸਲ ਕਰਾਂ।' ਇਹ ਖ਼ਿਆਲ ਕਿਸੇ ਵੇਲੇ ਵੀ ਉਹਦਾ ਖਹਿੜਾ ਨਹੀਂ ਛਡਦੇ।

ਅੰਤ ਰਿਸ਼ੀਆਂ ਮੁਨੀਆਂ, ਭਲੇ ਪੁਰਸ਼ਾਂ ਦੀਆਂ ਕਹੀਆਂ ਸੁਣੀਆਂ ਯਾਦ ਆ ਗਈਆਂ, ਕਿ ਤਪ ਔਰ ਸਾਧਨਾ ਹੀ ਮੁਕਤੀ ਦਾ ਰਸਤਾ ਹੈ।

"ਪਰ ਘਰ ਵਿਚ, ਮਾਤਾ ਪਿਤਾ, ਇਸਤਰੀ, ਬੱਚਾ, ਸੇਵਕ, ਚਾਕਰ, ਇਹਨਾਂ ਵਿਚ ਰਹਿ ਕੇ ਤਪ ਕਿਵੇਂ ਹੋ ਸਕੇਗਾ। ਇਹ ਅਸੰਭਵ ਹੈ। ਸੋ ਘਰ ਛਡ ਕੇ ਨੱਸਣਾ ਪਵੇਗਾ।" ਰਾਜਕੁਮਾਰ ਨੇ ਮਨ ਨਾਲ ਫ਼ੈਸਲਾ ਕਰ ਲਿਆ। "ਪਰ ਇਹ ਮੈਨੂੰ ਜਾਣ ਵੀ ਦੇਣਗੇ? ਨਹੀਂ। ਫਿਰ? ਇਕੋ ਰਸਤਾ ਹੈ। ਚੋਰੀ, ਸਭ ਤੋਂ ਚੋਰੀ।"

ਫ਼ੈਸਲਾ ਹੋ ਗਿਆ। ਰਾਤ ਅੱਧੀ ਬੀਤੀ ਸੀ। ਰਾਜ ਕੁਮਾਰ ਆਪਣੇ ਪਲੰਘ ਤੋਂ ਉਠਿਆ ਤੇ ਪੋਲੇ ਪੈਰੀਂ ਬਾਹਰ ਨੂੰ ਤੁਰ ਪਿਆ। ਥੋੜੀ ਦੂਰ ਗਿਆ, ਤਾਂ ਅੰਦਰ ਦੀ ਖਿੱਚ ਨੇ ਰੋਕ ਲਿਆ। ਮਨ ਵਿਚੋਂ ਆਵਾਜ਼ ਆਈ, "ਸਿਧਾਰਥ! ਜਿਸ ਦੇਵੀ ਤੁੱਲ ਪਤਨੀ 'ਯਸ਼ੋਧਰਾ' ਨੂੰ, ਜਿਸ ਮਾਸੂਮ ਬਾਲਕ 'ਰਾਹੁਲ' ਨੂੰ ਸਦਾ ਵਾਸਤੇ ਛੱਡ ਕੇ ਜਾ ਰਿਹਾ ਹੈਂ, ਇਹਨਾਂ ਨੂੰ ਮੁੜਕੇ ਤਕਣਾ ਕਦੋਂ ਨਸੀਬ ਹੋਵੇਗਾ। ਇਕ ਵਾਰ ਤਾਂ ਫਿਰ ਨਿਗ੍ਹਾ ਭਰ ਕੇ ਤੱਕ ਲੈ।"

ਰਾਜ ਕੁਮਾਰ ਪਰਤ ਪਿਆ। ਯਸ਼ੋਧਰਾ ਆਪਣੇ ਪਲੰਘ ਉਤੇ ਸੁੱਤੀ ਪਈ ਸੀ। ਚੰਦ ਦੀ ਮੱਧਮ ਚਾਨਣੀ ਉਹਦੇ ਪਵਿੱਤਰ ਚਿਹਰੇ ਉਤੇ ਪੈ ਰਹੀ ਸੀ। ਪੰਜ ਮਹੀਨੇ ਦਾ ਰਾਹੁਲ ਉਹਦੀ ਛਾਤੀ ਉਤੇ ਸੁੱਤਾ ਪਿਆ ਸੀ। ਪਲੰਘ ਦੀ ਬਾਹੀ ਉਤੇ ਝੁਕ ਕੇ ਸਿਧਾਰਥ ਨੇ ਮਾਂ ਪੁੱਤ ਨੂੰ ਦਿਲ ਭਰ ਕੇ ਤਕਿਆ। ਵੈਰਾਗ ਨਾਲ ਅੱਖਾਂ ਭਰ ਆਈਆਂ। ਦਿਲ ਵਿਚ ਖ਼ਿਆਲ ਆਇਆ, "ਸਿਧਾਰਥ! ਜਿਹੜੇ ਮਾਂ-ਪੁੱਤ ਸੁੱਤੇ ਪਏ ਵੀ ਤੇਰੇ ਪੈਰਾਂ ਦੀਆਂ ਜ਼ੰਜੀਰਾਂ ਬਣ ਰਹੇ ਹਨ, ਜਦੋਂ ਜਾਗ ਪਏ, ਫਿਰ ਤੈਨੂੰ ਕਦੋਂ ਜਾਣ ਦੇਣਗੇ।"

ਇਸ ਖ਼ਿਆਲ ਨੇ ਸਿਧਾਰਥ ਨੂੰ ਸਿਰ ਤੋਂ ਪੈਰਾਂ ਤਕ ਕੰਬਾ ਦਿਤਾ। ਉਹ ਪੋਲੇ ਪੈਰੀਂ ਚੋਰਾਂ ਵਾਂਗ ਦੌੜਿਆ, ਤੇ ਸ਼ਾਹੀ ਮਹਿਲ ਦੀ ਚਾਰ ਦੀਵਾਰੀ ਤੋਂ ਬਾਹਰ ਹੋ ਗਿਆ। ਜੰਗਲਾਂ ਵਿਚ ਤਪ ਕਰਦਿਆਂ ਉਹਨੇ

ਕਈ ਸਾਲ ਗੁਜ਼ਾਰ ਦਿਤੇ। ਕਠਨ ਘਾਲਣਾ ਦੇ ਕਾਰਨ ਅੰਤ ਉਹਨੂੰ ਨਿਰਵਾਣ ਦੀ ਪਰਾਪਤੀ ਹੋ ਗਈ। ਤੇ ਓਹੀ ਸਿਧਾਰਥ ਸੰਸਾਰ ਵਿਚ 'ਮਹਾਤਮਾ ਗੌਤਮ ਬੁੱਧ' ਦੇ ਨਾਮ ਨਾਲ ਪਰਸਿਧ ਹੋਇਆ।

ਮੇਰਾ ਇਸ ਲੰਮੇ ਪਰਮਾਣ ਤੋਂ ਮਨੋਰਥ ਹੈ, ਕਿ ਮਹਾਤਮਾ ਬੁੱਧ ਬਣਨ ਦਾ ਚਾਹਵਾਨ ਰਾਜਕੁਮਾਰ ਘਰੋਂ ਕੁਛ ਪਰਾਪਤ ਕਰਨ ਵਾਸਤੇ ਤੁਰਿਆ ਹੈ, ਤਾਂ ਰਾਤ ਚੋਰਾਂ ਵਾਂਗ ਨੱਸ ਕੇ ਗਿਆ ਹੈ। ਪਰ ਗੁਰੂ ਨਾਨਕ ਮਹਾਰਾਜ ਜਗਤ ਜਲੰਦਾ ਠਾਰਨ ਵਾਸਤੇ ਘਰੋਂ ਤੁਰੇ ਹਨ, ਤਾਂ ਸਾਰਿਆਂ ਆਪਣਿਆਂ ਬੇਗਾਨਿਆਂ ਦੇ ਸਾਮ੍ਹਣੇ ਤੁਰੇ ਹਨ। ਸਿਧਾਰਥ ਕੁਛ ਲੈਣ ਵਾਸਤੇ ਤੁਰਿਆ ਸੀ, ਗੁਰੂ ਨਾਨਕ ਕੁਛ ਦੇਣ ਵਾਸਤੇ ਤੁਰੇ ਹਨ। ਬਹੁਤ ਵੱਡਾ ਫ਼ਰਕ ਹੈ।

ਪੂਰੇ ਅਠਾਈ ਸਾਲ ਮਹਾਰਾਜ ਨੇ ਆਪਣੇ ਆਪ ਨੂੰ ਉਸ ਕੰਮ ਵਾਸਤੇ ਤਿਆਰ ਕੀਤਾ, ਜਿਸ ਮਹਾਨ ਕਾਰਜ ਵਾਸਤੇ ਨਿਰੰਕਾਰ ਨੇ ਹਜ਼ੂਰ ਨੂੰ ਭੇਜਿਆ ਸੀ। ਤਿੰਨ ਚਾਰ ਮਹੀਨੇ ਪਹਿਲਾਂ ਹੀ ਮਹਾਰਾਜ ਨੇ ਆਪਣੇ ਲੰਮੇ ਸਫ਼ਰ ਦਾ ਐਲਾਨ ਕਰ ਦਿਤਾ।

ਘਰੋਂ ਤੁਰਨ ਦਾ ਸਮਾਂ ਆ ਗਿਆ। ਮਾਤਾ ਪਿਤਾ ਹਾਜ਼ਰ ਹਨ। ਬੇਬੇ ਨਾਨਕੀ ਜੀ ਤੇ ਜੇਰਾਮ ਪਾਸ ਖਲੋ ਹਨ। ਹਜ਼ੂਰ ਦੇ ਮਹਿਲ ਮਾਤਾ ਸੁਲਖਣੀ ਜੀ ਤੇ ਉਹਨਾਂ ਦੇ ਮਾਤਾ ਪਿਤਾ ਵੀ ਮੌਜੂਦ ਹਨ। ਸਭ ਦੇ ਮਨ ਉਦਾਸ ਹਨ। ਸਭ ਤੋਂ ਪਹਿਲਾਂ ਮਾਤਾ ਸੁਲਖਣੀ ਜੀ ਅੱਗੇ ਵਧੇ। ਉਹਨਾਂ ਮਹਾਰਾਜ ਦੇ ਚਰਨ ਛੁਹ ਕੇ ਬੇਨਤੀ ਕੀਤੀ, "ਮਹਾਰਾਜ! ਭਾਰਤੀ ਇਸਤਰੀ ਪਤੀ ਨੂੰ ਪਰਮੇਸ਼ਰ ਮੰਨਦੀ ਹੈ। ਮੈਥੋਂ ਅਨੇਕਾਂ ਭੁੱਲਾਂ ਹੋਈਆਂ ਹੋਣਗੀਆਂ। ਪਰ ਆਪ ਬਖ਼ਸ਼ਣਹਾਰ ਹੋ। ਮੇਰੀਆਂ ਭੁੱਲਾਂ ਦੇ ਕਾਰਨ ਮੈਨੂੰ ਤਿਆਗ ਕੇ ਨਾ ਜਾਉ। ਇਸਤਰੀ ਵਾਸਤੇ ਛੁੱਟੜ ਬਹਿਣ ਨਾਲੋਂ, ਮਰ ਜਾਣਾ ਚੰਗਾ ਹੈ।"

"ਸੁਲਖਣੀ ਜੀ!" ਹਜ਼ੂਰ ਨੇ ਬੜੇ ਧੀਰਜ ਨਾਲ ਕਿਹਾ, "ਤੁਹਾਨੂੰ ਇਹ ਵਹਿਮ ਕਿਵੇਂ ਹੋ ਗਿਆ, ਕਿ ਅਸੀਂ ਤੁਹਾਨੂੰ ਤਿਆਗ ਕੇ ਜਾ ਰਹੇ

ਹਾਂ। ਇਕ ਵਾਰ ਗ੍ਰਿਸਤ ਧਰਮ ਧਾਰਨ ਕਰਨ ਪਿਛੋਂ, ਉਸ ਨੂੰ ਤਿਆਗਣਾ ਕਾਇਰਤਾ ਹੈ। ਇਕ ਸਵਾਲ ਪੁਛਦੇ ਹਾਂ। ਤੁਸੀਂ ਸਾਨੂੰ ਆਪਣਾ ਮਾਲਕ ਮੰਨਦੇ ਹੋ ਨਾਂ।"

"ਹਾਂ, ਪ੍ਰਾਣਨਾਥ! ਪਤੀ ਇਸਤਰੀ ਦਾ ਮਾਲਕ ਹੈ, ਸਵਾਮੀ ਹੈ, ਪ੍ਰਭੂ ਹੈ।" ਸੁਲਖਣੀ ਜੀ ਨੇ ਸਿਰ ਝੁਕਾ ਕੇ ਕਿਹਾ।

"ਤੁਹਾਨੂੰ ਆਪਣੇ ਮਾਲਕ ਦਾ ਹੁਕਮ ਮੰਨਣ ਵਿਚ ਕਿੰਨੀ-ਕੁ ਖੁਸ਼ੀ ਹੁੰਦੀ ਹੈ।" ਗੁਰਦੇਵ ਨੇ ਇਕ ਹੋਰ ਸਵਾਲ ਕੀਤਾ।

"ਮਹਾਰਾਜ! ਮਾਲਕ ਦਾ ਹੁਕਮ ਮੰਨਣਾ ਹੀ ਜ਼ਿੰਦਗੀ ਦੀ ਸਭ ਤੋਂ ਵੱਡੀ ਖੁਸ਼ੀ ਹੈ।" ਸੁਲਖਣੀ ਜੀ ਨੇ ਅੱਖਾਂ ਵਿਚੋਂ ਸ਼ਰਧਾ ਦੇ ਹੰਝੂ ਕੇਰਦਿਆਂ ਕਿਹਾ।

"ਤਾਂ, ਸੁਲਖਣੀ ਜੀ! ਸਾਡਾ ਵੀ ਇਕ ਮਾਲਕ ਹੈ। ਅਸੀਂ ਉਸ ਦਾ ਹੁਕਮ ਮੰਨ ਕੇ, ਸੱਚ ਦਾ ਢੰਡੋਰਾ ਦੇਣ ਵਾਸਤੇ ਜਾ ਰਹੇ ਹਾਂ।" ਨਾਲ ਹੀ ਮਹਾਰਾਜ ਨੇ ਆਪਣੇ ਰੰਗ ਵਿਚ ਉਚਾਰਿਆ:

"ਮੈ ਆਧਾਰੁ ਤੇਰਾ, ਤੂ ਖਸਮੁ ਮੇਰਾ,
ਮੈ ਤਾਣੁ ਤਕੀਆ ਤੇਰਓ।"

"ਉਸ 'ਖਸਮ' ਦਾ ਆਸਰਾ ਲੈ ਕੇ, ਉਸ ਦੇ ਹੁਕਮ ਦੀ ਪਾਲਣਾ ਕਰਨ ਵਾਸਤੇ ਜਾ ਰਹੇ ਹਾਂ। ਜਦ ਉਸ ਦੇ ਹੁਕਮ ਅਨੁਸਾਰ ਫਿਰ ਘਰ ਪਰਤਾਂਗੇ, ਆਪ ਸਾਡੇ ਨਾਲ ਹੋਵੋਗੇ। ਨਾਮ ਜਪਣਾ ਤੇ ਉਸ ਰਜਾਈ ਦੇ ਹੁਕਮ ਵਿਚ ਚੱਲਣ ਦਾ ਯਤਨ ਕਰਨਾ।"

"ਹੁਕਮਿ ਰਜਾਈ ਚਲਣਾ
ਨਾਨਕ ਲਿਖਿਆ ਨਾਲਿ।"

ਮਾਤਾ ਸੁਲਖਣੀ ਦੇ ਪਿਤਾ ਮੂਲ ਚੰਦ ਜੀ ਕੁਛ ਨਾਰਾਜ਼ਗੀ ਵਿਚ ਖਲੋ ਸਨ। ਉਹਨਾਂ ਦਾ ਨਾਰਾਜ਼ ਹੋਣਾ ਸੁਭਾਵਕ ਸੀ। ਉਹਨਾਂ ਕੁਛ ਕਠੋਰ ਸ਼ਬਦਾਂ ਵਿਚ ਕਿਹਾ, "ਤੁਸਾਂ ਸਾਧ ਹੋ ਕੇ ਘਰ ਛੱਡ ਜਾਣਾ ਸੀ, ਤਾਂ ਪਹਿਲਾਂ ਵਿਆਹ ਹੀ ਕਿਉਂ ਕਰਾਇਆ ਸੀ? ਹੁਣ ਤੁਹਾਡੇ ਪਰਵਾਰ ਦੀ ਪਾਲਣਾ

ਕੌਣ ਕਰੇਗਾ ?"

ਗੁਰਦੇਵ ਨੇ ਓਵੇਂ ਨਰਮੀ ਨਾਲ ਉੱਤਰ ਦਿਤਾ, "ਬਜ਼ੁਰਗਵਾਰ! ਨਾਰਾਜ਼ ਨਾ ਹੋਵੋ। ਸਭ ਦੀ ਪਾਲਣਾ ਕਰਨ ਵਾਲਾ ਪਰਮਾਤਮਾ ਆਪ ਹੈ।

"ਸਭਨਾ ਜੀਆ ਕਾ ਇਕੁ ਦਾਤਾ,
ਸੋ ਮੈ ਵਿਸਰਿ ਨ ਜਾਈ।" (ਜਪੁ, ਪੰਨਾ ੨)

"ਤੇ ਅਸਾਂ ਆਪਣਾ ਫ਼ਰਜ਼ ਭੁਲਾਇਆ ਨਹੀਂ। ਜੋ ਸਾਡੀ ਰਕਮ ਨਵਾਬ ਵੱਲ ਨਿਕਲਦੀ ਹੈ, ਉਸ ਵਿਚੋਂ ਅੱਧੀ ਸੁਲਖਣੀ ਜੀ ਨੂੰ ਮਿਲ ਜਾਵੇਗੀ ਤੇ ਅੱਧੀ ਹੋਰ ਲੋੜਵੰਦਾਂ ਵਿਚ ਵੰਡ ਦਿਤੀ ਜਾਵੇਗੀ।"

ਮਾਤਾ, ਪਿਤਾ, ਹੋਰ ਸਰਬੰਧੀਆਂ ਸ਼ਰਧਾਲੂਆਂ ਨੇ ਵਾਰੀ ਵਾਰੀ ਬੇਨਤੀਆਂ ਕੀਤੀਆਂ ਤੇ ਮਹਾਰਾਜ ਨੇ ਸਭ ਨੂੰ ਬੜੇ ਧੀਰਜ ਨਾਲ ਸੰਤੁਸ਼ਟ ਕੀਤਾ। ਸਭ ਤੋਂ ਪਿਛੋਂ ਵਾਰੀ ਆਈ ਬੇਬੇ ਨਾਨਕੀ ਜੀ ਦੀ। ਉਹਨਾਂ ਸਿਰੀਚੰਦ ਨੂੰ ਅਗੇਰੇ ਕਰਕੇ ਕਿਹਾ, "ਮੇਰੇ ਚੰਗੇ ਵੀਰ! ਸਿਰੀ ਚੰਦ ਹੁਣ ਤਿੰਨ ਸਾਲ ਦਾ ਹੋ ਗਿਆ ਹੈ। ਇਹ ਬਾਹਰ ਹਾਣੀਆਂ ਨਾਲ ਖੇਡਣ ਜਾਏਗਾ। ਬਾਲਕ ਆਪਸ ਵਿਚ ਖੇਡਦੇ ਖੇਡਦੇ ਲੜ ਪੈਣਗੇ। ਦੂਸਰੇ ਬਾਲਕ ਵਿਰੋਧੀ ਦੀ ਸ਼ਕਾਇਤ ਕਰਨ ਵਾਸਤੇ ਦੌੜੇ ਦੌੜੇ ਆਪਣੇ ਆਪਣੇ ਪਿਤਾ ਦੀ ਗੋਦੀ ਜਾ ਮੱਲਣਗੇ। ਪਰ ਸਿਰੀਚੰਦ ਕਿੱਥੇ ਜਾਇਗਾ। ਆਪ ਇਸ ਪਾਸੋਂ ਇਸ ਦਾ ਹੱਕ, ਪਿਤਾ ਦੀ ਗੋਦ ਖੁਹ ਕੇ ਜਾ ਰਹੇ ਹੋ। ਦੱਸੋ, ਇਸ ਦਾ ਇਹ ਕੁਦਰਤੀ ਹੱਕ ਇਸ ਨੂੰ ਕਿਥੋਂ ਮਿਲੇਗਾ।"

ਬਹੁਤ ਵੱਡਾ ਸਵਾਲ ਸੀ। ਪਿਤਾ ਦੀ ਗੋਦ, ਬੱਚੇ ਦਾ ਕੁਦਰਤੀ ਹੱਕ ਹੈ। ਗੁਰੂ ਮਹਾਰਾਜ ਥੋੜਾ ਥੋੜਾ ਮੁਸਕਰਾਉਂਦੇ ਹੋਏ ਬੜੇ ਧੀਰਜ ਨਾਲ ਬੋਲੇ, "ਬੇਬੇ ਜੀ! ਸਿਰੀ ਚੰਦ ਦਾ ਹੱਕ ਤਾਂ ਇਸ ਨੂੰ ਮਿਲਣਾ ਹੀ ਚਾਹੀਦਾ ਹੈ। ਸੁਲਖਣੀ ਜੀ ਇਸ ਦੇ ਮਾਤਾ ਹਨ, ਤੇ ਆਪ ਇਸ ਨੂੰ ਪਿਤਾ ਦਾ ਪਿਆਰ ਦਿਹੋਗੇ। ਲਖਮੀ ਦਾਸ ਸੁਲਖਣੀ ਜੀ ਕੋਲ ਰਹੇਗਾ। ਤੇ ਸਿਰੀਚੰਦ ਤੁਹਾਡੇ ਪਾਸ। ਇਹ ਅੱਜ ਤੋਂ ਤੁਹਾਡਾ ਹੋਇਆ। ਏਸ ਤਰ੍ਹਾਂ

ਤੁਹਾਨੂੰ ਦੋਹਾਂ ਨੂੰ ਤੁਹਾਡਾ ਕੁਦਰਤੀ ਹੱਕ ਮਿਲ ਜਾਏਗਾ।"

ਯਾਦ ਰਹੇ, ਬੀਬੀ ਨਾਨਕੀ ਜੀ ਦੇ ਘਰ ਕੋਈ ਬਾਲ ਨਹੀਂ ਸੀ। ਉਹਨਾਂ ਸਿਰੀਚੰਦ ਨੂੰ ਹੀ ਆਪਣਾ ਪੁੱਤਰ ਸਮਝਕੇ ਪਾਲਿਆ। ਪਰ ਜਦ ਗੁਰੂ ਨਾਨਕ ਦੇਵ ਮਹਾਰਾਜ ਅਖ਼ੀਰ ਉਮਰ ਵਿਚ ਕਰਤਾਰਪੁਰ ਰਹਿਣ ਲੱਗ ਪਏ, ਤਾਂ ਬੀਬੀ ਜੀ ਨੇ ਸਿਰੀਚੰਦ ਨੂੰ ਵੀ ਹਜ਼ੂਰ ਪਾਸ ਕਰਤਾਰਪੁਰ ਭੇਜ ਦਿਤਾ।

ਗੁਰਦੇਵ ਦੇ ਤੁਰਨ ਦਾ ਸਮਾਂ ਆ ਗਿਆ। ਭਾਈ ਮਰਦਾਨਾ ਮਹਾਰਾਜ ਦਾ ਸਾਥੀ ਬਣਿਆਂ। ਸਾਰਾ ਪਰਵਾਰ ਗੁਰਦੇਵ ਨੂੰ ਨੱਗਰੋਂ ਬਾਹਰ ਤਕ ਵਿਦਿਆ ਕਰਨ ਗਿਆ। ਮਹਾਰਾਜ 'ਸਤਿ ਕਰਤਾਰ' ਕਹਿੰਦੇ ਹੋਏ ਤੁਰ ਪਏ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ :

"ਚੜ੍ਹਿਆ ਸੋਧਣ ਧਰਤ ਲੋਕਾਈ।"

ਗੁਰਦੇਵ ਨੇ ਆਪਣਾ ਨਸ਼ਾਨਾ ਮਿਥ ਲਿਆ, ਜਿਸ 'ਸਚਾਈ' ਦਾ ਹਜ਼ੂਰ ਨੇ ਪਰਚਾਰ ਕਰਨਾ ਸੀ। ਸਭ ਤੋਂ ਪਹਿਲਾਂ ਇਸ ਗੱਲ ਦੀ ਲੋੜ ਸੀ, ਕਿ ਲੋਕਾਂ ਦਾ ਧਿਆਨ ਆਪਣੇ ਵੱਲ ਖਿਚਿਆ ਜਾਵੇ। ਸਾਰੇ ਸੰਸਾਰ ਵਿਚ ਹੀ 'ਸੰਤ-ਬਾਣੇ' ਦੀ ਸਦਾ ਮਾਨਤਾ ਰਹੀ ਹੈ। ਹਜ਼ੂਰ ਨੇ ਵੀ ਗ੍ਰਿਸਤੀਆਂ ਵਾਲੇ ਬਸਤਰ ਲਾਹ ਕੇ ਸੰਤਾਂ ਵਾਲਾ ਲਿਬਾਸ ਪਹਿਨ ਲਿਆ। (ਵੈਸੇ ਮਹਾਰਾਜ ਦਾ ਕਿਸੇ ਵੀ ਉਚੇਚੇ ਲਿਬਾਸ ਨਾਲ ਖ਼ਾਸ ਲਗਾਉ ਨਹੀਂ ਸੀ। ਅਖ਼ੀਰੀ ਉਮਰ, ਮਹਾਰਾਜ ਕਰਤਾਰਪੁਰ ਵਿਚ ਰਹਿਣ ਲੱਗ ਪਏ, ਤਾਂ ਸੰਤਾਂ ਵਾਲਾ ਭੇਖ ਉਤਾਰ ਕੇ ਆਪ ਨੇ ਫਿਰ ਗ੍ਰਿਸਤੀਆਂ ਵਾਲੇ ਬਸਤਰ ਪਹਿਨ ਲਏ ਸਨ।)

ਸਭ ਤੋਂ ਪਹਿਲਾਂ ਮਹਾਰਾਜ ਨੇ ਆਪਣੇ ਧਰਮ ਦੇ ਪਰਚਾਰ ਵਾਸਤੇ ਧਰਮ ਦੀ ਕਿਰਤ ਕਰਨ ਵਾਲੇ ਪੁਰਜ਼ ਭਾਈ ਲਾਲੋ ਨੂੰ ਚੁਣਿਆਂ। ਇਸ ਵਿਚ ਵੀ ਇਕ ਖ਼ਾਸ ਭੇਦ ਹੈ।

ਇਕ ਵਾਰ ਬਹੁਤ ਵੱਡੇ ਸਾਹਿਤਕ ਇਕੱਠ ਵਿਚ ਇਕ ਵਿੱਦਵਾਨ ਸੱਜਣ ਨੇ ਮਹਾਰਾਜ ਬਾਰੇ ਆਪਣੇ ਵਿਚਾਰ ਕੁਛ ਇਉਂ ਪਰਗਟ ਕੀਤੇ।

''ਉਸ ਸਮੇਂ ਭਗਤੀ ਲਹਿਰ ਦਾ ਜ਼ੋਰ ਸੀ। ਬਹੁਤ ਸਾਰੇ ਸੰਤ ਪੁਰਸ਼ਾਂ ਨੇ ਜ਼ਾਤ ਪਾਤ ਦੇ ਖੰਡਨ ਉਤੇ ਬੜਾ ਜ਼ੋਰ ਦਿਤਾ। ਉਹਨਾਂ ਵਿਚੋਂ ਭਗਤ ਨਾਮ ਦੇਵ ਜੀ, ਭਗਤ ਕਬੀਰ ਜੀ ਤੇ ਗੁਰੂ ਨਾਨਕ ਦੇਵ ਜੀ ਪਰਮੁਖ ਸਨ। ਪਰ ਮੈਂ ਇਹਨਾਂ ਤਿੰਨਾਂ ਮਹਾਂ ਪੁਰਸ਼ਾਂ ਵਿਚੋਂ ਨਾਮਦੇਵ ਜੀ ਨੂੰ ਵਧੇਰੇ ਵਡਿਆਈ ਦਾ ਹੱਕਦਾਰ ਸਮਝਦਾ ਹਾਂ, ਕਿਉਂਕਿ ਉਹ ਦੂਸਰੇ ਦੋਹਾਂ ਨਾਲੋਂ ਪਹਿਲਾਂ ਹੋਏ ਹਨ।'' ਮੁਕਦੀ ਗੱਲ ਉਹਨੇ ਆਪਣੇ ਭਾਸ਼ਣ ਵਿਚ ਇਕ ਪੱਖੋਂ ਤਾਂ ਇਹਨਾਂ ਤਿੰਨਾਂ ਮਹਾਨ ਹਸਤੀਆਂ ਨੂੰ ਇਕ ਪੱਧਰ 'ਤੇ ਰਖਿਆ, ਤੇ ਦੂਸਰੇ ਪਾਸੇ ਨਾਮਦੇਵ ਜੀ ਨੂੰ ਦੂਸਰਿਆਂ ਨਾਲੋਂ ਵੱਡਾ ਮੰਨਿਆਂ।

ਆਓ, ਹੁਣ ਆਪਾਂ ਇਸ ਸਚਾਈ ਦੀ ਪਰਖ ਉਹਨਾਂ ਮਹਾਂਪੁਰਸ਼ਾਂ ਦੀ ਬਾਣੀ ਤੋਂ ਕਰੀਏ। ਇਹ ਤਾਂ ਸੱਚ ਹੈ, ਕਿ ਭਗਤ ਨਾਮ ਦੇਵ ਜੀ ਦਾ ਜਨਮ ਇਹਨਾਂ ਵਿਚੋਂ ਪਹਿਲਾਂ ਹੋਇਆ ਹੈ। ਭਾਵ, ਭਗਤ ਨਾਮਦੇਵ ਜੀ ੧੨੭੦ ਈ. ਵਿਚ, ਭਗਤ ਕਬੀਰ ਜੀ ੧੩੯੯ ਈ. ਵਿਚ ਤੇ ਗੁਰੂ ਨਾਨਕ ਦੇਵ ਜੀ ੧੪੬੯ ਈ. ਵਿਚ ਪਰਗਟ ਹੋਏ। ਪਰ ਸੰਸਾਰ ਵਿਚ ਪਹਿਲਾਂ, ਜਾਂ ਕੁਛ ਸਮਾਂ ਪਿਛੋਂ ਆਉਣ ਵਿਚ ਕੋਈ ਫ਼ਰਕ ਨਹੀਂ ਪੈਂਦਾ। ਵੇਖਣਾ ਤਾਂ ਇਹ ਹੈ, ਕਿ ਕਿਸੇ ਮਹਾਂਪੁਰਸ਼ ਨੇ ਇਸ ਮਸਲੇ 'ਤੇ ਕੀ ਕੁਛ ਕੀਤਾ ਹੈ।

ਪਹਿਲਾਂ ਅਸੀਂ ਨਾਮਦੇਵ ਜੀ ਨੂੰ ਲੈਂਦੇ ਹਾਂ। ਆਪ ਸ਼ਰਧਾ ਨਾਲ ਭਗਵਾਨ ਕ੍ਰਿਸ਼ਨ ਦੇ ਮੰਦਰ ਵਿਚ ਗਏ। ਜਾਤਿ ਅਭਿਮਾਨੀ ਪੰਡਤਾਂ ਨੇ ਭਗਤ ਜੀ ਨੂੰ ਸ਼ੂਦਰ ਕਹਿ ਕੇ ਮੰਦਰ ਵਿਚੋਂ ਬਾਹਰ ਕਢ ਦਿਤਾ। ਨਾਮਦੇਵ ਜੀ ਆਪਣੇ ਪ੍ਰਭੂ (ਬੀਠਲ) ਪਾਸ ਗਿਲ੍ਹਾ ਕਰਦੇ ਹਨ :

''ਸੂਦੁ ਸੂਦੁ ਕਰਿ ਮਾਰਿ ਉਠਾਇਓ,
ਕਹਾ ਕਰਉ ਬਾਪ ਬੀਠਲਾ।
ਮੂਏ ਹੂਏ ਜਉ ਮੁਕਤਿ ਦੇਹੁਗੇ,
ਮੁਕਤਿ ਨ ਜਾਨੈ ਕੋਇਲਾ।
ਏ ਪੰਡੀਆ ਮੋ ਕਉ ਢੇਢ ਕਹਤ,
ਤੇਰੀ ਪੈਜ ਪਿਛੰਉਡੀ ਹੋਇਲਾ।''

ਡਾਢਾ ਨਿਹੋਰਾ ਹੈ। ਮਰਨ ਪਿਛੋਂ ਪ੍ਰਭੂ! ਤੂੰ ਮੁਕਤੀ ਵੀ ਦੇ ਦੇਵੇਂਗਾ, ਤਾਂ ਉਸ ਮੁਕਤੀ ਨੂੰ ਜਾਣੇਗਾ ਕੌਣ ? ਪੰਡਤ ਮੈਨੂੰ ਢੇਢ (ਸ਼ੂਦਰ) ਕਹਿੰਦਾ ਹੈ। ਯਾਦ ਰੱਖ, ਇਹ ਸਭ ਉਲਾਹਮਾ ਤੈਨੂੰ ਹੀ ਹੈ।

ਇਹਨਾਂ ਪੰਗਤੀਆਂ ਵਿਚ ਭਗਤ ਜੀ ਨੇ ਆਪਣੀ ਦੀਨ-ਦਸ਼ਾ ਤਾਂ ਪਰਗਟ ਕੀਤੀ ਹੈ, ਪਰ ਜਾਤ ਪਾਤ ਦਾ ਖੁੱਲ੍ਹ ਕੇ ਖੰਡਨ ਨਹੀਂ ਕੀਤਾ।

ਏਸੇ ਪਰਸੰਗ ਨਾਲ ਸੰਬੰਧਤ ਦੂਸਰਾ ਸ਼ਬਦ ਭੈਰਉ ਰਾਗ ਵਿਚ ਹੈ। ਆਪ ਲਿਖਦੇ ਹਨ :

"ਹਸਤ ਖੇਲਤ ਤੇਰੇ ਦੇਹੁਰੇ ਆਇਆ।
ਭਗਤਿ ਕਰਤ ਨਾਮਾ ਪਕਰਿ ਉਠਾਇਆ।
ਹੀਨੜੀ ਜਾਤ ਮੇਰੀ ਜਾਦਿਮ ਰਾਇਆ।
ਛੀਪੇ ਕੇ ਜਨਮਿ ਕਾਹੇ ਕਉ ਆਇਆ।"

"ਹੇ ਜਾਦਵ ਕੁਲ ਦੇ ਰਾਜਾ (ਜਾਦਮ ਰਾਇਆ) ਭਗਵਾਨ ਕ੍ਰਿਸ਼ਨ ! ਮੇਰੀ ਜਾਤ ਹੀਣੀ ਸੀ। ਏਸੇ ਵਾਸਤੇ ਪੰਡਤਾਂ ਨੇ ਮੈਨੂੰ ਭਗਤੀ ਕਰਦੇ ਨੂੰ ਤੇਰੇ ਦੇਹੁਰੇ ਵਿਚੋਂ ਫੜ ਕੇ ਉਠਾ ਦਿਤਾ ਹੈ। ਮੈਂ ਸੋਚਦਾ ਹਾਂ, ਕਿ ਮੈਂ ਛੀਂਬੇ ਦੇ ਘਰ ਕਿਉਂ ਜਨਮਿਆਂ ?"

ਅਖ਼ੀਰਲੀ ਪੰਗਤੀ ਜਾਤ ਪਾਤ ਦਾ ਖੰਡਨ ਕਰਨ ਦੀ ਥਾਂ, ਸਗੋਂ ਇਕ ਹਸਰਤ ਪਰਗਟ ਕਰਦੀ ਹੈ, ਕਿ ਈਸ਼ਵਰ ਨੇ ਉਸ ਨੂੰ ਛੀਂਬੇ ਦੇ ਘਰ ਕਿਉਂ ਜਨਮ ਦਿਤਾ। ਜੇ ਉਸ ਦਾ ਕਿਸੇ ਉਚੀ ਜਾਤੀ ਘਰ ਜਨਮ ਹੋਇਆ ਹੁੰਦਾ, ਤਾਂ ਉਸ ਨੂੰ ਇਹ ਨਿਰਾਦਰ ਨਾ ਸਹਿਣਾ ਪੈਂਦਾ। ਦੂਸਰੇ ਸ਼ਬਦਾਂ ਵਿਚ, ਜੇ ਭਗਤ ਨਾਮਦੇਵ ਜੀ ਕਿਸੇ ਉੱਚੀ ਜਾਤੀ ਘਰ ਜਨਮੇ ਹੁੰਦੇ, ਤਾਂ ਉਹ ਵਧੇਰੇ ਸੰਤੁਸ਼ਟ ਹੁੰਦੇ, ਤੇ ਕਦੇ ਜਾਤ ਪਾਤ ਦਾ ਖੰਡਨ ਨਾ ਕਰਦੇ।

ਇਕ ਹੋਰ ਥਾਂ ਭਗਤ ਜੀ ਆਪਣੇ ਮਨ ਨੂੰ ਢਾਰਸ ਦੇਣ ਵਾਸਤੇ ਕਹਿੰਦੇ ਹਨ :

"ਕਹਾ ਕਰਉ ਜਾਤੀ, ਕਹ ਕਰਉ ਪਾਤੀ।
ਰਾਮ ਕੋ ਨਾਮੁ ਜਪਉ ਦਿਨ ਰਾਤੀ।"

ਹੁਣ ਭਗਤ ਕਬੀਰ ਜੀ ਦੀ ਸੁਣੋ। ਆਪ ਬੜੀ ਤਿੱਖੀ ਭਾਸ਼ਾ ਵਰਤਦੇ ਹਨ। ਬਨਾਰਸ ਵਿਚ ਰਹਿਣ ਕਰ ਕੇ ਉਹਨਾਂ ਦੀ ਪੰਡਤਾਂ ਨਾਲ ਆਮ ਝੜਪ ਹੁੰਦੀ ਰਹਿੰਦੀ ਸੀ। ਇਸ ਵਿਸ਼ੇ ਉਤੇ ਆਪ ਜਾਤ-ਅਭਿਮਾਨੀ ਪੰਡਤ ਦੀ ਖ਼ੂਬ ਖਿੱਲੀ ਉਡਾਉਂਦੇ ਹਨ :

''ਗਰਭ ਵਾਸ ਮਹਿ ਕੁਲੁ ਨਹੀ ਜਾਤੀ।
ਬ੍ਰਹਮ ਬਿੰਦੁ ਤੇ ਸਭ ਉਤਪਾਤੀ।
ਕਹੁ ਰੇ ਪੰਡਿਤ, ਬਾਮਨ ਕਬ ਕੇ ਹੋਏ।
ਬਾਮਨ ਕਹਿ ਕਹਿ ਜਨਮੁ ਮਤ ਖੋਏ।
ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ।
ਤਉ ਆਨ ਬਾਟ ਕਾਹੇ ਨਹੀ ਆਇਆ।
ਤੁਮ ਕਤ ਬ੍ਰਾਹਮਣ, ਹਮ ਕਤ ਸੂਦ।
ਹਮ ਕਤ ਲੋਹੂ, ਤੁਮ ਕਤ ਦੂਧ।
ਕਹੁ ਕਬੀਰ, ਜੋ ਬ੍ਰਹਮੁ ਬੀਚਾਰੈ।
ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ।''

ਕਿਤਨਾ ਸਖ਼ਤ ਵਿਅੰਗ ਹੈ। ਭਾਸ਼ਾ ਬਹੁਤੀ ਔਖੀ ਨਹੀਂ। ਅਰਥ ਬੜੇ ਸਾਫ਼ ਹਨ। ਇਸ ਨੂੰ ਜਾਤ ਪਾਤ ਦਾ ਖੰਡਨ ਮੰਨਿਆਂ ਜਾ ਸਕਦਾ ਹੈ।

ਗੁਰੂ ਨਾਨਕ ਦੇਵ ਜੀ ਜਾਤ ਪਾਤ ਦਾ ਖੰਡਨ ਇਹਨਾਂ ਸ਼ਬਦਾਂ ਵਿਚ ਕਰਦੇ ਹਨ :

''ਫਕੜ ਜਾਤੀ, ਫਕੜੁ ਨਾਉ।
ਸਭਨਾ ਜੀਆ ਇਕਾ ਛਾਉ।
ਆਪਹੁ ਜੇ ਕੋ ਭਲਾ ਕਹਾਏ।
ਨਾਨਕ, ਤਾ ਪਰੁ ਜਾਪੈ, ਜਾ ਪਤਿ ਲੇਖੈ ਪਾਏ।''

ਪਰ ਏਥੇ ਮੁਢਲਾ ਫ਼ਰਕ ਇਕ ਹੋਰ ਹੈ। ਮੰਨੂੰ ਦੀ ਥਾਪੀ ਵਰਣ ਵੰਡ ਅਨੁਸਾਰ ਨਾਮਦੇਵ ਜੀ ਤੇ ਕਬੀਰ ਜੀ ਨੀਂਵੀਂ ਜਾਤੀ ਵਿਚੋਂ ਮੰਨੇ ਜਾਂਦੇ ਹਨ। ਨਾਮਦੇਵ ਜੀ ਆਪ ਮੰਨਦੇ ਹਨ :

"ਹੀਨੜੀ ਜਾਤ ਮੇਰੀ ਜਾਦਿਮ ਰਾਇਆ।"

"ਸੂਦੁ ਸੂਦੁ ਕਰਿ ਮਾਰਿ ਉਠਾਇਓ......।"

"ਏ ਪੰਡੀਆ ਮੋ ਕਉ ਢੇਢ ਕਹਤ,......।"

ਕਬੀਰ ਜੀ ਕਹਿੰਦੇ ਹਨ :

"ਓਛੀ ਮਤਿ ਮੇਰੀ ਜਾਤਿ ਜੁਲਾਹਾ।"

ਧੰਨਾ ਜੀ ਕਬੀਰ ਬਾਰੇ ਲਿਖਦੇ ਹਨ :

"ਨੀਚ ਕੁਲਾ ਜੋਲਾਹਰਾ......।"

ਜਨਮ ਕਰ ਕੇ ਇਹ ਦੋਵੇਂ ਮਹਾਂਪੁਰਸ਼ ਸੂਦਰ ਜਾਤੀ ਵਿਚੋਂ ਮੰਨੇ ਜਾਂਦੇ ਹਨ, ਤੇ ਪੰਡਤ ਇਹਨਾਂ ਨੂੰ ਨੀਂਵਾਂ (ਜਾਂ ਨੀਚ) ਸਮਝਦਾ ਹੈ। ਪਰ ਗੁਰੂ ਨਾਨਕ ਦੇਵ ਜੀ ਮਹਾਰਾਜ ਜਨਮ ਕਰ ਕੇ ਉੱਚੀ ਸ਼ਰੇਣੀ ਵਿਚੋਂ ਹਨ। ਛਤਰੀਆਂ ਵਿਚੋਂ 'ਬੇਦੀ' ਕੁਲ ਬੜੀ ਉੱਚੀ ਮੰਨੀ ਜਾਂਦੀ ਹੈ। ਪੰਡਤ ਨੂੰ ਵੇਦ ਪੜ੍ਹਨ ਦਾ ਹੱਕ ਹੈ, ਤੇ ਛੱਤਰੀ ਨੂੰ ਰਾਜ ਕਰਨ ਦਾ। ਪਰ ਬੇਦੀ ਬੰਸ ਨੂੰ ਵੇਦ ਪੜ੍ਹਨ ਦਾ ਵੀ ਹੱਕ ਹੈ ਤੇ ਰਾਜ ਕਰਨ ਦਾ ਵੀ।

ਹੁਣ, ਨਾਮਦੇਵ ਜੀ ਤੇ ਕਬੀਰ ਜੀ ਜਾਤ ਪਾਤ ਦਾ ਖੰਡਨ ਇਸ ਵਾਸਤੇ ਕਰਦੇ ਹਨ, ਕਿ ਉਹ ਆਪ ਉੱਚੀ ਜਾਤੀ ਵਿਚੋਂ ਨਹੀਂ। ਜਾਂ ਦੂਸਰੇ ਸ਼ਬਦਾਂ ਵਿਚ, ਉਹ ਦੋਵੇਂ ਮਹਾਂਪੁਰਸ਼ ਉਸ ਵਸਤੂ ਦੇ ਤਿਆਗ ਦਾ ਉਪਦੇਸ਼ ਦੇਂਦੇ ਹਨ,ਜੋ ਉਹਨਾਂ ਨੂੰ ਆਪ ਪਰਾਪਤ ਨਹੀਂ। ਤੇ ਗੁਰੂ ਨਾਨਕ ਦੇਵ ਜੀ ਉੱਚੀ ਜਾਤੀ ਵਿਚੋਂ ਹੁੰਦੇ ਹੋਏ, ਜਾਤ ਪਾਤ ਦਾ ਖੰਡਨ ਕਰਦੇ ਹਨ। ਭਾਵ, ਹਜ਼ੂਰ ਉਸ ਵਸਤੂ ਦੇ ਤਿਆਗ ਦਾ ਉਪਦੇਸ਼ ਦੇਂਦੇ ਹਨ, ਜੋ ਆਪ ਨੂੰ ਜਨਮ-ਸਿੱਧ ਪਰਾਪਤ ਹੈ। ਜਿਸ ਪਦਵੀ ਦਾ ਕੋਈ ਮਾਲਕ ਹੀ ਨਹੀਂ, ਉਸਦੇ ਤਿਆਗ ਦੀ ਕੀ ਕੀਮਤ। ਤਿਆਗ ਤਾਂ ਉਸ ਵਸਤੂ ਦਾ ਕਿਹਾ ਜਾ ਸਕਦਾ ਹੈ, ਜੋ ਆਪ ਨੂੰ ਪਰਾਪਤ ਹੋਵੇ।

ਇਸ ਸਚਾਈ ਨੂੰ ਸਾਮ੍ਹਣੇ ਰੱਖ ਕੇ ਕਹਿ ਸਕਦੇ ਹਾਂ, ਕਿ ਇਸ ਮਸਲੇ ਵਿਚ ਗੁਰੂ ਨਾਨਕ ਦੇਵ ਜੀ ਦਾ ਅਸਥਾਨ ਦੂਸਰਿਆਂ ਨਾਲੋਂ ਬਹੁਤ ਉਚੇਰਾ ਹੈ।

ਇਹ 'ਸਿਧਾਂਤ' ਦੀ ਗੱਲ ਹੈ। ਹੁਣ 'ਅਮਲ' ਵੱਲ ਵੇਖੋ।

ਸੁਲਤਾਨ ਪੁਰੋਂ ਚੱਲ ਕੇ ਮਹਾਰਾਜ ਸਿੱਧੇ ਏਮਨਾਬਾਦ ਪਹੁੰਚਦੇ ਹਨ। ਇਸ ਦਾ ਵੀ ਇਕ ਖ਼ਾਸ ਕਾਰਨ ਸੀ। ਉਸ ਸਮੇਂ ਜੇ ਕੋਈ ਧਨੀ ਜੱਗ ਕਰਦਾ ਸੀ,ਤਾਂ ਉਹਦਾ ਢੰਡੋਰਾ ਬਹੁਤ ਪਿੱਟਿਆ ਜਾਂਦਾ ਸੀ। ਕਰਮ-ਕਾਂਡੀ ਮਨੁੱਖ ਦੇ ਅੰਦਰ ਚੰਗਾ ਕਰਨ ਜਾਂ ਚੰਗਾ ਬਣਨ ਨਾਲੋਂ ਚੰਗਾ ਅਖਵਾਉਣ ਦਾ ਬਹੁਤਾ ਲਾਲਚ ਸੀ। ਏਮਨਾਬਾਦ ਦਾ ਮਾਇਆਧਾਰੀ ਮਲਕ ਭਾਗ ਬ੍ਰਹਮ ਭੋਜ' ਕਰ ਰਿਹਾ ਸੀ। ਉਹਦਾ ਮਨੋਰਥ ਸੀ, ਕਿ ਸਾਰੇ ਦੇਸ ਵਿਚ ਉਹਦੀ ਵਾਹ-ਵਾਹ ਹੋਵੇ। ਉਸ ਵਡਿਆਈ ਦੇ ਭੁੱਖੇ ਨੇ ਦੂਰ ਨੇੜੇ, ਸਭ ਥਾਂਈਂ ਖ਼ਬਰਾਂ ਭੇਜ ਦਿਤੀਆਂ ਸਨ, ਕਿ ਫਲਾਨੇ ਦਿਨ ਮਲਕ ਜੀ 'ਬ੍ਰਹਮ ਭੋਜ' ਕਰ ਰਹੇ ਹਨ, ਸਭ ਸਾਧੂ ਸੰਤ ਤੇ ਬ੍ਰਾਹਮਣ ਉਸ ਜੱਗ ਵਿਚ ਭੋਜਨ ਪਾਉਣ। ਗੁਰਦੇਵ ਨੇ ਸੋਚਿਆ, ਕਿ ਆਪਣੇ ਵਿਚਾਰਾਂ ਦਾ ਪਰਚਾਰ ਕਰਨ ਵਾਸਤੇ ਇਹ ਬਹੁਤ ਸੁੰਦਰ ਮੌਕਿਆ ਹੈ। ਉਸ ਸਮੇਂ ਸਭ ਤੋਂ ਵੱਡਾ ਰੋਗ ਊਚ ਨੀਚ ਦਾ ਸੀ। ਜਾਤ-ਅਭਿਮਾਨੀ ਪੰਡਤ ਤੇ ਛੱਤਰੀ, ਦੂਸਰਿਆਂ ਨੂੰ ਇਨਸਾਨ ਸਮਝਣ ਵਾਸਤੇ ਹੀ ਤਿਆਰ ਨਹੀਂ ਸਨ। ਹਜ਼ੂਰ ਨੇ ਇਸ ਬੁਰਾਈ ਦੇ ਵਿਰੁਧ ਅਮਲੀ ਕਦਮ ਉਠਾਇਆ। ਸਾਰੇ ਏਮਨਾਬਾਦ ਵਿਚੋਂ ਮਹਾਰਾਜ ਨੇ ਭਾਈ ਲਾਲੋ ਨੂੰ ਚੁਣਿਆਂ। ਹਜ਼ੂਰ ਨੇ ਬੂਹਾ ਖੜਕਾਉਂਦਿਆਂ ਵਾਜ ਦਿਤੀ, "ਭਾਈ ਲਾਲੋ! ਬੂਹਾ ਖੋਲ੍ਹ। ਅਸੀਂ ਤੈਨੂੰ ਮਿਲਨ ਵਾਸਤੇ ਆਏ ਹਾਂ।"

ਭਾਈ ਲਾਲੋ ਦੇ ਕੰਮ ਕਰਦੇ ਹੱਥ ਰੁਕ ਗਏ। ਉਹ ਹੈਰਾਨ ਹੋਇਆ ਸੋਚਣ ਲੱਗਾ, 'ਹੈਂ? ਮੈਨੂੰ ਤਾਂ ਸਾਰੇ ਵੱਡੇ ਲੋਕ 'ਓਇ' ਕਹਿ ਕੇ ਬੁਲਾਉਂਦੇ ਹਨ। ਇਹ ਕੌਣ ਮਿਠ-ਬੋਲਾ ਆ ਗਿਆ ਹੈ, ਜੋ ਮੇਰੇ ਵਰਗੇ ਗਰੀਬ ਕਿਰਤੀ ਨੂੰ 'ਭਾਈ' ਕਹਿਕੇ ਬੁਲਾ ਰਿਹਾ ਹੈ।'

ਧਨ ਦੌਲਤ ਦੀ ਕਾਣੀ ਵੰਡ ਵਾਲੇ ਸੰਸਾਰ ਵਿਚ ਵੱਡੇ ਲੋਕ ਛੋਟਿਆਂ ਨੂੰ ਆਦਰ ਨਾਲ ਬੁਲਾਉਣਾ ਆਪਣੀ ਹੱਤਕ ਸਮਝਦੇ ਆਏ ਹਨ। ਉਹਨਾਂ ਦੀ ਵਡਿਆਈ ਏਸੇ ਵਿਚ ਹੈ, ਕਿ ਉਹ ਆਪ ਤੋਂ ਨੀਂਵਿਆਂ ਨੂੰ

ਨਿਰਾਦਰ ਭਰੇ ਸ਼ਬਦਾਂ ਨਾਲ ਬੁਲਾਉਣ। ਇਸ ਵਿਤਕਰੇ ਭਰੇ ਵਰਤਾਉ ਬਾਰੇ ਭਗਤ ਕਬੀਰ ਜੀ ਕਿੰਨੇ ਸੁਚੱਜੇ ਢੰਗ ਨਾਲ ਕਹਿੰਦੇ ਹਨ :

"ਨਿਰਧਨ ਆਦਰੁ ਕੋਈ ਨ ਦੇਇ।
ਲਾਖ ਜਤਨ ਕਰੈ, ਓਹੁ ਚਿਤਿ ਨ ਧਰੇਇ।
ਜਉ ਨਿਰਧਨੁ, ਸਰਧਨ ਕੈ ਜਾਇ।
ਆਗੇ ਬੈਠਾ ਪੀਠਿ ਫਿਰਾਇ।
ਜਉ ਸਰਧਨੁ, ਨਿਰਧਨ ਕੈ ਜਾਇ।
ਦੀਆ ਆਦਰੁ ਲੀਆ ਬੁਲਾਇ।
ਨਿਰਧਨ ਸਰਧਨੁ ਦੋਨਉ ਭਾਈ।
ਪ੍ਰਭ ਕੀ ਕਲਾ ਨ ਮੇਟੀ ਜਾਈ।"

ਨਿਰਧਨ, ਗ਼ਰੀਬ ਤੇ ਸਰਧਨ ਅਮੀਰ, ਹੈਨ ਤਾਂ ਦੋਵੇਂ ਭਾਈ, ਪਰ ਮਾਲੀ ਨਾ-ਬਰਾਬਰੀ ਦੇ ਕਾਰਨ ਦੋਹਾਂ ਵਿਚ ਫ਼ਰਕ ਕਿੰਨਾ ਹੈ। ਸੰਸਾਰ ਵਿਚ ਗ਼ਰੀਬ ਨੂੰ ਕਿਤੇ ਆਦਰ ਨਹੀਂ ਮਿਲਦਾ। ਉਹ ਕਿੰਨਾ ਯਤਨ ਕਰੇ, ਭਾਵੇਂ ਸਿਰੋਂ ਪਰੇ ਹੋ ਕੇ ਖ਼ੁਸ਼ਾਮਦ ਕਰੇ, ਧਨੀ ਪੁਰਸ਼ ਉਸ ਪਾਸੇ ਧਿਆਨ ਵੀ ਨਹੀਂ ਦੇਵੇਗਾ। ਕਬੀਰ ਜੀ ਕਹਿੰਦੇ ਹਨ, ਗ਼ਰੀਬ ਅਮੀਰ ਦੇ ਘਰ ਵੀ ਚੱਲ ਕੇ ਜਾਏ, ਤਾਂ ਉਹ ਅੱਗੋਂ ਮੂੰਹ ਦੂਸਰੇ ਪਾਸੇ ਫੇਰ ਲਵੇਗਾ। ਉਹ ਸਦਾ ਏਹਾ ਸੋਚੇਗਾ, ਕਿ ਇਹ ਕੰਗਲਾ ਮੈਥੋਂ ਕੁਛ ਮੰਗਣ ਵਾਸਤੇ ਆਇਆ ਹੈ। ਇਸਦੇ ਉਲਟ, ਅਮੀਰ ਗ਼ਰੀਬ ਦੇ ਘਰ ਜਾਵੇ, ਭਾਵੇਂ ਉਹ ਉਹਨੂੰ ਕੋਈ ਵਗਾਰ ਪਾਉਣ ਹੀ ਜਾਵੇ, ਗ਼ਰੀਬ ਉਸਨੂੰ ਆਦਰ ਮਾਣ ਨਾਲ ਬਿਠਾਵੇਗਾ।

ਚੇਤੇ ਰੱਖੋ, ਇਹ ਮਾਲੀ ਨਾ-ਬਰਾਬਰੀ ਹੀ ਸਾਰੇ ਵਿਤਕਰੇ ਦੀ ਜੜ੍ਹ ਹੈ। ਮਾਇਆ ਤੋਂ ਮੁਰਾਦ ਹੈ ਜ਼ਿੰਦਗੀ ਦੀਆਂ ਲੋੜਾਂ ਪੂਰੀਆਂ ਕਰਨ ਦੇ ਸਾਧਨ। ਮਾਇਆ ਦੀ ਸੁਚੱਜੀ ਵੰਡ ਹੀ ਮਨੁੱਖਾ ਜੀਵਨ ਨੂੰ ਸੁਖੀ ਬਣਾ ਸਕਦੀ ਹੈ।

ਗੁਰੂ ਨਾਨਕ ਦੇਵ ਜੀ ਦੇ ਪੰਜਵੇਂ ਸਰੂਪ ਗੁਰੂ ਅਰਜਨ ਦੇਵ ਮਹਾਰਾਜ

ਰਾਗ 'ਮਾਰੂ' ਵਿਚ ਫ਼ੁਰਮਾਉਂਦੇ ਹਨ :

"ਜਿਸੁ ਗ੍ਰਿਹਿ ਬਹੁਤੁ, ਤਿਸੈ ਗ੍ਰਿਹਿ ਚਿੰਤਾ।
ਜਿਸੁ ਗ੍ਰਿਹਿ ਥੋਰੀ, ਸੁ ਫਿਰੈ ਭ੍ਰਮੰਤਾ।
ਦੁਹੂ ਬਿਵਸਥਾ ਤੇ ਜੋ ਮੁਕਤਾ,
ਸੋਈ ਸੁਹੇਲਾ ਭਾਲੀਐ।"

ਬਹੁਤੀ ਵਾਲੇ ਨੂੰ ਹਰ ਵੇਲੇ ਇਹ ਚਿੰਤਾ ਲੱਗੀ ਰਹਿੰਦੀ ਹੈ, ਕਿ ਇਹ ਲੁੱਟੀ ਨਾ ਜਾਏ, ਚੋਰ ਨਾ ਚੁਰਾ ਲੈਣ, ਸਰਕਾਰ ਕੋਈ ਨਵਾਂ ਕਾਨੂੰਨ ਬਣਾ ਕੇ ਖੋਹ ਨਾ ਲਵੇ, ਹਰ ਵੇਲੇ ਚਿੰਤਾ ਹੀ ਚਿੰਤਾ। ਤੇ ਜਿਸ ਕੋਲ ਲੋੜ ਤੋਂ ਥੋੜੀ ਹੁੰਦੀ ਹੈ, ਉਹ ਆਪਣੀ ਥੁੜ ਪੂਰੀ ਕਰਨ ਵਾਸਤੇ ਥਾਂ ਥਾਂ ਭਟਕਦਾ ਫਿਰਦਾ ਹੈ। ਹਜ਼ੂਰ ਫ਼ੁਰਮਾਉਂਦੇ ਹਨ, ਸੁਖੀ ਉਹ ਹੈ, ਜੋ ਇਹਨਾਂ ਦੋਹਾਂ ਹਾਲਤਾਂ ਤੋਂ ਸੁਤੰਤਰ ਹੈ। ਜਾਂ ਦੂਸਰੇ ਸ਼ਬਦਾਂ ਵਿਚ, ਮਾਇਆ ਦੀ ਵੰਡ ਅਜੇਹੀ ਹੋਣੀ ਚਾਹੀਦੀ ਹੈ, ਕਿ ਹਰ ਇਕ ਦੀ ਲੋੜ ਪੂਰੀ ਹੋ ਸਕੇ।

ਇਸਤਰਾਂ ਦੀਆਂ ਕਈ ਕਿਸਮ ਦੀਆਂ ਨਾ-ਬਰਾਬਰੀਆਂ ਦੂਰ ਕਰਨ ਵਾਸਤੇ ਹੀ ਗੁਰੂ ਨਾਨਕ ਦੇਵ ਮਹਾਰਾਜ ਸੰਸਾਰ ਵਿਚ ਆਏ ਸਨ।

ਅਸੀਂ ਭਾਈ ਲਾਲੋ ਦੀ ਗੱਲ ਕਰ ਰਹੇ ਸਾਂ। ਉਹਨੇ ਸੰਗਦੇ ਝਿਜਕਦੇ ਉਠਕੇ ਬੂਹਾ ਖੋਲ੍ਹਿਆ। ਸਾਮ੍ਹਣੇ ਗੁਰੂ ਨਾਨਕ ਦੇਵ ਮਹਾਰਾਜ ਤੇ ਭਾਈ ਮਰਦਾਨਾ ਖਲੋ ਸਨ। ਅਨੋਖਾ ਮਿਲਾਪ ਸੀ। ਗੁਰੂ ਮਹਾਰਾਜ ਹਿੰਦੂ ਸੰਤਾਂ ਵਾਲੇ ਲਿਬਾਸ ਵਿਚ ਸਨ, ਤੇ ਮਰਦਾਨੇ ਨੇ ਮੁਸਲਮਾਨ ਫ਼ਕੀਰਾਂ ਵਾਲੀ ਪੋਸ਼ਾਕ ਪਹਿਨੀ ਹੋਈ ਸੀ।

ਹਜ਼ੂਰ ਦਾ ਨੂਰਾਨੀ ਦੀਦਾਰ ਪਾ ਕੇ ਭਾਈ ਲਾਲੋ ਚਰਨਾਂ 'ਤੇ ਝੁਕ ਗਿਆ। ਉਹਨੇ ਬੜੀ ਸ਼ਰਧਾ ਨਾਲ ਹੱਥ ਜੋੜ ਕੇ ਕਿਹਾ, "ਆਉ ਮਹਾਰਾਜ! ਧੰਨ ਭਾਗ, ਜੋ ਆਪ ਜੈਸੇ ਮਹਾਪੁਰਸ਼ਾਂ ਨੇ ਮੇਰੇ ਵਰਗੇ ਗ਼ਰੀਬ ਦੇ ਘਰ ਚਰਨ ਪਾਏ ਹਨ।"

ਗੁਰਦੇਵ ਨੇ ਭਾਈ ਲਾਲੋ ਨੂੰ ਚਰਨਾਂ ਤੋਂ ਉਠਾ ਕੇ ਗਲ ਨਾਲ

ਲਾਉਂਦਿਆ ਫ਼ੁਰਮਾਇਆ, "ਭਾਈ ਲਾਲੋ ! ਗ਼ਰੀਬ ਉਹ ਹੁੰਦਾ ਹੈ, ਜੋ ਦੂਸਰਿਆਂ ਦਾ ਹੱਕ ਖੋਹ ਕੇ ਖਾਂਦਾ ਹੈ। ਤੂੰ ਤਾਂ ਆਪਣੀ ਧਰਮ ਦੀ ਕਿਰਤ ਕਰਕੇ ਖਾਣ ਵਾਲਾ ਹੈਂ। ਅਸੀਂ ਕੁਛ ਦਿਨ ਤੇਰੇ ਘਰ ਰਹਿਣ ਵਾਸਤੇ ਆਏ ਹਾਂ। ਮੈਂ ਨਿਰੰਕਾਰ ਦਾ ਬੰਦਾ ਨਾਨਕ ਹਾਂ। ਇਹ ਸਾਡਾ ਭਾਈ ਮਰਦਾਨਾ ਹੈ। ਤੂੰ ਵੀ ਸਾਡਾ ਭਾਈ ਹੈਂ। ਭਾਈ ਲਾਲੋ ! ਅਸੀਂ ਸੁਲਤਾਨ ਪੁਰੋਂ ਚੱਲ ਕੇ ਤੇਰੇ ਮਿਲਨ ਵਾਸਤੇ ਆਏ ਹਾਂ।"

ਗੁਰੂ ਮਹਾਰਾਜ ਬਾਰੇ ਜਾਣ ਕੇ, ਭਾਈ ਲਾਲੋ ਪਰਸੰਨ ਵੀ ਹੋਇਆ ਤੇ ਕੁਛ ਪਰੇਸ਼ਾਨ ਵੀ। ਉਹਨੇ ਮੰਜਾ ਡਾਹ ਕੇ ਬੜੇ ਆਦਰ ਨਾਲ ਗੁਰਦੇਵ ਨੂੰ ਬਿਠਾਇਆ। ਕੁਛ ਚਿਰ ਸੋਚਣ ਪਿਛੋਂ ਭਾਈ ਲਾਲੋ ਨੇ ਆਪਣੇ ਸਾਮ੍ਹਣੇ ਆਉਣ ਵਾਲੀ ਸਭ ਤੋਂ ਵੱਡੀ ਔਕੜ ਬਾਰੇ ਪੁਛਿਆ, "ਮਹਾਰਾਜ ! ਆਪ ਬੇਦੀ ਖੱਤਰੀ, ਮੈਂ ਗ਼ਰੀਬ ਸੂਦਰ। ਆਪ ਜੀ ਦੇ ਭੋਜਨ ਦਾ ਪਰਬੰਧ ਕਿਵੇਂ ਕੀਤਾ ਜਾਵੇ।"

ਗੁਰਦੇਵ ਨੇ ਬੁੱਲ੍ਹਾਂ ਵਿਚ ਮੁਸਕਰਾਉਂਦਿਆਂ ਕਿਹਾ, "ਭਾਈ ਲਾਲੋ ! ਨਾ ਅਸੀਂ ਛੱਤਰੀ ਹਾਂ, ਨਾ ਤੂੰ ਸ਼ੂਦਰ ਹੈ। ਅਸੀਂ ਸਭ ਭਾਈ ਹਾਂ। ਅਸੀਂ ਤੇਰੇ ਚੌਂਕੇ ਵਿਚ ਬਹਿ ਕੇ ਤੇਰੇ ਹੱਥਾਂ ਦੀ ਪੱਕੀ ਖਾਵਾਂਗੇ।"

ਜੰਗਲ ਦੀ ਅੱਗ ਵਾਂਗ ਸਾਰੇ ਨਗਰ ਵਿਚ ਖ਼ਬਰ ਫੈਲ ਗਈ। 'ਨਾਨਕ ਤਪਾ ਬੇਦੀ ਕੁਲ ਵਿਚੋਂ ਹੈ। ਤੇ ਉਹ ਲਾਲੋ ਸੂਦਰ ਦੇ ਚੌਂਕੇ ਵਿਚ ਬਹਿ ਕੇ ਉਹਦੇ ਹੱਥਾਂ ਦੀ ਪੱਕੀ ਖਾਂਦਾ ਜੇ। ਦੂਸਰਾ ਉਹਦਾ ਸਾਥੀ ਜੇ ਇਕ ਮੁਸਲਮਾਨ ਮਿਰਾਸੀ, ਮਰਦਾਨਾ। ਘੋਰ-ਕਲਿਜੁਗ।'

ਪੰਡਤਾਂ ਦੇ ਭਾਂ ਦੀ ਇਹ ਘੋਰ ਕਲਿਜੁਗ ਵਾਲੀ ਕਰਨੀ ਸੀ। ਉਹਨਾਂ ਮਲਿਕ ਭਾਗੋ ਪਾਸ ਜਾ ਸ਼ਕਾਇਤ ਕੀਤੀ।

ਏਥੇ ਹੀ ਬਸ ਨਹੀਂ, 'ਬ੍ਰਹਮ-ਭੋਜ' ਵਿਚ ਸ਼ਾਮਲ ਹੋਣ ਵਾਸਤੇ ਸੱਦਾ ਆਇਆ, ਤਾਂ ਮਹਾਰਾਜ ਨੇ ਇਨਕਾਰ ਕਰ ਦਿਤਾ। ਇਸ ਗੱਲ 'ਤੇ ਮਲਿਕ ਭਾਗੋ ਨੂੰ ਅੱਗ ਲੱਗ ਉਠੀ। ਉਹ ਏਮਨਾਬਾਦ ਦੇ ਹਾਕਮ ਦਾ ਅਹਿਲਕਾਰ ਸਾਰੇ ਨਗਰ ਵਿਚੋਂ ਮਾਲਦਾਰ, ਫਿਰ ਬ੍ਰਹਮ ਭੋਜ ਕਰਨ ਦਾ

ਉਸਨੂੰ ਮਾਣ, ਉਹਨੇ ਆਪਣੇ ਪਿਆਦੇ ਭੇਜ ਕੇ ਮਹਾਰਾਜ ਨੂੰ ਬੁਲਾ ਲਿਆ।

ਗੁਰਦੇਵ ਆਪ ਇਹ ਮੌਕਿਆ ਚਾਹੁੰਦੇ ਸਨ। ਆਪ ਭਾਈ ਮਰਦਾਨੇ ਤੇ ਭਾਈ ਲਾਲੋ ਨੂੰ ਨਾਲ ਲੈ ਕੇ ਜਾ ਪਹੁੰਚੇ। ਅੱਗੇ ਬਹੁਤ ਸਾਰੇ ਪੰਡਤ ਤੇ ਸਾਧੂ, ਤਪੀਏ ਇਕੱਠੇ ਹੋਏ ਹੋਏ ਸਨ।

ਮਲਿਕ ਭਾਗੋ ਨੇ ਬੜੀ ਰੁੱਖੀ ਸੁਰ ਵਿਚ ਕਿਹਾ, "ਤਪਾ ਜੀ ! ਆਪ ਬ੍ਰਹਮ ਭੋਜ ਵਿਚ ਨਹੀਂ ਆਏ। ਕੀ ਲਾਲੋ ਦੀ ਕੋਧਰੇ ਦੀ ਰੋਟੀ ਨਾਲੋਂ ਸਾਡੇ ਮਾਹਲਪੂੜੇ ਮਾੜੇ ਸਨ ?"

ਗੁਰਦੇਵ ਨੇ ਅੱਗੋਂ ਬੜੇ ਧੀਰਜ ਨਾਲ ਉੱਤਰ ਦਿਤਾ, "ਮਲਕ ਜੀ ! ਕਿਸੇ ਪਦਾਰਥ ਦਾ ਚੰਗਾ ਜਾਂ ਮਾੜਾ ਹੋਣਾ, ਗ੍ਰਹਿਣ ਕਰਨ ਵਾਲੇ ਦੀ ਪਰਖ ਉਤੇ ਨਿਰਭਰ ਹੈ। ਭਾਈ ਲਾਲੋ ਦੀ ਧਰਮ ਦੀ ਕਿਰਤ ਕਮਾਈ ਦੀ ਕੋਧਰੇ ਦੀ ਰੋਟੀ ਸਾਡੇ ਵਾਸਤੇ ਅੰਮ੍ਰਿਤ ਹੈ। ਸਾਡੇ ਧਰਮ ਦੇ ਮੁਢਲ ਅਸੂਲ ਹਨ : ਨਾਮ ਜਪਣਾ, ਧਰਮ ਦੀ ਕਿਰਤ ਕਰਨਾ ਤੇ ਵੰਡ ਛਕਣਾ। ਧਰਮ ਦੀ ਕਿਰਤ ਦੇ ਬਰਾਬਰ ਹੋਰ ਕੋਈ ਪਦਾਰਥ ਨਹੀਂ ਪਹੁੰਚ ਸਕਦਾ।"

"ਕੀ ਮੇਰੀ ਕਮਾਈ ਪਾਪ ਦੀ ਹੈ ?" ਮਲਕ ਭਾਗੋ ਨੇ ਪਹਿਲਾਂ ਨਾਲੋਂ ਵੀ ਕੌੜੀ ਸੁਰ ਵਿਚ ਕਿਹਾ।

"ਭਲੇ ਪੁਰਸ਼ ! ਇਹ ਸਾਥੋਂ ਨਾ ਪੁਛ, ਆਪਣੀ ਆਤਮਾ ਤੋਂ ਪੁੱਛ।" ਗੁਰਦੇਵ ਨੇ ਉਸ ਤਰਾਂ ਮਿੱਠੀ ਸੁਰ ਵਿਚ ਕਿਹਾ।"

"ਅਸੀਂ ਤਾਂ ਇਹ ਜਾਣਦੇ ਹਾਂ,

"ਜੇ ਰਤੁ ਲਗੈ ਕਪੜੈ, ਜਾਮਾ ਹੋਇ ਪਲੀਤੁ।
ਜੋ ਰਤੁ ਪੀਵਹਿ ਮਾਣਸਾ, ਤਿਨ ਕਿਉ ਨਿਰਮਲੁ ਚੀਤੁ।"

"ਕਿਰਤ ਕਰਨ ਵਾਲਾ ਗ਼ਰੀਬ ਲਹੂ ਪਾਣੀ ਇਕ ਕਰਕੇ ਕਮਾਈ ਕਰਦਾ ਹੈ। ਧੋਖੇ, ਫ਼ਰੇਬ ਤੇ ਧੱਕੇ ਨਾਲ ਉਹਦੀ ਕਮਾਈ ਹੜਪ ਕਰਨ ਵਾਲਾ ਉਹਦਾ ਲਹੂ ਨਹੀਂ ਪੀਂਦਾ, ਤਾਂ ਹੋਰ ਕੀ ਕਰਦਾ ਹੈ। ਜ਼ਰਾ ਆਪਣੇ ਅੰਦਰ ਝਾਤੀ ਮਾਰ ਕੇ ਵੇਖੋ। ਜੋ ਤੁਸਾਂ ਧਨ ਇਕੱਤਰ ਕੀਤਾ ਹੈ, ਇਹ ਸਭ ਤੁਹਾਡੀ ਧਰਮ ਦੀ ਕਿਰਤ ਕਮਾਈ ਹੈ ? ਇਸ ਵਿਚ ਕਿਸੇ ਗ਼ਰੀਬ ਦਾ

ਲਹੂ ਤਾਂ ਨਹੀਂ ਰਲਿਆ ਹੋਇਆ ? ਬੇਈਮਾਨੀ ਦੀ ਕਮਾਈ, ਗ਼ਰੀਬਾਂ ਦਾ ਖ਼ੂਨ ਹੁੰਦਾ ਹੈ। ਉਹ ਖਾਣ ਨਾਲ ਆਦਮੀ ਦੀ ਬੁੱਧੀ ਭ੍ਰਸ਼ਟ ਹੁੰਦੀ ਹੈ। ਗਿਆਨਵਾਨ ਪੁਰਸ਼ ਉਹ ਕਿਉਂ ਖਾਵੇ।"

"ਤਾਂ ਕੀ ਕੋਧਰੇ ਦੀ ਰੋਟੀ ਵਿਚ ਦੁੱਧ ਹੈ, ਤੇ ਮਲਕ ਜੀ ਦੇ ਮਾਹਲ-ਪੂੜਿਆਂ ਵਿਚ ਲਹੂ ਹੈ ?" ਕੋਲੋਂ ਇਕ ਪੰਡਤ ਨੇ ਮਲਕ ਦੀ ਵਕਾਲਤ ਕਰਦਿਆਂ ਕਿਹਾ।

ਮਹਾਰਾਜ ਨੇ ਬੜੀ ਦ੍ਰਿੜ੍ਹ ਸੁਰ ਵਿਚ ਉੱਤਰ ਦਿਤਾ, "ਸਾਡੇ ਵਿਚਾਰਾਂ ਅਨੁਸਾਰ ਐਸਾ ਹੀ ਹੈ। ਹੱਕ ਦੀ ਕਮਾਈ ਵਿਚ ਦੁੱਧ ਹੀ ਨਹੀਂ, ਅੰਮ੍ਰਿਤ ਹੁੰਦਾ ਹੈ। ਤੇ ਗ਼ਰੀਬਾਂ ਦੀ ਰੱਤ ਨਚੋੜ ਨਚੋੜ ਕੇ ਇਕੱਠੇ ਕੀਤੇ ਧਨ ਵਿਚ ਲਹੂ ਹੀ ਨਹੀਂ, ਸਗੋਂ ਜ਼ਹਿਰ ਹੁੰਦਾ ਹੈ। ਨੇਕੀ ਦੇ ਰਸਤੇ ਚੱਲਣ ਵਾਲੇ ਪੁਰਸ਼ਾਂ ਨੂੰ ਇਸ ਵਿਹੁ ਤੋਂ ਬਚਣਾ ਚਾਹੀਦਾ ਹੈ।"

ਮਲਕ ਕੋਲ ਇਸ ਦਲੀਲ ਦਾ ਕੋਈ ਉੱਤਰ ਨਹੀਂ ਸੀ। ਉਹਦੀ ਹਮਾਇਤ ਵਿਚ ਇਕ ਹੋਰ ਪੰਡਤ ਜ਼ਰਾ ਤਿੱਖੀ ਸੁਰ ਵਿਚ ਬੋਲਿਆ, "ਐ ਤਪਾ ਨਾਨਕ ! ਇਕ ਪਾਸੇ ਲਾਲੋ ਸ਼ੂਦਰ ਦੇ ਘਰ ਭੋਜਨ ਪਾ ਕੇ ਤੁਸਾਂ ਆਪਣੀ ਉੱਚੀ ਕੁਲ-ਜਾਤ ਦਾ ਨਾਸ ਕਰ ਲਿਆ ਹੈ। ਦੂਜੇ ਪਾਸੇ ਬ੍ਰਹਮ ਭੋਜ ਦਾ ਨਿਉਂਦਾ ਠੁਕਰਾ ਕੇ ਤੁਸਾਂ ਮਰਯਾਦਾ ਭੰਗ ਕੀਤੀ ਹੈ। ਇਸਦਾ ਤੁਹਾਡੇ ਕੋਲ ਕੀ ਉੱਤਰ ਹੈ ?"

ਗੁਰਦੇਵ ਨੇ ਮਿੱਠਾ ਮਿੱਠਾ ਮੁਸਕਰਾਉਂਦਿਆਂ ਉੱਤਰ ਦਿਤਾ, "ਪੰਡਤ ਜੀ ! ਇਹ ਊਚ ਨੀਚ ਜਾਤੀਆਂ ਤੁਹਾਡੀਆਂ ਬਣਾਈਆਂ ਹੋਈਆਂ ਹਨ। ਅਕਾਲ ਪੁਰਖ ਦੀ ਦਰਗਾਹ ਵਿਚ ਕੋਈ ਜਾਤਪਾਤ ਨਹੀਂ।

"ਜਾਣਹੁ ਜੋਤਿ, ਨਾ ਪੂਛਹੁ ਜਾਤੀ, ਆਗੈ ਜਾਤਿ ਨ ਹੇ।"

"ਅੱਗੈ ਜਾਤਿ ਨ ਜੋਰੁ ਹੈ, ਅਗੈ ਜੀਉ ਨਵੇ।"

"ਜੋ ਸਾਨੂੰ ਜਾਣਦਾ ਹੈ, ਓਸੇ ਨੂੰ ਸਾਡੀ ਕੁਲ ਜਾਂ ਜਾਤ ਦਾ ਗਿਆਨ ਹੈ। ਪਰ ਅਗਲੀ ਦਰਗਾਹ ਤਾਂ ਨਵਿਆਂ ਹਾਕਮਾਂ ਨਾਲ ਵਾਹ ਪੈਣਾ ਹੈ। ਉਹ ਤਾਂ ਨਹੀਂ ਜਾਣਦੇ, ਕਿ ਤੁਸੀਂ ਪੰਡਤ ਹੋ ਜਾਂ ਸੂਦਰ ਹੋ। ਅਸੀਂ

ਜਨਮ ਕਰਕੇ ਜਾਤ ਪਾਤ ਨਹੀਂ ਮੰਨਦੇ। ਬੱਸ, ਇਨਸਾਨ ਇਨਸਾਨ ਹੈ। ਏਹਾ ਉਸਦੀ ਜਾਤਪਾਤ ਹੈ।"

"ਆਪ ਕੋਈ ਜਾਤ ਮੰਨਦੇ ਵੀ ਹੋ ?" ਇਕ ਹੋਰ ਪੰਡਤ ਨੇ ਸਵਾਲ ਕਰ ਦਿਤਾ।

"ਹਾਂ, ਮੰਨਦੇ ਹਾਂ, ਪਰ ਕਰਮ ਦੇ ਆਧਾਰ 'ਤੇ, ਜਨਮ ਦੇ ਕਾਰਨ ਨਹੀਂ।

"ਜਾਤਿ ਜਨਮੁ ਨਹ ਪੂਛੀਐ, ਸਚ ਘਰੁ ਲੇਹੁ ਬਤਾਇ।
ਸਾ ਜਾਤਿ, ਸਾ ਪਤਿ ਹੈ ਜੇਹੇ ਕਰਮ ਕਮਾਇ।"

ਹਜ਼ੂਰ ਨੇ ਬੜੇ ਸਪਸ਼ਟ ਸ਼ਬਦਾਂ ਵਿਚ ਕਿਹਾ।

"ਜ਼ਰਾ ਦੱਸਣ ਦੀ ਕਿਰਪਾ ਕਰੀਏ, ਆਪ ਕਿਸ ਨੂੰ ਪਿਆਰ ਕਰਦੇ ਹੋ। ਇਹਨਾਂ ਨੀਚਾਂ ਨੂੰ, ਜਾਂ ਉੱਚ ਜਾਤੀਆਂ ਨੂੰ।" ਇਕ ਹੋਰ ਪੰਡਤ ਨੇ ਦੋਹੀਂ ਪਾਸੀਂ ਹੱਥ ਦਾ ਇਸ਼ਾਰਾ ਕਰਕੇ ਪੁਛਿਆ।

"ਜਿੰਨ੍ਹਾਂ ਨੂੰ ਤੁਸੀਂ ਨੀਚ ਕਹਿੰਦੇ ਹੋ, ਇਹ ਈਸ਼ਵਰ ਦੀ ਮੇਹਰ ਦੇ ਹੱਕਦਾਰ ਹਨ। ਮੈਂ ਤਾਂ ਸੰਗੀ ਸਾਥੀ ਹੀ ਇਹਨਾਂ ਦਾ ਹਾਂ।" ਮਹਾਰਾਜ ਨੇ ਨਾਮ ਦੀ ਮਸਤੀ ਵਿਚ ਸ਼ਬਦ ਉਚਾਰਿਆ,

"ਨੀਚਾ ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚੁ।
ਨਾਨਕੁ, ਤਿਨ ਕੈ ਸੰਗਿ ਸਾਥਿ, ਵਡਿਆ ਸਿਉ ਕਿਆ ਰੀਸ।
ਜਿਥੈ ਨੀਚ ਸਮਾਲੀਅਨਿ, ਤਿਥੈ ਨਦਰਿ ਤੇਰੀ ਬਖਸੀਸ।"

ਹਰ ਪੰਡਤ ਆਪਣੀ ਹੋਂਦ ਸਾਬਤ ਕਰਨ ਵਾਸਤੇ ਕੋਈ ਨਾ ਕੋਈ ਸਵਾਲ ਕਰਨਾ ਚਾਹੁੰਦਾ ਸੀ। ਇਕ ਹੋਰ ਨੇ ਅੰਦਰ ਦੀ ਭੜਾਸ ਕਢੀ, "ਤਪਾ ਨਾਨਕ ! ਸਾਫ਼ ਸ਼ਬਦਾਂ ਵਿਚ ਕਹੋ,ਤੁਹਾਡੀ ਆਪਣੀ ਜਾਤ ਕੀ ਹੈ।"

ਗੁਰਦੇਵ ਉਸ ਵੱਲ ਵੇਖ ਕੇ ਹੱਸ ਪਏ। ਹਜ਼ੂਰ ਨੇ ਦੋਵੇਂ ਹੱਥ ਉਠਾ ਕੇ ਨਿਰੰਕਾਰ ਨੂੰ ਸੰਬੋਧਨ ਕਰਦਿਆਂ ਆਪਣੇ ਰੰਗ ਵਿਚ ਕਿਹਾ, "ਹੇ ਪ੍ਰਭੂ ! ਇਹ ਲੋਕ ਮੇਰੀ ਜਾਤ ਪੁਛਦੇ ਹਨ। ਮੈਂ ਕੀ ਦੱਸਾਂ।

"ਤੂ ਸਾਹਿਬ, ਮੈਂ 'ਸਾਂਗੀ' ਤੇਰਾ,

ਪ੍ਰਣਵੈ ਨਾਨਕੁ ਜਾਤਿ ਕੈਸੀ ।"

ਅਸਲ ਵਿਚ ਮਲਕ ਭਾਗੋ ਤੇ ਭਾਈ ਲਾਲੋ ਸਮਾਜਕ ਤੌਰ 'ਤੇ ਦੋ ਸ਼ਰੇਣੀਆਂ ਦੇ ਪ੍ਰਤੀਨਿਧ ਹਨ, ਦੁਨੀਆਂ ਦੇ ਦੋ ਰੂਪ ਹਨ, ਦੋ ਪੱਖ ਹਨ। ਇਕ ਪਾਸੇ ਹੈ,

"ਗਹਰੀ ਕਰਿ ਕੈ ਨੀਵ ਖੁਦਾਈ,
ਊਪਰਿ ਮੰਡਪ ਛਾਏ।"
ਉਹਨਾਂ ਮੰਡਪਾਂ, ਮਹਿਲਾਂ ਵਿਚ,
"ਸੇਜੜੀਆ ਸੋਇਨ ਹੀਰੇ ਲਾਲ ਜੜੰਦੀਆ।"

ਤੇ ਉਹਨਾਂ ਸੇਜਾਂ ਉਤੇ

"ਇਕਿ ਨਿਹਾਲੀ ਪੈ ਸਵਨਿ......।"

ਇਹ ਮਲਕ ਭਾਗੋ ਦੀ ਦੁਨੀਆਂ ਹੈ।

ਦੂਜਰੇ ਪਾਸੇ ਹੈ ਕਿਰਤੀ ਲਾਲੋ ਦੀ ਦੁਨੀਆਂ।

"..... ਇਕਿ ਉਪਰਿ ਰਹਨਿ ਖੜੇ।"

ਭਗਤ ਕਬੀਰ ਜੀ ਇਸ ਕਾਣੀ ਵੰਡ ਤੋਂ ਤੰਗ ਆ ਕੇ ਉਸ ਰਚਨਹਾਰ ਨੂੰ ਨਿਹੋਰਾ ਦੇਂਦੇ ਹਨ :

"ਕਾਹੂ ਦੀਨੇ ਪਾਟ ਪਟੰਬਰ, ਕਾਹੂ ਪਲੰਘ ਨਿਵਾਰਾ।
ਕਾਹੂ ਗਰੀ ਗੋਦਰੀ ਨਾਹੀ, ਕਾਹੂ ਖਾਨ ਪਰਾਰਾ।"

"ਹੇ ਪ੍ਰਭੂ! ਕਿਸੇ ਨੂੰ ਤੂੰ ਪੱਟ ਦੇ ਬਸਤਰ ਪਹਿਨਣ ਵਾਸਤੇ ਤੇ ਨਵਾਰੀ ਪਲੰਘ ਬਿਰਾਜਣ ਵਾਸਤੇ ਬਖ਼ਸ਼ੇ ਹਨ, ਤੇ ਉਹਦੇ ਗਵਾਂਢੀ ਨੂੰ ਕੀ ਦਿਤਾ ਈ। ਉਸ ਗਰੀਬ ਨੂੰ ਗਰੀ ਹੋਈ ਪਾਟੀ ਗੋਦੜੀ ਨਹੀਂ, ਗੋਦੜੀ ਤਾਂ ਇਕ ਪਾਸੇ ਰਹੀ, ਪਰਾਲੀ ਦਾ ਥੱਬਾ ਨਹੀਂ, ਜਿਸ ਵਿਚ ਉਹ ਆਪਣੇ ਬੱਚਿਆਂ ਨੂੰ ਲੁਕਾ ਕੇ ਸਰਦੀ ਦੀ ਰਾਤ ਕੱਟ ਲਵੇ।

ਇਹ ਸਾਰੀ ਮੁਸੀਬਤ ਮਾਇਆ ਦੀ ਕਾਣੀ ਵੰਡ ਦੇ ਕਾਰਨ ਹੈ। ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ :

"ਇਸੁ ਜਰ ਕਾਰਣਿ ਘਣੀ ਵਿਗੁਤੀ, ਇਨਿ ਜਰ ਘਣੀ ਖੁਆਈ।

ਪਾਪਾ ਬਾਝਹੁ ਹੋਵੈ ਨਾਹੀ, ਮੁਇਆ ਸਾਥਿ ਨ ਜਾਈ।"

ਤੀਸਰੇ ਪਾਤਸ਼ਾਹ ਤਾਂ ਮਾਇਆਧਾਰੀ ਨੂੰ ਅੰਨ੍ਹਾ ਬੋਲਾ ਕਹਿੰਦੇ ਹਨ।

"ਮਾਇਆਧਾਰੀ ਅਤਿ ਅੰਨਾ ਬੋਲਾ।
ਸਬਦੁ ਨ ਸੁਣਈ, ਬਹੁ ਰੋਲ ਘਚੋਲਾ।"

ਪਰ ਜੇ ਦੌਲਤ ਦੀ ਵੰਡ ਠੀਕ ਹੋ ਜਾਵੇ, ਤਾਂ ਇਹ ਮਨੁੱਖ ਦੀ ਦਾਸੀ ਬਣ ਜਾਂਦੀ ਹੈ।

ਨਾ ਕਿਸੇ ਕੋਲ ਲੋੜ ਤੋਂ ਘੱਟ ਹੋਵੇ, ਤੇ ਨਾ ਲੋੜ ਤੋਂ ਬਹੁਤੀ। ਫਿਰ ਸਾਰੇ ਸੁਖੀ ਰਹਿ ਸਕਦੇ ਹਨ।

ਗੁਰੂ ਨਾਨਕ ਮਹਾਰਾਜ ਦਾ ਉਪਦੇਸ਼ ਹੈ, 'ਨਾਮ ਜਪੋ, ਤਾਕਿ ਮਨ ਨਿਰਮਲ ਹੋਵੇ। ਧਰਮ ਦੀ ਕਿਰਤ ਕਰੋ, ਉਸ ਨਾਲ ਤਨ ਨਿਰਮਲ ਹੋਵੇਗਾ। ਉਸ ਧਰਮ ਦੀ ਕਿਰਤ ਕਮਾਈ ਵਿਚੋਂ ਕਿਸੇ ਲੋੜਵੰਦ ਨਾਲ ਵੰਡ ਕੇ ਛਕੋ, ਤੁਹਾਨੂੰ ਰੱਬ ਦਾ ਰਸਤਾ ਮਿਲ ਜਾਇਗਾ।'

"ਘਾਲਿ ਖਾਇ ਕਿਛੁ ਹਥਹੁ ਦੇਇ।
ਨਾਨਕ ਰਾਹੁ ਪਛਾਣਹਿ ਸੇਇ।"
ਆਖੋ, ਧੰਨ ਗੁਰੂ ਨਾਨਕ।

ਵਾਹਿਗੁਰੂ ਜੀ ਕਾ ਖ਼ਾਲਸਾ
ਵਾਹਿਗੁਰੂ ਜੀ ਕੀ ਫ਼ਤਹਿ।

16-2-78

ਹਉਮੈ ਰੋਗ ਬੁਰੇ

ਮਨੁੱਖ ਦੇ ਆਚਰਣ ਨੂੰ ਵਿਗਾੜਨ ਵਾਲੇ ਪੰਜ ਦੋਸ਼ ਮੰਨੇ ਗਏ ਹਨ : ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ। ਪੰਜ ਦੋਖ, ਪੰਜ ਕਮਜ਼ੋਰੀਆਂ, ਪੰਜ ਔਗੁਣ, ਪੰਜ ਰੋਗ। ਰਚਨਹਾਰ ਨੇ ਤਾਂ ਇਨਸਾਨ ਨੂੰ ਇਹ ਪੰਜ ਗੁਣ ਬਖ਼ਸ਼ੇ ਸਨ। ਮਰਿਯਾਦਾ ਦੇ ਅੰਦਰ ਰਹਿਣ, ਤਾਂ ਇਹ ਗੁਣ ਹਨ, ਪਰ ਮਰਯਾਦਾ ਤੋਂ ਬਾਹਰ ਹੋ ਜਾਣ ਕਰ ਕੇ ਇਹ ਔਗੁਣ ਬਣ ਜਾਂਦੇ ਹਨ। ਨਿਰੇ ਔਗੁਣ ਹੀ ਨਹੀਂ, ਸਗੋਂ ਰੋਗ ਬਣ ਜਾਂਦੇ ਹਨ। ਭਗਤ ਰਵਿਦਾਸ ਜੀ ਇਹਨਾਂ ਨੂੰ 'ਅਸਾਧ ਰੋਗ' ਮੰਨਦੇ ਹਨ।

"ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ।"

ਇਹਨਾਂ ਪੰਜਾਂ ਵਿਚੋਂ 'ਹਉਮੈ' (ਅਹੰਕਾਰ) ਨੂੰ ਵੱਡਾ ਰੋਗ ਮੰਨਿਆਂ ਗਿਆ ਹੈ। ਤੀਸਰੇ ਪਾਤਸ਼ਾਹ ਫ਼ੁਰਮਾਉਂਦੇ ਹਨ :

"ਹਉਮੈ ਵਡਾ ਰੋਗੁ ਹੈ, ਮਰਿ ਜੰਮੈ ਆਵੈ ਜਾਇ।"

"ਹਉਮੈ ਰੋਗੁ ਵਡਾ ਸੰਸਾਰਿ।"

ਏਹਾ ਵਿਚਾਰ ਗੁਰੂ ਅੰਗਦ ਦੇਵ ਮਹਾਰਾਜ ਨੇ ਦਿਤੇ ਹਨ :

"ਹਉਮੈ ਦੀਰਘ ਰੋਗੁ ਹੈ, ਦਾਰੂ ਭੀ ਇਸੁ ਮਾਹਿ।"

'ਹਉਮੈ' ਦੀਰਘ, ਭਾਵ ਵੱਡਾ ਰੋਗ ਹੈ। ਤੇ ਹਉਮੈ ਦਾਰੂ ਵੀ ਹੈ। 'ਦਾਰੂ' ਬਾਰੇ ਅਸੀਂ ਫਿਰ ਵਿਚਾਰ ਕਰਾਂਗੇ, ਪਹਿਲਾਂ 'ਹਉਮੈ ਰੋਗੁ' ਬਾਰੇ ਸੋਚਣਾ ਹੈ।

ਕਲਿ-ਤਾਰਕ ਗੁਰੂ ਨਾਨਕ ਦੇਵ ਮਹਾਰਾਜ ਫ਼ੁਰਮਾਉਂਦੇ ਹਨ :

"ਨਾਨਕ, ਹਉਮੈ ਰੋਗ ਬੁਰੇ।"

ਏਥੇ ਪਾਠ 'ਬੁਰੇ' ਬਹੁ-ਵਚਨ ਹੈ। ਜਿੱਥੇ ਪਹਿਲੀਆਂ ਤਿੰਨਾਂ ਪੰਗ-ਤੀਆਂ ਵਿਚ ਸ਼ਬਦ 'ਰੋਗੁ' ਦਾ ਗੱਗਾ ਅੱਖਰ ਔਂਕੜ ਵਾਲਾ ਹੈ, ਓਥੇ ਇਸ ਪੰਗਤੀ ਦਾ ਗੱਗਾ ਮੁਕਤਾ। ਬਹੁ ਵਚਨ ਵਿਚ ਔਂਕੜ ਗਿਰ ਜਾਂਦਾ ਹੈ। ਇਕ ਰੋਗ ਨਹੀਂ, ਕਈ ਕਿਸਮ ਦੇ ਹਉਮੈ ਰੋਗ। ਸਭ ਤੋਂ ਪਹਿਲਾ ਹੈ ਜਨਮ ਜਾਤਿ ਦਾ ਰੋਗ। ਚੰਗੇ ਘਰ ਜਨਮ ਹੋ ਗਿਆ, ਤਾਂ ਅੰਦਰ ਹਉਮੈ ਆ ਗਈ। ਫ਼ਾਰਸੀ ਦਾ ਇਕ ਮੁਹਾਵਰਾ ਹੈ 'ਪਿਦਰਮ ਸੁਲਤਾਨ ਬੂਦ'। ਮੇਰਾ ਬਾਪ ਬਾਦਸ਼ਾਹ ਸੀ। ਮੰਨ ਲਿਆ, ਤੇਰਾ ਪਿਤਾ ਰਾਜਾ ਸੀ, ਬਾਦਸ਼ਾਹ ਸੀ, ਪਰ ਤੇਰੇ ਵਿਚ ਵੀ ਉਹ ਗੁਣ ਹਨ? ਗੁਣਾਂ ਵਾਲੇ ਪਾਸੇ ਨਹੀਂ ਆਉਣਾ। ਮੈਂ ਇਕ ਰਾਜੇ ਦੇ ਘਰ ਜਨਮਿਆਂ ਹਾਂ, ਇਸ ਵਾਸਤੇ ਮੈਂ ਦੂਸਰਿਆਂ ਨਾਲੋਂ ਉੱਚਾ ਹਾਂ। ਇਹ ਹੈ ਜਨਮ ਦੀ ਹਉਮੈ।

ਕਈ ਵਾਰ ਭਲੇ ਪੁਰਸ਼ਾਂ ਦੇ ਘਰ ਜਨਮ ਲੈਣ ਵਾਲਿਆਂ ਦੇ ਮਨ ਵਿਚ ਵੀ ਇਹ ਹਉਮੈ ਆ ਜਾਂਦੀ ਹੈ। ਬਾਬਾ ਸਿਰੀਚੰਦ ਜੀ ਗੁਰੂ ਨਾਨਕ ਦੇਵ ਮਹਾਰਾਜ ਦੇ ਵੱਡੇ ਸਾਹਿਬਜ਼ਾਦੇ ਸਨ। ਸਾਖੀ ਆਉਂਦੀ ਹੈ: ਸਿਆਲ ਦੀ ਰਾਤ, ਮੀਂਹ ਬਰਸ ਰਿਹਾ ਸੀ। ਕੱਚੇ ਮਕਾਨ ਦੀ ਬਾਹਰਲੀ ਕੰਧ ਦਾ ਕੁਛ ਹਿੱਸਾ ਡਿਗ ਪਿਆ। ਮਹਾਰਾਜ ਨੇ ਪ੍ਰੀਖਿਆ ਕਰਨ ਹਿੱਤ ਆਵਾਜ਼ ਦਿੱਤੀ, "ਬੇਟਾ ਸਿਰੀਚੰਦ! ਕੰਧ ਵਧੇਰੇ ਨਾ ਡਿਗ ਪਵੇ। ਇਸ ਵਾਸਤੇ ਹੁਣੇ ਉਠ ਕੇ ਡਿੱਗੀ ਹੋਈ ਕੰਧ ਬਣਾ ਲਵੋ।"

ਸਿਰੀਚੰਦ ਦੇ ਅੰਦਰ ਪਿਤਾ-ਪੁੱਤਰ ਦੇ ਰਿਸ਼ਤੇ ਵਾਲੀ ਹਉਮੈ ਸੀ, ਗੁਰੂ ਤੇ ਸਿੱਖ ਵਾਲੀ ਸ਼ਰਧਾ ਨਹੀਂ। ਉਹਨੇ ਅੱਗੋਂ ਉੱਤਰ ਦਿੱਤਾ, "ਪਿਤਾ ਜੀ! ਇਹ ਕੰਮ ਤੁਹਾਡੇ ਸਾਹਿਬਜ਼ਾਦੇ ਨੂੰ ਨਹੀਂ ਸੋਭਦਾ। ਦਿਨ ਚੜ੍ਹੇ ਕਿਸੇ ਸੇਵਕ ਨੂੰ ਹੁਕਮ ਕਰ ਕੇ ਕੰਧ ਬਣਵਾ ਦਿਆਂਗੇ।"

ਹਉਮੈ ਦੇ ਨਸ਼ੇ ਵਿਚ ਮਸਤ ਸਿਰੀਚੰਦ ਸੋਚ ਰਿਹਾ ਸੀ, "ਉਮਰ ਵਡੇਰੀ ਹੋ ਜਾਣ ਦੇ ਕਾਰਨ, ਮਹਾਰਾਜ ਇਹ ਨਹੀਂ ਸੋਚਦੇ, ਕਿ ਮੈਂ ਉਹਨਾਂ ਦਾ ਵੱਡਾ ਸਾਹਿਬਜ਼ਾਦਾ ਹਾਂ। ਉਹਨਾਂ ਪਿੱਛੋਂ ਮੈਂ ਹੀ ਸਿੱਖਾਂ ਦਾ ਗੁਰੂ ਬਣਨਾ ਹੈ। ਜੇ ਮੈਂ ਏਨੀ ਉੱਚੀ ਪਦਵੀ ਦਾ ਮਾਲਕ ਹੁੰਦਾ ਹੋਇਆ ਏਹੋ

ਜੇਹੇ ਨੌਕਰਾਂ ਵਾਲੇ ਕੰਮ ਆਪ ਹੱਥੀਂ ਕਰਾਂਗਾ, ਤਾਂ ਸਿੱਖਾਂ ਦੇ ਦਿਲਾਂ ਵਿਚ ਮੇਰੀ ਕੀ ਇੱਜ਼ਤ ਰਹੇਗੀ।"

ਜਿਸ ਵੇਲੇ ਆਦਮੀ ਦੇ ਮਨ ਵਿਚ ਇਹ ਆ ਜਾਵੇ, ਕਿ ਜਨਮ ਕਰ ਕੇ ਇਸ ਪਦਵੀ ਦਾ ਮਾਲਕ ਮੈਂ ਹੀ ਹਾਂ, ਉਹ ਉਸ ਪਦਵੀ ਦੇ ਯੋਗ ਬਨਨ ਦਾ ਯਤਨ ਨਹੀਂ ਕਰਦਾ। ਇਸ ਹਉਮੈ ਦੇ ਕਾਰਨ ਹੀ ਸਿਰੀ ਚੰਦ ਗੁਰ-ਗੱਦੀ ਪਰਾਪਤ ਨਾ ਕਰ ਸਕੇ।

ਫਿਰ ਵਾਰੀ ਆਈ ਸੇਵਕ ਦੀ। ਭਾਈ ਲਹਿਣਾ ਜੀ ਸੇਵਕ ਹਨ, ਸੱਚੇ ਸੇਵਕ। ਹੋਰ ਜਨਮ ਜਾਤਿ ਕਰ ਕੇ ਕੋਈ ਮਾਣ ਨਹੀਂ।

ਗੁਰੂ ਨਾਨਕ ਦੇਵ ਮਹਾਰਾਜ ਸੇਵਕ ਦੀ ਤਾਰੀਫ਼ ਇਹਨਾਂ ਪਵਿੱਤਰ ਸ਼ਬਦਾਂ ਵਿਚ ਕਰਦੇ ਹਨ :

"ਐਸੋ ਸੇਵਕੁ ਸੇਵਾ ਕਰੈ।
ਜਿਸੁ ਕਾ ਜੀਉ, ਤਿਸੁ ਆਗੈ ਧਰੈ।
ਸਾਹਿਬ ਭਾਵੈ, ਸੋ ਪਰਵਾਣੁ।
ਸੋ ਸੇਵਕੁ ਦਰਗਹ ਪਾਵੈ ਮਾਣੁ।"

ਹੁਕਮ ਸੁਣਦਿਆਂ ਲਹਿਣਾ ਜੀ ਬੜੇ ਚਾਅ ਨਾਲ ਉੱਠੇ, ਤੇ ਰਾਤੋ ਰਾਤ ਕੰਧ ਬਣਾ ਦਿਤੀ।

ਸਿੱਟਾ : ਸੱਚਾ ਸੇਵਕ ਗੱਦੀ ਦਾ ਮਾਲਕ ਬਣ ਗਿਆ, ਤੇ ਪਿਤਾ-ਪੁੱਤਰ ਦੇ ਰਿਸ਼ਤੇ ਦੀ ਹਉਮੈ ਵਾਲਾ ਵਾਂਜਾ ਰਹਿ ਗਿਆ।

ਏਸੇ ਹਉਮੈ ਦਾ ਸ਼ਿਕਾਰ ਬਾਬਾ ਪ੍ਰਿਥੀ ਚੰਦ ਜੀ ਹੋ ਗਏ। ਸ਼ੁਭ ਗੁਣਾਂ ਦੇ ਕਾਰਨ ਗੁਰ-ਗੱਦੀ ਦੇ ਮਾਲਕ ਬਣ ਗਏ ਛੋਟੇ ਭਰਾ ਗੁਰੂ ਅਰਜਨ ਦੇਵ ਜੀ। ਹਉਮੈ ਦੇ ਨਸ਼ੇ ਵਿਚ ਮਸਤ ਪ੍ਰਿਥੀ ਚਦ ਨੇ ਫਿਰ ਵੀ ਅਸਲੀਅਤ ਨੂੰ ਸਮਝਣ ਦਾ ਯਤਨ ਨਹੀਂ ਕੀਤਾ, ਉਲਟਾ ਆਪਣੇ ਆਪ ਨੂੰ ਹੱਕਦਾਰ ਸਾਬਤ ਕਰਨ ਵਾਸਤੇ ਗੁਰਦੇਵ ਪਿਤਾ ਨਾਲ ਝਗੜਾ ਕੀਤਾ ਹੈ। ਚੌਥੇ ਪਾਤਸ਼ਾਹ ਇਸ ਝਗੜੇ ਬਾਰੇ ਗਿਲ੍ਹਾ ਪਰਗਟ ਕਰਦੇ ਹਨ :

"ਕਾਹੇ ਪੂਤ, ਝਗਰਤ ਹਉ ਸੰਗਿ ਬਾਪ।

ਜਿਨ ਕੇ ਜਣੇ ਬਡੀਰੇ ਤੁਮ ਹਉ,
ਤਿਨ ਸਿਉ ਝਗਰਤ ਪਾਪ ।''

''ਹੇ ਪੁੱਤਰ ! ਪਿਤਾ ਨਾਲ ਕਿਉਂ ਝਗੜਾ ਕਰਦਾ ਹੈਂ ? ਜਿਸ ਨੇ ਤੈਨੂੰ ਜਨਮ ਦਿਤਾ ਹੈ, ਤੇ ਪਾਲ-ਪੋਸ ਕੇ ਵਡਰਾ ਕੀਤਾ ਹੈ, ਉਹਦੇ ਨਾਲ ਝਗੜਨਾ ਪਾਪ ਹੈ ।''

ਮਗਰ ਪ੍ਰਿਥੀ ਚੰਦ ਨੇ ਸਾਰੀ ਉਮਰ ਇਹ ਝਗੜਾ ਨਹੀਂ ਛਡਿਆ । ਕਾਰਨ ਸੀ, ਜਨਮ ਕਰਕੇ ਹਉਮੈ ਰੋਗ ।

ਜਨਮ ਦੀ ਹਉਮੈ ਵਾਂਗ ਹੀ ਜਾਤਿ ਦੀ ਹਉਮੈ ਹੈ। ਮੈਂ ਉੱਚੀ ਜਾਤਿ ਵਿਚ ਜਨਮਿਆ ਹਾਂ, ਇਸ ਵਾਸਤੇ ਮੈਂ ਦੂਸਰਿਆਂ ਨਾਲੋਂ ਉੱਚਾ ਹਾਂ । ਇਹ ਵੀ ਇਕ ਮਾਰੂ ਰੋਗ ਹੈ ।

ਤੀਸਰੇ ਪਾਤਸ਼ਾਹ ਹਉਮੈ ਮੱਤਿਆਂ ਨੂੰ ਪੁਕਾਰ ਪੁਕਾਰ ਕੇ ਕਹਿੰਦੇ ਹਨ :

''ਜਾਤਿ ਕਾ ਗਰਬੁ ਨ ਕਰੀਅਹੁ ਕੋਈ ।
ਬ੍ਰਹਮੁ ਬਿੰਦੇ, ਸੋ ਬ੍ਰਾਹਮਣੁ ਹੋਈ ।
ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ।
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ।''

ਤੂੰ ਬ੍ਰਾਹਮਣ ਦੇ ਘਰ ਜਨਮਿਆਂ ਹੈਂ, ਏਸ ਗੱਲ ਦਾ ਮਾਣ ਨਾ ਕਰ । ਅਸਲੀ ਬ੍ਰਾਹਮਣ ਤਾਂ ਉਹ ਹੈ, ਜੋ ਬ੍ਰਹਮ ਬਿੰਦੇ, ਜਿਸ ਨੂੰ ਬ੍ਰਹਮ ਦਾ ਗਿਆਨ ਹੋ ਗਿਆ ਹੋਵੇ । ਪਰ ਜਿਥੇ ਜਾਤਿ-ਅਭਿਮਾਨ ਹੋਵੇ, ਓਥੇ ਰੱਬ ਦਾ ਗਿਆਨ ਹੋ ਕਿਵੇਂ ਸਕਦਾ ਹੈ । ਹਜ਼ੂਰ ਫ਼ੁਰਮਾਉਂਦੇ ਹਨ :

''ਹਉਮੈ ਨਾਵੈ ਨਾਲਿ ਵਿਰੋਧੁ ਹੈ,
ਦੁਇ ਨ ਵਸਹਿ ਇਕ ਠਾਇ ।''

ਸਿੱਖੀ ਨੇ ਸਾਰਾ ਤਾਣ ਲਾਇਆ ਹੈ ਜਾਤ ਪਾਤ ਦਾ ਖੰਡਨ ਕਰਨ ਵਾਸਤੇ, ਜਨਮ ਜਾਤਿ ਦੀ ਹਉਮੈ ਦੂਰ ਕਰਨ ਵਾਸਤੇ । ਪਰ ਅਸਰ ਉਲਟਾ ਹੀ ਹੋ ਰਿਹਾ ਹੈ ।

'ਮਰਜ਼ ਬੜ੍ਹਤਾ ਹੀ ਗਇਆ, ਜੂੰ ਜੂੰ ਦਵਾ ਕੀ।'

ਅਸੀਂ ਸਿਖ ਪਿੱਛੋਂ ਹਾਂ, ਤੇ ਬੇਦੀ, ਸੋਢੀ, ਪੰਡਤ, ਜੱਟ, ਛੱਤਰੀ ਪਹਿਲਾਂ। ਇਹ ਰੋਗ ਤਾਂ ਦਿਨੋਂ ਦਿਨ ਵਧਦਾ ਹੀ ਜਾ ਰਿਹਾ ਹੈ।

ਇਸ ਰੋਗ ਦੇ ਅਧੀਨ ਅਸਾਂ ਗੁਰੂ ਵੰਡ ਲਏ ਹਨ, ਪੰਜ ਪਿਆਰੇ ਵੰਡ ਲਏ ਹਨ। ਗੁਰੂ ਨਾਨਕ ਦੇਵ ਜੀ ਆ ਗਏ ਬੇਦੀਆਂ ਦੇ ਹਿੱਸੇ। ਸਿਰਫ਼ ਲਖਮੀ ਦਾਸ ਜੀ ਦੀ ਬੱਸ ਹੀ ਨਹੀਂ, ਹਰ ਬੇਦੀ ਸਮਝਦਾ ਹੈ, ਮੈਂ ਬੇਦੀ ਹਾਂ, ਮੈਂ ਗੁਰੂ ਦੀ ਗੋਤ ਵਿਚੋਂ ਹਾਂ, ਮੈਂ ਦੂਸਰਿਆਂ ਨਾਲੋਂ ਉੱਚਾ ਹਾਂ। ਮੈਨੂੰ ਦੂਸਰਿਆਂ ਪਾਸੋਂ ਪੂਜਾ ਕਰਾਉਣ ਦਾ ਹੱਕ ਹੈ।

ਏਸੇ ਤਰ੍ਹਾਂ ਗੁਰੂ ਅੰਗਦ ਦੇਵ ਮਹਾਰਾਜ ਆ ਗਏ ਤ੍ਰੇਹਣਾ ਦੇ ਹਿੱਸੇ, ਤੇ ਗੁਰੂ ਅਮਰਦਾਸ ਜੀ ਭੱਲਿਆਂ ਦੇ। ਗੁਰੂ ਅਮਰਦਾਸ ਜੀ ਦਾ ਪੁਰਬ ਆਵੇ, ਤਾਂ ਸਭ ਭੱਲੇ ਅੱਗੇ। ਦੂਸਰੇ ਗੁਰੂ ਤਾਂ ਸਾਰਿਆਂ ਦੇ ਸਾਂਝੇ ਹਏ, ਪਰ ਗੁਰੂ ਅਮਰਦਾਸ ਜੀ ਉਚੇਚੇ ਭੱਲਿਆਂ ਦੇ।

ਫਿਰ ਸੋਢੀ ਹੋਣਾ ਤਾਂ ਬਹੁਤ ਹੀ ਮਾਣ ਵਾਲੀ ਗੱਲ ਹੈ। ਬੇਦੀਆਂ ਦਾ, ਤ੍ਰੇਹਣਾ ਦਾ ਤੇ ਭੱਲਿਆਂ ਦਾ ਸਿਰਫ਼ ਇਕ ਇਕ ਗੁਰੂ ਹਇਆ ਹੈ, ਤੇ ਸੋਢੀਆਂ ਦੇ ਸੱਤ। ਸੋ, ਸੋਢੀ ਸਭ ਤੋਂ ਉਚੇਰੇ। ਜਿਹੜੇ ਸੋਢੀ ਗੁਰ-ਗੱਦੀ ਦੇ ਮਾਲਕਾਂ ਨਾਲ ਲੜਦੇ ਰਹੇ, ਉਹ ਵੀ ਪੂਜਣ ਜੋਗ। ਇਹ ਹੈ ਜਾਤੀ ਦੀ ਹਉਮੈ, ਹਉਮੈ ਰੋਗ।

ਫਿਰ ਵਾਰੀ ਆ ਗਈ ਪੰਜਾਂ ਪਿਆਰਿਆਂ ਦੀ। ਏਥੇ ਵੀ ਜਾਤੀ ਦੀ ਹਉਮੈ ਪਰਧਾਨ ਹੈ। ਇਹ 'ਸਾਹਿਬ ਸਿੰਘ ਦਲ' ਹੈ, ਇਹ ਹਿੰਮਤ ਸਿੰਘ ਦਲ' ਹੈ, ਇਹ 'ਮੁਹਕਮ ਸਿੰਘ ਦਲ' ਹੈ। ਗੁਰੂ ਕੇ ਸਿੱਖੋ! ਇਹ ਦੱਸੋ, ਕਿ ਕੋਈ ਗੁਰੂ ਗੋਬਿੰਦ ਸਿੰਘ ਦਾ ਦਲ ਵੀ ਹੈ?

ਅਜੇ ਹੋਰ ਵੀ ਬਹੁਤ ਸਾਰੇ ਰੋਗ ਹਨ। ਕੁਦਰਤ ਵੱਲੋਂ ਚੰਗਾ ਰੰਗ ਰੂਪ ਮਿਲ ਗਿਆ, ਵਿੱਦਿਆ ਚੰਗੀ ਪਰਾਪਤ ਕਰ ਲਈ, ਧਨ ਮਿਲ ਗਿਆ, ਭਰਾਵਾਂ ਦੀ ਮਦਦ ਨਾਲ ਰਾਜਸੀ ਤਾਕਤ ਮਿਲ ਗਈ, ਤਾਂ ਬੱਸ, ਹਉਮੈਂ ਦਾ ਸ਼ਕਾਰ ਹੋ ਗਿਆ। ਇਸ ਬਾਰੇ ਕਲਿ ਤਾਰਕ ਗੁਰੂ ਨਾਨਕ ਦੇਵ ਜੀ

ਮਨੁੱਖ ਨੂੰ ਸੁਚੇਤ ਕਰਦੇ ਹਨ :

"ਰਾਜੁ, ਮਾਲੁ, ਰੂਪੁ, ਜਾਤਿ, ਜੋਬਨੁ, ਪੰਜੇ ਠਗ ।
ਏਨੀ ਠਗੀਂ ਜਗੁ ਠਗਿਆ, ਕਿਨੈ ਨ ਰਖੀ ਲਜ ।"

ਪਰ ਇਹਨਾਂ ਠੱਗਾਂ ਦੇ ਵਹੇ ਚੜ੍ਹਿਆ ਹੋਇਆ ਇਹ ਸਮਝਦਾ ਹੀ ਨਹੀਂ । ਹਉਮੈ ਦਾ ਰੋਗੀ ਜੁ ਹੋਇਆ । ਰੋਗੀ ਨੂੰ ਸ਼ਹਿਦ ਵੀ ਦਿਹੋ, ਤਾਂ ਉਸ ਨੂੰ ਕੌੜਾ ਲਗਦਾ ਹੈ । ਜਿਉਂ ਜਿਉਂ ਸਮਝਾਉ, ਅਸਰ ਉਲਟਾ ਹੁੰਦਾ ਹੈ, ਹਉਮੈ ਰੋਗ ਸਗੋਂ ਵਧਦਾ ਜਾਂਦਾ ਹੈ ।

ਭਗਤ ਰਵਿਦਾਸ ਜੀ ਦੇ ਕਥਨ ਅਨੁਸਾਰ ਅਭਿਮਾਨੀ ਪੁਰਸ਼ ਤਾਂ ਸਗੋਂ ਉਲਟਾ ਛਾਤੀ ਤਾਣ ਕੇ ਕਹੇਗਾ ।

"ਹਮ ਬਡ ਕਬਿ, ਕੁਲੀਨ, ਹਮ ਪੰਡਿਤ,
ਹਮ ਜੋਗੀ, ਸੰਨਿਆਸੀ ।
ਗਿਆਨੀ, ਗੁਨੀ, ਸੂਰ, ਹਮ ਦਾਤੇ,
ਇਹ ਬੁਧਿ ਕਬਹਿ ਨ ਨਾਸੀ ।"

'ਮੈਂ ਬੜਾ ਵੱਡਾ ਕਵੀ ਹਾਂ, ਮੈਂ ਉੱਚੀ ਕੁਲ ਵਿਚੋਂ ਹਾਂ, ਮੈਂ ਬੜਾ ਵਿੱਦਵਾਨ ਪੰਡਤ ਹਾਂ, ਮੈਂ ਪਹੁੰਚਿਆ ਹੋਇਆ ਜੋਗੀ ਹਾਂ, ਮੈਂ ਬੜਾ ਤਿਆਗੀ ਸੰਨਿਆਸੀ ਹਾਂ, ਮੈਂ ਬੜਾ ਗੁਣੀ ਗਿਆਨੀ ਹਾਂ, ਮੈਂ ਸਿਰਲੱਥ ਸੂਰਮਾ ਹਾਂ, ਮੈਂ ਮਹਾਨ ਦਾਨੀ ਹਾਂ ।' ਭਗਤ ਜੀ ਫੁਰਮਾਉਂਦੇ ਹਨ, ਇਹ ਹਉਮੈਂ ਵਾਲੀ ਬੁੱਧੀ ਕਦੇ ਨਹੀਂ ਸੁਧਰੀ ।

ਹੁਣ ਸਵਾਲ ਪੈਦਾ ਹੁੰਦਾ ਹੈ, ਕਿ ਇਹ ਹਉਮੈਂ ਦਾ ਰੋਗ ਮਿਟੇ ਕਿਵੇਂ ਤੀਰਥ ਯਾਤਰਾ ਕਰੋ । ਪਵਿੱਤਰ ਤੀਰਥਾਂ ਉਤੇ ਇਸ਼ਨਾਨ ਕਰਨ ਨਾਲ ਸਾਰੇ ਪਾਪ ਮਿਟ ਜਾਂਦੇ ਹਨ । ਸਾਰੇ ਰੋਗ ਦੂਰ ਹੋ ਜਾਂਦੇ ਹਨ । ਇਹ ਸਨ ਸਾਡੇ ਪੁਰਾਣੇ ਬਜ਼ੁਰਗਾਂ ਦੇ ਵਿਚਾਰ । ਮਗਰ ਗੁਰੂ ਅਮਰ ਦਾਸ ਜੀ, ਜੋ ਬੜੇ ਸ਼ਰਧਾਵਾਨ ਤੀਰਥ ਯਾਤਰੀ ਸਨ, ਬਾਈ ਵਾਰ ਹਰਿਦੁਆਰ ਗੰਗਾ ਇਸ਼ਨਾਨ ਕਰ ਆਏ ਸਨ, ਉਹ ਜਗਤ ਢੰਢੋਰਾ ਦੇਂਦੇ ਹੋਏ ਫੁਰਮਾਉਂਦੇ ਹਨ ।

"ਅਨੇਕ ਤੀਰਥ ਜੇ ਜਤਨ ਕਰੈ,
ਤਾ ਅੰਤਰ ਕੀ ਹਉਮੈ ਕਦੇ ਨ ਜਾਇ।"

ਜਨਮ-ਗੁਰੂ ਨਾਨਕ ਦੇਵ ਮਹਾਰਾਜ ਦਾ ਮਹਾਵਾਕ ਹੈ,

"ਤੀਰਥ ਨਾਤਾ ਕਿਆ ਕਰੇ, ਮਨ ਮਹਿ ਮੈਲੁ ਗੁਮਾਨੁ।"

ਮਨ ਸਾਫ਼ ਨਹੀਂ ਹੋਇਆ। ਹਉਮੈ ਨਹੀਂ ਮਿਟੀ। ਸਗੋਂ ਹਉਮੈ ਨੂੰ ਪੱਠੇ ਪਾਏ ਹਨ। 'ਮੈਂ ਐਨੀਵਾਰ ਤੀਰਥ ਯਾਤਰਾ ਕੀਤੀ ਹੈ। ਸੁਣਾ, ਤੂੰ ਵੀ ਕਦੇ ਕਿਸੇ ਤੀਰਥ 'ਤੇ ਗਿਆ ਹੈਂ ? ਮੈਂ ਐਨੇ ਤੀਰਥ ਪਰਸੇ ਹਨ। ਅਠਸਠ ਤੀਰਥ, ਸਾਰੇ ਹੀ ਤੀਰਥਾਂ 'ਤੇ ਇਸ਼ਨਾਨ ਕਰ ਆਇਆ ਹਾਂ। ਹਰ ਕੋਈ ਨਹੀਂ ਕਰ ਸਕਦਾ।' ਬੱਸ, ਇਸ ਗੱਲ ਦੀ ਹਉਮੈ ਹੋ ਗਈ।

ਭਗਤ ਕਬੀਰ ਜੀ ਇਸ ਗੱਲ 'ਤੇ ਬੜਾ ਵਿਅੰਗ ਕਰਦੇ ਹਨ

"ਅੰਤਰਿ ਮੈਲੁ ਜੇ ਤੀਰਥ ਨਾਵੈ, ਤਿਸੁ ਬੈਕੁੰਠ ਨ ਜਾਨਾਂ।"

ਤੀਰਥ ਨ੍ਹਾਤਿਆਂ ਅੰਦਰ ਦੀ ਮੈਲ ਨਹੀਂ ਲੱਥੀ। ਹਾਂ, ਲੋਕਾਂ ਵਿਚ ਕੁਛ ਨਾਮ ਹੋ ਗਿਆ ਹੈ। 'ਇਹ ਬੜਾ ਭਗਤ ਹੈ, ਬੜਾ ਧਰਮੀ ਹੈ, ਬੜਾ ਨਿਤਨੇਮੀ ਹੈ, ਤੀਰਥਾਂ ਦੀ ਯਾਤਰਾ ਕਰਕੇ ਜਨਮ ਸਫਲਾ ਕਰ ਆਇਆ ਹੈ।' ਪਰ ਕਬੀਰ ਜੀ ਦੇ ਕਥਨ ਅਨੁਸਾਰ

"ਲੋਕ ਪਤੀਣੇ ਕਛੂ ਨ ਹੋਵੈ, ਨਾਹੀ ਰਾਮ ਅਯਾਨਾ।"

ਰੱਬ ਤਾਂ ਅੰਞਾਣਾ ਨਹੀਂ, ਜੋ ਲੋਕਾਂ ਪਿਛੇ ਲੱਗ ਕੇ ਠਗਿਆ ਜਾਵੇਗਾ

ਉਹ ਤਾਂ

"ਕਰਣ ਕਰਾਵਨਹਾਰ ਸੁਆਮੀ।
ਸਗਲ ਘਟਾ ਕੇ ਅੰਤਰਜਾਮੀ।"

ਉਹ ਤਾਂ ਦਿਲਾਂ ਦੀਆਂ ਜਾਨਣਹਾਰ ਹੈ।

ਇਕ ਹੋਰ ਰਸਤਾ ਵੀ ਹੈ, ਜੱਗ ਕਰਨੇ, ਛਿਲੇ ਕਢਣੇ, ਤਪ ਸਾਧਨਾ, ਧੂਣੀਆਂ ਤਪਣੀਆਂ, ਜਲਧਾਰਾਂ ਕਰਨੀਆਂ, ਦੇਹੀ ਉਤੇ ਤਰਾਂ ਤਰਾਂ ਦੇ ਕਸ਼ਟ ਸਹਿਣੇ, ਦੋ ਸ਼ਬਦਾਂ ਵਿਚ, ਕਰਮ-ਕਾਂਡ। ਪਰ ਇਸ ਵਿਚ ਵੀ ਹਉਮੈਂ ਹੈ।

ਸ਼ਾਹੂਕਾਰ ਜੱਗ ਕਰਦਾ ਹੈ, ਮਲਿਕ ਭਾਗੋ ਵਾਂਗ 'ਬ੍ਰਹਮ ਭੋਜ'। ਪਹਿਲਾਂ ਉਹਨੇ ਸੂਦ-ਦਰ-ਸੂਦ ਲਾ ਕੇ ਪੈਸਾ ਇਕੱਠਾ ਕੀਤਾ ਹੈ। ਫਿਰ ਸਾਮੀਆਂ ਕੋਲੋਂ ਧਰਮ ਖਾਤੇ ਦੇ ਨਾਮ ਉਤੇ ਵਸੂਲਿਆ ਹੈ। ਤੇ ਅੰਤ ਜੱਗ ਕਰਨ ਵਾਸਤੇ ਆਪਣੇ ਕਰਜ਼ਾਈਆਂ ਕੋਲੋਂ ਦੁੱਧ, ਘਿਉ, ਆਟਾ, ਰਸਤ ਇਕੱਠੀ ਕੀਤੀ ਹੈ। ਤੇ ਜੱਗ ਦੇ ਫਲ ਦਾ ਚਾਹਵਾਨ ਹੈ ਸ਼ਾਹੂਕਾਰ ਆਪ। ਕਾਰਖਾਨੇਦਾਰ ਨੇ ਮਜ਼ਦੂਰ ਕੋਲੋਂ ਧਰਮ ਦੇ ਨਾਮ ਉਤੇ ਚੰਦਾ ਇਕੱਠਾ ਕੀਤਾ ਹੈ, ਓਵਰ ਟਾਈਮ ਲੁਆਇਆ ਹੈ, ਹੋਰ ਵੀ ਹਿਸਾਬ ਵਿਚ ਹੇਰਾ-ਫੇਰੀ ਕਰਕੇ ਜਿਥੋਂ ਵੀ ਪੈਸਾ ਕਢਿਆ ਜਾ ਸਕਦਾ ਹੈ, ਕਢਿਆ ਹੈ, ਇਨਕਮ ਟੈਕਸ ਦੀ ਚੋਰੀ ਕੀਤੀ ਹੈ। ਤੇ ਇਸਤਰਾਂ ਇਕੱਤਰ ਕੀਤੇ ਧਨ ਨਾਲ ਜੱਗ ਕੀਤਾ ਹੈ, ਗੁਰਦੁਆਰਾ ਜਾਂ ਮੰਦਰ ਬਣਵਾਇਆ ਹੈ, ਤੇ ਬੂਹੇ ਅੱਗੇ ਸਿਲ ਲੁਆਈ ਹੈ ਆਪਣੇ ਨਾਮ ਦੀ। ਇਹ ਕੁਛ ਮੈਂ ਕੀਤਾ ਹੈ। ਕੀ ਇਹ ਹਉਮੈਂ ਨਹੀਂ ?

ਹੁਣ ਸਵਾਲ ਹੈ, ਕਿ ਇਹ ਹਉਮੈਂ ਦੂਰ ਕਿਵੇਂ ਹੋਵੇ ? ਮਹਾਪੁਰਸ਼ਾਂ ਨੇ ਦੱਸਿਆ, ਭਜਨ ਬੰਦਗੀ ਕਰਨ ਨਾਲ।

"ਨਾਮੇ ਰਾਤੇ ਹਉਮੈ ਜਾਇ।"

ਪਰ ਨਾਮ ਵਿਚ ਰੱਤੇ ਜਾਣਾ ਹੀ ਔਖਾ ਹੈ। ਅਸਲ ਵਿਚ ਅਸੀਂ ਬਹੁਤੇ ਕਰਮ ਲੋਕਾਂ ਨੂੰ ਵਿਖਾਉਣ ਵਾਸਤੇ ਕਰਦੇ ਹਾਂ, ਚੰਗਾ ਬਣਨ ਵਾਸਤੇ ਨਹੀਂ। ਸਾਡਾ ਨਸ਼ਾਨਾ ਏਹਾ ਹੀ ਹੁੰਦਾ ਹੈ, ਕਿ ਲੋਕਾਂ ਵਿਚ ਸਾਡਾ ਜੱਸ ਹੋਵੇ। ਸਾਡੇ ਹਰ ਨੇਕ ਕੰਮ ਪਿਛੇ ਸਾਡੀ ਇਹ ਖ਼ਾਹਸ਼ ਲੁਕੀ ਹੁੰਦੀ ਹੈ। ਦੂਸਰੇ ਦਾ ਸਤਕਾਰ ਹੁੰਦਾ ਵੇਖ ਕੇ, ਅਸੀਂ ਵੀ ਉਸ ਰਾਹੇ ਤੁਰ ਪੈਂਦੇ ਹਾਂ। ਪਰ ਨਸ਼ਾਨਾ ਕੇਵਲ ਚੰਗਾ ਅਖਵਾਉਣ ਦਾ ਹੀ ਹੁੰਦਾ ਹੈ।

ਅੰਮ੍ਰਿਤ ਵੇਲੇ ਉਠ ਕੇ ਮੰਦਰ ਜਾਂ ਗੁਰਦੁਆਰੇ ਜਾਣ ਲੱਗ ਪਿਆ। ਸਹਿਜ ਸਹਿਜ ਲੋਕਾਂ ਦੀਆਂ ਨਜ਼ਰਾਂ ਦਾ ਕੇਂਦਰ ਬਣ ਗਿਆ। 'ਜੀ ! ਬੜਾ ਧਰਮੀ ਹੈ, ਅੰਮ੍ਰਿਤ ਵੇਲੇ ਉਠ ਕੇ ਮੰਦਰ ਆਉਂਦਾ ਹੈ, ਫ਼ਰਸ਼ ਧੋਂਦਾ ਹੈ, ਜੋੜੇ ਵੀ ਝਾੜਦਾ ਹੈ, ਫਿਰ ਰਸਨਾ ਉਤੇ ਹਰ ਵੇਲੇ ਰਾਮ ਰਾਮ,

ਵਾਹਿਗੁਰੂ ਵਾਹਿਗੁਰੂ ਹੈ। ਬੜਾ ਭਗਤ ਹੈ।'

ਪਰ ਇਹ ਸਭ ਲੋਕ ਦਿਖਾਵੇ ਵਾਸਤੇ ਹੈ। ਗੁਰਦੇਵ ਫ਼ੁਰਮਾਉਂਦੇ ਹਨ

"ਰਾਮ ਰਾਮ ਸਭੁ ਕੋ ਕਹੈ, ਕਹਿਐ ਰਾਮੁ ਨ ਹੋਇ।
ਗੁਰ ਪਰਸਾਦੀ ਰਾਮੁ ਮਨਿ ਵਸੈ, ਤਾਂ ਫਲੁ ਪਾਵੈ ਕੋਇ।"

ਪਰ ਨਸ਼ਾਨਾ ਤਾਂ ਹੈ, ਲੋਕਾਂ ਨੂੰ ਵਿਖਾਉਣਾ, ਲੋਕਾਂ ਦੀ ਵਾਹ ਵਾਹ ਹਾਸਲ ਕਰਨੀ, ਫਿਰ ਉਹ ਮਨ ਵਿਚ ਕਿਵੇਂ ਵੱਸੇ ?

ਜੋ ਮਨੋਰਥ ਸੀ, ਉਹ ਹਾਸਲ ਹੋ ਗਿਆ। ਵੇਖਣ ਵਾਲੇ ਚੰਗਾ ਆਖਣ ਲੱਗ ਪਏ। ਫਿਰ ਇਕ ਕਦਮ ਹੋਰ ਅਗੇਰੇ ਪੁੱਟ ਲਿਆ। ਸੰਸਾਰੀਆਂ ਵਾਲੇ ਕੱਪੜੇ ਤਿਆਗ ਕੇ ਇਕ ਖ਼ਾਸ ਕਿਸਮ ਦਾ ਲਿਬਾਸ ਪਾ ਲਿਆ। ਉਪਰਲਾ ਲਬਲ ਬਦਲ ਗਿਆ। ਬਾਹਰੋਂ 'ਸਾਧ' ਬਣ ਗਿਆ। ਪਰ ਅੰਦਰੋਂ ਬਦਲਣ ਦਾ ਯਤਨ ਨਹੀਂ ਕੀਤਾ। ਨਸ਼ਾਨਾ ਹੀ ਬਾਹਰ-ਮੁਖੀ ਸੀ। ਬਾਹਰੋਂ ਵੇਖਣ ਵਾਲੇ ਕੁਛ ਹੋਰ ਸਤਕਾਰ ਕਰਨ ਲੱਗ ਪਏ।

'ਨਹੀਂ ! ਅਜੇ ਮਨਜ਼ਲ ਦੂਰ ਹੈ। ਲੋਕਾਂ ਨੂੰ ਇਹ ਵੀ ਪਤਾ ਲਗਣਾ ਚਾਹੀਦਾ ਹੈ, ਕਿ ਇਹ ਮਹਾਪੁਰਖ ਸਾਰੀ ਸਾਰੀ ਰਾਤ ਬੰਦਗੀ ਕਰਦਾ ਹੈ।'

ਫਿਰ ਕੀ ਸੀ ? ਲਿਬਾਸ ਵਾਂਗ ਕਾਰਜ-ਕਰਮ ਦਾ ਸਮਾਂ ਵੀ ਬਦਲ ਲਿਆ। ਸਰੀਰ ਵਾਸਤੇ ਆਰਾਮ ਦੀ, ਨੀਂਦ ਦੀ ਲੋੜ ਹੈ। ਦਿਨੇ ਜ਼ਰਾ ਵਧੇਰੇ ਸੌਂ ਲਿਆ। ਤੇ ਰਾਤ ਸਾਰੀ ਉੱਚੀ ਉੱਚੀ ਰੱਬ ਦਾ ਨਾਮ ਜਪਿਆ। ਹਾਂ, ਪੂਰੀ ਸੁਰ ਵਿਚ, ਉੱਚੀ ਉੱਚੀ। ਰੱਬ ਤਾਂ ਹਿਰਦੇ ਵਿਚ ਯਾਦ ਕੀਤਿਆਂ ਵੀ ਸੁਣ ਲੈਂਦਾ ਹੈ, ਲੋਕ ਤਾਂ ਕੰਨੀ ਵਾਜ ਪਈ ਤੋਂ ਹੀ ਜਾਨਣਗੇ।

ਹੁਣ ਗੱਲ ਬਣੀ ਹੈ। ਜਿਸ ਰਾਹੇ ਲੰਘਦਾ ਹੈ, ਸ਼ਰਧਾਲੂ 'ਸੰਤ ਜੀ' 'ਮਹਾਤਮਾ ਜੀ', 'ਪੀਰ ਜੀ' ਕਹਿ ਕੇ ਨਮਸਕਾਰ ਕਰਦੇ ਹਨ। ਹੁਣ ਮਨਜ਼ਲ ਮਿਲ ਗਈ।

ਕਸੂਰ ਦੇ ਰਹਿਣ ਵਾਲੇ ਸੂਫ਼ੀ ਫ਼ਕੀਰ ਸਾਈਂ ਬੁੱਲ੍ਹੇ ਸ਼ਾਹ ਬੜੀ ਤਿੱਖੀ ਟਕੋਰ ਕਰਦੇ ਹਨ, ਏਹੋ ਜੇਹੇ 'ਪਹੁੰਚੇ ਹੋਏ' ਪੀਰਾਂ ਉਤੇ। ਉਹਨਾਂ ਦੇ

ਸ਼ਬਦਾਂ ਵਿਚ ਸੁਣੋ।

"ਬੁੱਲ੍ਹਿਆ ! ਰਾਤੀਂ ਜਾਗੇਂ, ਤੇ ਪੀਰ ਸਦਾਵੇਂ ?
ਰਾਤੀਂ ਜਾਗਣ ਕੁੱਤੇ।"

ਜੇ ਰਾਤ ਭਰ ਜਾਗਣਾ ਹੀ ਪੀਰੀ ਦੀ ਸਨਦ ਹੈ, ਤਾਂ ਕੁੱਤੇ ਵੀ ਸਾਰੀ ਰਾਤ ਜਾਗਦੇ ਹਨ। ਪਰ ਉਹਨਾਂ ਦੀ ਨਿਰਮਾਣਤਾ ਵੇਖੋ।

"ਸਾਰੀ ਰਾਤ ਉਹ ਪਹਿਰਾ ਦੇਂਦੇ,
ਦਿਨੇ ਰੂੜੀ 'ਤੇ ਸੁੱਤੇ।"

ਉਹਨਾਂ ਵਿਚ ਇਕ ਸਿਫ਼ਤ ਹੋਰ ਵੀ ਹੈ,

"ਸਾਂਈ ਦਾ ਦਰ ਮੂਲ ਨਾ ਛੱਡਣ,
ਭਾਵੇਂ ਵੱਜਣ ਜੁੱਤੇ।"

ਪਰ ਅਸੀਂ ਤਾਂ 'ਸਾਂਈਂ' ਨਾਲ ਰੁੱਸ ਪੈਂਦੇ ਹਾਂ। ਜ਼ਰਾ ਕੁ ਸਾਡੇ ਆਦਰ-ਮਾਣ ਵਿਚ ਫ਼ਰਕ ਆ ਜਾਏ, ਤਾਂ 'ਸਾਂਈਂ' ਦਾ ਦਰ ਛੱਡ ਜਾਂਦੇ ਹਾਂ, ਉਸ ਨਾਲੋਂ ਤੋੜਨ ਵਾਸਤੇ ਤਿਆਰ ਹੋ ਜਾਂਦੇ ਹਾਂ। 'ਸਾਂਈਂ' ਦੇ ਕੁੱਤੇ, ਵਰਗੀ ਵਫ਼ਾਦਾਰੀ ਸਾਡੇ ਵਿਚ ਕਿੱਥੇ ? ਹੁਣ ਤੁਸੀਂ ਬੁੱਲ੍ਹੇ ਸ਼ਾਹ ਦੀ ਆਰੰਭ ਤੋਂ ਸੁਣੋ।

"ਬੁੱਲ੍ਹਿਆ ! ਰਾਤੀਂ ਜਾਗੇਂ ਤੇ ਪੀਰ ਸਦਾਵੇਂ ?
ਰਾਤੀਂ ਜਾਗਣ ਕੁੱਤੇ।
ਸਾਰੀ ਰਾਤ ਉਹ ਪਹਿਰਾ ਦੇਂਦੇ,
ਦਿਨੇ ਰੂੜੀ 'ਤੇ ਸੁੱਤੇ।
ਸਾਂਈਂ ਦਾ ਦਰ ਮੂਲ ਨਾ ਛੱਡਣ,
ਭਾਵੇਂ ਵੱਜਣ ਜੁੱਤੇ।
ਉਠ, ਬੁੱਲ੍ਹਿਆ ! ਉਠ, ਪੀਰ ਮਨਾ ਲੈ,
ਨਹੀਂ ਤਾਂ ਬਾਜ਼ੀ ਲੈ ਗਏ ਕੁੱਤੇ।"

ਪਰ ਸਾਡਾ ਤਾਂ 'ਪੀਰ ਨੂੰ ਮਨਾਉਣ ਦਾ' ਨਿਸ਼ਾਨਾ ਹੀ ਨਹੀਂ। ਰਸਤਾ ਹੀ ਗਲਤ ਹੈ, ਤਾਂ ਮਮਜ਼ਲ 'ਤੇ ਕਿਵੇਂ ਪਹੁੰਚਾਂਗੇ। ਹਉਮੈਂ ਦੇ

ਭਾਰ ਬੰਨ੍ਹ ਕੇ ਨਿਰਮਾਣਤਾ ਦੇ ਦਰਬਾਰ ਨਹੀਂ ਪਹੁੰਚਿਆ ਜਾ ਸਕਦਾ।

ਪਰ ਹਉਮੈ ਰੋਗ ਤੋਂ ਬਚਣ ਦਾ ਦਾਰੂ ਵੀ ਏਹੋ ਹੈ, ਬੰਦਗੀ।

"ਸੋਧਤ ਸੋਧਤ ਸੋਧਿ ਬੀਚਾਰਾ।
ਬਿਨੁ ਹਰਿ ਭਜਨ ਨਹੀ ਛੁਟਕਾਰਾ।"

ਇਕ ਥਾਂ ਗੁਰਦੇਵ ਹੋਰ ਫੁਰਮਾਉਂਦੇ ਹਨ,

"ਬਿਨੁ ਹਰਿ ਭਜਨ ਨਾਹੀ ਨਿਸਤਾਰਾ,
ਸੂਖੁ ਨ ਕਿਨਹੂ ਲਹਿਆ।"

ਸੁਖ, ਸ਼ਾਂਤੀ, ਕਲਿਆਣ, ਹੈ ਸਭ ਏਸੇ ਸਾਧਨ ਦੁਆਰਾ, ਪਰ ਇਹ ਮਾਰਗ ਕਠਨ ਬਹੁਤ ਹੈ।

ਦਾਰੂ ਮਿਲ ਗਿਆ, ਖਾਣਾ ਵੀ ਸ਼ੁਰੂ ਕਰ ਦਿਤਾ, ਪਰ ਵਦ ਦੇ ਕਹੇ ਅਨੁਸਾਰ ਪੱਥ ਅਪੱਥ ਦਾ ਧਿਆਨ ਨਹੀਂ ਰਖਿਆ, ਤਾਂ ਰੋਗ ਦੇ ਮਿਟਣ ਦੀ ਆਸ ਕਿਵੇਂ ਰੱਖੀ ਜਾ ਸਕਦੀ ਹੈ।

ਭਾਈ ਗੁਰਦਾਸ ਜੀ ਲਿਖਦੇ ਹਨ,

ਪੂਛਤ ਹੈ ਵੈਦ, ਖਾਤ ਔਖਧਿ ਨਾ ਸੰਜਮ ਸੇ
ਕੈਸੇ ਮਿਟੇ ਰੋਗ, ਸੁਖ ਸਹਿਜ ਸਮਾਈਐ।"

ਜਿਵੇਂ ਸਰੀਰਕ ਰੋਗ ਵਾਸਤੇ ਦਵਾਈ ਦੇ ਨਾਲ ਪਰਹੇਜ਼ ਜ਼ਰੂਰੀ ਹੈ। ਓਵੇਂ ਆਤਮਕ ਰੋਗ ਵਾਸਤੇ ਵੀ ਸੰਜਮ ਲਾਜ਼ਮੀ ਹੈ। ਹਜ਼ੂਰ ਫੁਰਮਾਉਂਦੇ ਹਨ

"ਮਾਨ, ਮੋਹ, ਮੇਰ ਤੇਰ ਬਿਬਰਜਤ,
ਇਹ ਮਾਰਗ ਖੰਡੇਧਾਰ।"

ਇਸ ਖੰਡੇਧਾਰ ਮਾਰਗ ਉਤੇ ਚੱਲਣ ਵਿਚ ਬਹੁਤ ਔਕੜਾਂ ਹਨ। ਸਭ ਤੋਂ ਵੱਡੀ ਔਕੜ ਹੈ, ਓਹਾ ਹਉਮੈਂ ਰੋਗ।

ਹਉਮੈਂ ਤੋਂ ਛੁਟਕਾਰਾ ਪਾਉਣ ਵਾਸਤੇ ਬੰਦਗੀ ਦਾ ਰਸਤਾ ਫੜਿਆ ਸੀ। ਪਰ ਅਣਜਾਣ ਰਾਹੀ ਨੂੰ ਬੰਦਗੀ ਦੀ ਹੀ ਹਉਮੈਂ ਹੋ ਗਈ।

"ਜਲ ਮਹਿ ਅਗਨਿ ਉਠੀ ਅਧਕਾਇ।"

ਰੋਗ ਦਾ ਦਾਰੂ ਭਾਲਦਿਆਂ ਭਾਲਦਿਆਂ ਦਾਰੂ ਹੀ ਰੋਗ ਬਣ ਗਿਆ।

ਬਾਵਾ ਫ਼ਰੀਦ ਦੀ ਸਾਖੀ ਬੜੀ ਪਰਸਿਧ ਹੈ। ਵਸੋਂ ਛੱਡ ਕੇ ਜੰਗਲਾਂ ਵਿਚ ਰੱਬ ਨੂੰ ਭਾਲਦਾ ਫਿਰਦਾ ਹੈ, ਉਨੀਂਦਰੇ ਝਾਗ ਰਿਹਾ ਹੈ। ਉਹਦਾ ਵਿਚਾਰ ਹੈ, ਕਿ

"ਫ਼ਰੀਦਾ, ਰਾਤਿ ਕਥੂਰੀ ਵੰਡੀਐ,
ਸੁਤਿਆ ਮਿਲੈ ਨ ਭਾਉ।
ਜਿੰਨ੍ਹਾ ਨੈਣ ਨੀਂਦ੍ਰਾਵਲੇ
ਤਿੰਨਾ ਮਿਲਣੁ ਕੁਆਉ।"

ਪ੍ਰਭੂ ਦੇ ਨਾਮ ਦੀ ਕਸਤੂਰੀ ਰਾਤ ਨੂੰ ਵੰਡੀ ਜਾਂਦੀ ਹੈ। ਸੁੱਤਿਆਂ ਨੂੰ ਉਹਦਾ ਹਿੱਸਾ ਨਹੀਂ ਮਿਲਦਾ। ਸੋ ਰਾਤਾਂ ਪੂਰੀ ਰਾਤਾਂ ਜਾਗ ਕੇ ਗੁਜ਼ਾਰ ਦੇਂਦਾ ਹੈ।

ਫ਼ਰੀਦ ਮਾਹੀ ਦੇ ਦੀਦਾਰ ਦੀ ਉਡੀਕ ਵਿਚ ਆਸਮਾਨ ਵੱਲ ਨੀਝ ਲਾਈ ਬੈਠਾ ਹੈ, ਹੱਥ ਵਿਚ ਤਸਬੀ, ਤੇ ਜ਼ਬਾਨ ਉਤੇ ਵਿਰਦ ਅੱਲਾਹ ਦਾ। ਅੰਮ੍ਰਿਤ ਵੇਲਾ ਹੋ ਆਇਆ, ਪੌਹ ਫੁੱਟੀ, ਚਿੜੀ ਚਹੂਕੀ। ਪੰਛੀਆਂ ਨੇ ਦਿਨ ਦੇ ਆਗਮਨ ਦੀ ਖ਼ੁਸ਼ੀ ਵਿਚ ਗੀਤ ਛੋਹੇ। ਫ਼ਰੀਦ ਨੂੰ ਚੰਗ ਨਾ ਲੱਗੇ। ਸੁਤੇ ਹੀ ਮੂੰਹੋਂ ਨਿਕਲ ਗਿਆ, "ਮਰ ਜਾਉ ਚਿੜੀਓ, ਕੇਹਾ ਰੌਲਾ ਪਾਇਆ ਜੇ।"

ਚਿੜੀਆਂ ਮਰ ਗਈਆਂ। ਫ਼ਰੀਦ ਉਦਾਸ ਹੋ ਗਿਆ। ਸਾਂਈਂ ਦੀ ਖ਼ੁਸ਼ੀ ਪ੍ਰਾਪਤ ਕਰਨ ਦੀ ਥਾਂ ਪਾਪ ਸਿਰ ਚੜ੍ਹਾ ਲਿਆ। ਹੁਣ ਕੀ ਬਣੇ। ਇਹ ਤਾਂ ਉਲਟੀ ਗੱਲ ਵਿਗੜ ਗਈ। ਅੱਲਾਹ ਅੱਗੇ ਦੁਆ ਕੀਤੀ। "ਚਿੜੀਓ! ਉਡ ਜਾਓ।"

ਖ਼ੁਦਾ ਦੀ ਮੇਹਰ। ਚਿੜੀਆਂ ਉਡ ਗਈਆਂ। ਫ਼ਰੀਦ ਦੇ ਮਨ ਵਿਚ ਹਉਮੈਂ ਜਾਗ ਉੱਠੀ। "ਫ਼ਰੀਦਾ! ਹੁਣ ਤੂੰ ਵਲੀ ਹੋ ਗਿਆ ਹੈਂ। ਤੇਰੇ ਹੁਕਮ ਨਾਲ ਚਿੜੀਆਂ ਮਰ ਜਾਂਦੀਆਂ ਹਨ। ਤੇਰੇ ਹੁਕਮ ਨਾਲ ਮਰੀਆਂ ਹੋਈਆਂ ਜਿਉਂ ਪੈਂਦੀਆਂ ਹਨ। ਹੁਣ ਤੂੰ ਕੁਛ ਬਣ ਗਿਆ ਹੈਂ।"

ਹਉਮੈਂ, ਹਉਮੈਂ ਰੋਗ। ਬੰਦਗੀ ਦੀ ਹਉਮੈਂ।

"ਬੰਦੇ ਨੂੰ ਹੋ ਹੈ ਜਾਂਦਾ, ਹੰਕਾਰ ਬੰਦਗੀ ਦਾ।

ਵਰਤੇ ਵਲੀ ਕੰਧਾਰੀ ਹਥਿਆਰ ਬੰਦਗੀ ਦਾ।"

ਜੋ ਆਪਣੇ ਭਜਨ ਦੇ ਬਲ 'ਵਰ' ਦਾ ਲਾਰਾ ਤੇ 'ਸਰਾਪ' ਦਾ ਭੈ ਦਿਖਾ ਕੇ ਪੂਜਾ ਕਰਾਉਂਦਾ ਹੈ, ਉਹ ਬੰਦਗੀ ਨੂੰ ਹਥਿਆਰ ਬਣਾ ਕੇ ਨਹੀਂ ਵਰਤਦਾ, ਤਾਂ ਹੋਰ ਕੀ ਕਰਦਾ ਹੈ।

ਫ਼ਰੀਦ ਦੇ ਅੰਦਰ ਅਚਨਚੇਤ ਹਉਮੈਂ ਉਪਜੀ ਸੀ, ਰੋਗ ਤਾਜ਼ਾ ਸੀ। ਇਕ ਟੋਟਕੇ ਨਾਲ ਹੀ ਦੂਰ ਹੋ ਗਿਆ। ਪਤੀ-ਬ੍ਰਤਾ ਰੰਗ-ਰੱਤੜੀ ਦੇ ਇਕੋ ਬੋਲ, ਇਕੋ ਮੰਤਰ ਨਾਲ ਦੂਰ ਹੋ ਗਿਆ। ਪਰ ਵਲੀ ਕੰਧਾਰੀ ਪੁਰਾਣਾ ਰੋਗੀ ਹੈ। ਪੁਰਾਣੇ ਰੋਗ ਦਾ ਇਲਾਜ ਕੋਈ ਮਹਾਨ ਵੈਦ ਹੀ ਕਰ ਸਕਦਾ ਹੈ

ਸਦਾ ਰੋਗੀ ਵੈਦ ਕੋਲ ਤੁਰ ਕੇ ਜਾਇਆ ਕਰਦਾ ਹੈ। ਪਰ ਨਿਰੰਕਾਰ ਨੇ ਇਹ ਅਨੋਖਾ ਵੈਦ ਭੇਜਿਆ ਹੈ, ਜੋ ਆਪ ਤੁਰ ਕੇ ਰੋਗੀਆਂ ਕੋਲ ਜਾਂਦਾ ਹੈ। ਕਿਉਂਕਿ ਈਸ਼ਵਰ ਨੇ ਉਸਨੂੰ ਭੇਜਿਆ ਹੀ ਇਹ ਜ਼ਿੰਮੇਵਾਰੀ ਸੌਂਪ ਕੇ ਸੀ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ,

"ਕਲਿ ਤਾਰਣ ਗੁਰ ਨਾਨਕ ਆਯਾ।"

ਕਲਿਜੁਗ ਦੇ ਰੋਗੀ ਜੀਵਾਂ ਨੂੰ ਤਾਰਨ ਵਾਸਤੇ ਹੀ ਗੁਰੂ ਮਹਾਰਾਜ ਸੰਸਾਰ ਵਿਚ ਆਏ ਸਨ। ਜਿੱਥੇ ਕਿਸੇ ਰੋਗੀ ਦੀ ਦੱਸ ਪਈ, ਹਜ਼ੂਰ ਆਪ ਜਾ ਪਹੁੰਚੇ। ਦੱਸ ਪਈ, ਮਲਿਕ ਭਾਗੋ ਹਉਮੈਂ ਦਾ ਰੋਗੀ ਹੈ। ਹਜ਼ੂਰ ਓਥੇ ਜਾ ਪੁੱਜੇ। ਸੱਜਣ ਠੱਗ ਦਾ ਪਤਾ ਲੱਗਾ, ਤਾਂ ਓਥੇ ਅਪੜ ਪਏ। ਵਲੀ ਕੰਧਾਰੀ ਦੇ ਰੋਗ ਦੀ ਚਰਚਾ ਸੁਣੀ, ਤਾਂ ਮਹਾਰਾਜ ਬਹੁੜ ਪਏ।

"ਮਰਦਾਨਿਆਂ! ਪਾਂਧੀ ਸੀ ਰੱਬ ਦੇ ਰਾਹ ਦਾ, ਪਰ ਔਝੜ ਪੈ ਗਿਆ ਹੈ। ਚੱਲ, ਉਸਨੂੰ ਰਸਤਾ ਦੱਸੀਏ।"

"ਮਹਾਰਾਜ! ਰੱਬ ਦੇ ਰਾਹ ਦਾ ਪਾਂਧੀ? ਤੇ ਔਝੜ ਪੈ ਗਿਆ? ਗੱਲ ਮੇਰੀ ਸਮਝ ਵਿਚ ਨਹੀਂ ਆਈ।"

"ਹਾਂ, ਮਰਦਾਨਿਆਂ! ਘਰੋਂ ਤੁਰਿਆ ਸੀ ਰੱਬ ਦੀ ਭਾਲ ਵਿਚ। ਪਰ

ਰਾਹ ਵਿਚ ਲੁਟਿਆ ਗਿਆ ਹੈ। ਜੀਵਨ ਦਾ ਕਿਹੜਾ ਰਾਹ ਹੈ, ਜਿਸ ਉਤੇ ਲੁਟੇਰੇ ਨਹੀਂ ਬੈਠੇ। ਰਾਹੀ ਅਵੇਸਲਾ ਹੋ ਜਾਏ, ਤਾਂ ਉਹਨੇ ਲੁੱਟੇ ਹੀ ਜਾਣਾ ਹੈ।''

''ਪਰ ਮਹਾਰਾਜ! ਵਲੀ ਕੰਧਾਰੀ ਤਾਂ ਬੜਾ ਬੰਦਗੀ ਵਾਲਾ ਸੁਣੀਂਦਾ ਹੈ। ਸਾਰਾ ਜੀਵਨ ਉਹਨੇ ਅੱਲਾਹ ਦੀ ਇਬਾਦਤ ਵਿਚ ਗੁਜ਼ਾਰਿਆ ਹੈ। ਸੈਂਕੜੇ ਨਹੀਂ, ਹਜ਼ਾਰਾਂ ਉਹਦੇ ਮੁਰੀਦ ਹਨ। ਉਹ ਦੁੱਧ ਮੰਗਣ ਵਾਲੇ ਨੂੰ ਦੁੱਧ ਦੇਂਦਾ ਹੈ, ਪੁੱਤ ਦੇ ਤਲਬਗਾਰ ਨੂੰ ਪੁੱਤ ਦੇਂਦਾ ਹੈ। ਉਹਦੀ ਦਰਗਾਹ ਤੋਂ ਕਹਿੰਦੇ ਨੇ ਕਦੇ ਕੋਈ ਖ਼ਾਲੀ ਨਹੀਂ ਮੁੜਿਆ। ਫਿਰ ਉਹ ਅਜੇਹਾ ਕਰਨੀ ਵਾਲਾ ਹੈ, ਕਿ ਜਿਧਰ ਕਲਮ ਵਗ ਗਈ, ਕੋਈ ਮੋੜ ਨਹੀਂ ਸਕਦਾ ਉਹਦਾ ਸਰਾਪ ਕਦੇ ਖ਼ਾਲੀ ਨਹੀਂ ਗਿਆ। ਲੋਕ ਉਹਦੇ ਕ੍ਰੋਧ ਤੋਂ ਥਰਥਰ ਕੰਬਦੇ ਹਨ। ਬੜਾ ਪਹੁੰਚਿਆ ਹੋਇਆ ਫ਼ਕੀਰ ਹੈ।''

''ਭਾਈ ਮਰਦਾਨਾ! ਏਥੇ ਹੀ ਤਾਂ ਰੋਗ ਦੀ ਜੜ੍ਹ ਹੈ। ਭਗਤ ਕਬੀਰ ਜੀ ਕਹਿੰਦੇ ਹਨ:

''ਮਾਨ ਮੁਨੀ ਮੁਨਿਵਰ ਗਲੇ,
ਮਾਨੁ ਸਭੈ ਕਉ ਖਾਇ।''

''ਮਾਨ, ਅਭਿਮਾਨ ਵੱਡੇ ਵੱਡੇ ਮੁਨੀਆਂ, ਮੁਨਿਵਰ, ਮੁਨੀਆਂ ਦੇ ਵੀ ਸਿਰਮੌਰ ਮੁਨੀਆਂ ਨੂੰ ਲੁੱਟ ਲਿਆ ਕਰਦਾ ਹੈ। ਵਲੀ ਕੰਧਾਰੀ ਵੀ ਹੰਕਾਰ ਦੇ ਢਹੇ ਚੜ੍ਹ ਗਿਆ ਹੈ। ਉਸ ਨੂੰ ਆਪਣੀ ਬੰਦਗੀ ਦੀ ਹਉਮੈ ਹੋ ਗਈ ਹੈ। ਇਸ ਹਉਮੈਂ ਦੇ ਬਲ ਉਹ ਸਾਰੇ ਲੋਕਾਂ ਉਤੇ ਹੁਕਮ ਚਲਾਉਂਦਾ ਹੈ। ਮਰਦਾਨਿਆਂ! ਬੜੀ ਅਨੋਖੀ ਉਲਝਣ ਹੈ। ਰੱਬ ਦੀ ਬੰਦਗੀ ਤਾਂ ਆਦਮੀ ਨੂੰ ਸੁਹਿਰਦ ਬਣਾਉਂਦੀ ਹੈ, ਮਿੱਠਾ ਬੋਲਣਾ ਸਿਖਾਉਂਦੀ ਹੈ, ਸਭ ਨੂੰ ਪਿਆਰ ਕਰਨ ਵਾਲਾ ਤੇ ਨਿਰਮਾਣ ਬਣਾਉਂਦੀ ਹੈ, ਪਰ ਵੇਖਦੇ ਇਹ ਹਾਂ, ਕਿ ਭਜਨ ਬੰਦਗੀ ਦਾ ਵਿਖਾਵਾ ਕਰਨ ਵਾਲੇ, ਰੱਬ ਦੇ ਨੇੜ ਦੀ ਡੀਂਗ ਮਾਰਨ ਵਾਲੇ, ਆਮ ਲੋਕਾਂ ਨਾਲੋਂ ਵਧੇਰੇ ਕ੍ਰੋਧੀ, ਸੜੀਅਲ, ਤੇ ਕੌੜਾ ਬੋਲਣ ਵਾਲੇ ਹੁੰਦੇ ਹਨ। ਇਹ ਕਿਉਂ? ਬੱਸ, ਹਉਮੈਂ ਰੋਗ। ਆਪਾ

ਨਿਰੰਕਾਰ ਦੇ ਭੇਜੇ ਆਏ ਹਾਂ। ਸੋ ਆਪਾਂ ਨੂੰ ਵਲੀ ਕੰਧਾਰੀ ਦੇ ਰੋਗ ਦਾ ਵੀ ਇਲਾਜ ਕਰਨਾ ਪਵੇਗਾ।"

"ਹਾਜ਼ਰ ਹਾਂ, ਮੇਰੇ ਪ੍ਰਭੂ!" ਮਰਦਾਨੇ ਨੇ ਸਿਰ ਝੁਕਾ ਦਿਤਾ।

"ਵਾਹਵਾ, ਰੱਬ ਵਾਲਿਆ! ਭਰੇ ਹੋਏ ਫੋੜੇ ਨੂੰ ਨਸ਼ਤਰ ਲੱਗੇਗੀ, ਤਾਂ ਉਸ ਵਿਚੋਂ ਲਹੂ-ਪਾਕ ਦੀਆਂ ਛਿੱਟਾਂ ਵੀ ਪੈਣਗੀਆਂ, ਰੋਗੀ ਦੇ ਮੂੰਹੋਂ ਕੌੜੇ-ਮੰਦੇ ਸ਼ਬਦ ਵੀ ਸੁਣਨੇ ਪੈਣਗੇ। ਪਹਿਲਾਂ ਆਪਾਂ ਆਪਣੇ ਆਪ ਨੂੰ ਵੀ ਜ਼ਰਾ ਤਿਆਰ ਕਰ ਲਈਏ। ਰਬਾਬ ਵਜਾ, ਬਾਣੀ ਆਈ ਹੈ। ਆਪਾਂ ਉਸ ਨਾਲ ਜੁੜੀਏ। ਮੇਰਾ ਤਾਂ ਜੀਵਨ ਹੀ ਉਸ ਦੀ ਸਿਫ਼ਤ ਸਲਾਹ ਵਿਚ ਹੈ।

"ਆਖਾ ਜੀਵਾ, ਵਿਸਰੈ ਮਰਿ ਜਾਉ।"

"ਕਰ ਹਿੰਮਤ, ਕੀਰਤਨ ਰਾਹੀਂ ਸਿਰਜਣਹਾਰ ਨਾਲ ਜੁੜੀਏ।"

ਮਰਦਾਨਾ ਸੋਚੀਂ ਪੈ ਗਿਆ। 'ਲੰਮੇ ਸਫ਼ਰ ਦੇ ਥਕੇਵੇਂ ਦਾ ਤੋੜਿਆ ਪਿਆ ਹਾਂ। ਭੁੱਖ ਨੇ ਮਾਰ ਲਿਆ ਹੈ, ਤੇਹ ਨਾਲ ਪ੍ਰਾਣ ਖ਼ੁਸ਼ਕ ਹੋ ਗਏ ਹਨ। ਅੰਨ ਬਿਨਾਂ ਤਾਂ ਕੁਛ ਸਮਾਂ ਕੱਟ ਲਵਾਂਗਾ, ਪਰ ਪਾਣੀ ਖੁਣੋਂ ਜਿਉਣਾ ਮੁਸ਼ਕਲ ਹੈ। ਤੇ ਮਹਾਰਾਜ ਦੀ ਸੁਰਤ ਕੀਰਤਨ ਵਿਚ ਜੁੜ ਗਈ, ਤਾਂ ਭਾਵੇਂ ਅੱਠ ਪਹਿਰ ਏਸੇ ਰੰਗ ਵਿਚ ਹੀ ਬੀਤ ਜਾਣ। ਹਜ਼ੂਰ ਤਾਂ ਸਮਰੱਥ ਹਨ, ਪਰ ਮੈਂ ਤਾਂ ਸਾਧਾਰਨ ਜੀਵ ਹਾਂ। ਮੈਂ ਕਿਵੇਂ ਕੱਟ ਸੱਕਾਂਗਾ। ਨਹੀਂ। ਮੁਸ਼ਕਲ। ਸਿਆਣਿਆਂ ਕਿਹਾ ਹੈ, ਪਹਿਲਾਂ ਪੇਟ ਪੂਜਾ, ਫਿਰ ਕਾਮ ਦੂਜਾ।"

"ਮਰਦਾਨਿਆਂ! ਕਿੰਨ੍ਹਾ ਸੋਚਾਂ ਵਿਚ ਪਿਆ ਏਂ? ਵਜਾ ਰਬਾਬ, ਰੱਬ ਨਾਲ ਜੁੜੀਏ।"

ਮਰਦਾਨਾ ਮਨ ਦੀ ਵੇਦਨ ਨੂੰ ਛੁਪਾ ਨਾ ਸਕਿਆ। ਉਹਨੇ ਦੋਵੇਂ ਹੱਥ ਬੰਨ੍ਹ ਕੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਸਾਰੀ ਦੁਨੀਆਂ ਛੱਡ ਕੇ ਹਜ਼ੂਰ ਦਾ ਲੜ ਫੜਿਆ ਹੈ। ਦੁਨੀਆਂ ਵੀ ਤੁਹਾਡੇ ਹਵਾਲੇ, ਦੀਨ ਵੀ। ਮੈਂ ਤਾਂ ਗੁਰਦੇਵ ਦਾ ਸੇਵਕ ਹਾਂ। ਦੁੱਖ ਵਿਚ ਰੱਖੋ, ਸੁਖ ਵਿਚ ਰੱਖੋ, ਰੱਜ

ਬਖ਼ਸ਼ਿਸ਼, ਭੁੱਖ ਪੱਲੇ ਪਵੇ, ਹਰ ਰੰਗ ਵਿਚ ਰਾਜ਼ੀ-ਬਰ-ਰਜ਼ਾ ਹਾਂ। ਪਰ...?"

ਗੱਲ ਬੜੀ ਚੰਗੀ ਹੁੰਦੀ ਹੈ, ਉਹਦੇ ਸ਼ਬਦ ਬੜੇ ਮਿੱਠੇ ਹੁੰਦੇ ਹਨ, ਸਭ ਕੁਛ ਕੰਨਾਂ ਨੂੰ ਭਾਉਂਦਾ ਹੈ। ਪਰ ਜੇ ਵਾਕ ਦੇ ਅਖ਼ੀਰ ਉਤੇ 'ਪਰ' 'ਪ੍ਰੰਤੂ', 'ਲੇਕਨ', 'ਮਗਰ' ਆਦਿ ਕੋਈ ਸ਼ਰਤੀਆ ਸ਼ਬਦ ਆ ਜਾਵੇ, ਤਾਂ ਗੱਲ ਦੇ ਅਰਥ ਬਦਲ ਜਾਂਦੇ ਹਨ। ਮਰਦਾਨੇ ਦੀ ਗੱਲ ਦੇ ਅਖ਼ੀਰ 'ਤੇ ਵੀ 'ਪਰ' ਆ ਗਿਆ ਹੈ। ਵੇਖੀਏ, ਇਸ 'ਪਰ' ਦੇ ਕੀ ਅਰਥ ਹਨ।

ਅੱਗੋਂ ਬੋਲ ਕਿਹਾ ਮਰਦਾਨੇ, ਉਜ਼ਰ ਨਾ ਮੇਰਾ ਕਾਈ
ਦੁਖ ਸੁਖ ਤੇਰਾ ਭਾਣਾ ਮੰਨਾ, ਜੋ ਦੇਵੇਂ ਸੋ ਖਾਈ।
ਪਰ ਹੁਣ ਪਾਣੀ ਬਾਝੋਂ ਮੇਰੀ ਜਾਨ ਲਬਾਂ 'ਤੇ ਆਈ
ਭੁੱਖਿਆਂ ਅਤੇ ਤਿਹਾਇਆਂ, ਬਾਬਾ! ਨਾਮ ਨਾ ਜਪਿਆ ਜਾਈ

ਆਪ ਹੈਰਾਨ ਹੋਵੋਗੇ, ਕਿ ਮੇਰੀ ਹੀ ਜ਼ਬਾਨੀ, ਇਕ ਪਾਸੇ ਤਾਂ ਮਰਦਾਨਾ ਹਰ ਰੰਗ ਵਿਚ ਰਾਜ਼ੀ-ਬਰ-ਰਜ਼ਾ ਰਹਿਣ ਦਾ ਵਾਹਦਾ ਕਰਦਾ ਹੈ, ਹਰ ਹੁਕਮ ਮੰਨਣ ਦਾ ਇਕਰਾਰ ਹੈ, ਤੇ ਦੂਸਰੇ ਪਾਸੇ ਸਾਫ਼ ਇਨਕਾਰ ਹੈ। ਇਸ ਦਾ ਕੀ ਅਰਥ ? ਇਸ ਗੁੰਝਲ ਦਾ ਗਿਆਨ ਰੱਬ ਵਾਲਿਆਂ ਦੀ ਸੰਗਤ ਤੋਂ ਪ੍ਰਾਪਤ ਹੋਵੇਗਾ।

ਪਹਿਲਾਂ ਭਗਤ ਕਬੀਰ ਦੇ ਦਰਸ਼ਨ ਕਰੋ। ਹੋ ਚੁੱਕੇ ਮਹਾਂਪੁਰਖ ਦੇ ਦਰਸ਼ਨ ਉਸ ਦੇ ਵਿਚਾਰਾਂ ਦਵਾਰਾ ਹੀ ਹੋ ਸਕਦੇ ਹਨ। ਕਬੀਰ ਜੀ ਰੱਬ ਦੇ ਪਿਆਰੇ ਹਨ। ਵੇਖੋ,ਰੱਬ ਨਾਲ ਕਿੰਨਾ ਨੇੜ ਤੇ ਬੇ-ਤਕੱਲਫ਼ੀ ਹੈ। ਕਿੰਨਾ ਅਪਣੱਤ ਭਰਿਆ ਗਿਲ੍ਹਾ ਹੈ। ਕਹਿੰਦੇ ਹਨ :

"ਭੂਖੇ ਭਗਤਿ ਨ ਕੀਜੈ।
ਯਹ ਮਾਲਾ ਅਪਨੀ ਲੀਜੈ।"

ਸੰਭਾਲ ਲੈ ਆਪਣੀ ਮਾਲਾ। ਮੈਂ ਭੁੱਖਾ ਰਹਿਕੇ ਭਗਤੀ ਨਹੀਂ ਕਰ ਸਕਦਾ। ਮਾਣ ਹੈ ਨਾਂ ਆਪਣੇ ਮਾਲਕ 'ਤੇ, ਦਿਲ ਦੀ ਵੇਦਨ ਨਿਰਸੰਕੋਚ ਕਹਿ ਦਿਤੀ ਹੈ।

ਸ਼ਿਕਾਵਾਦੀ ਨੇ ਕਿਹਾ, "ਕਬੀਰ! ਤੂੰ ਤਾਂ ਸਦਾ ਇਹ ਦਾਹਵਾ ਕਰਦਾ

ਆਇਆ ਹੈਂ ਕਿ

"ਹਉ ਮਾਂਗਉ ਸੰਤਨ ਰੇਨਾ।"

ਸੰਤਾਂ ਦੀ ਚਰਨ-ਧੂੜੀ ਤੋਂ ਬਿਨਾਂ ਮੈਨੂੰ ਹੋਰ ਕੁਛ ਨਹੀਂ ਚਾਹੀਦਾ। ਤੇ ਹੁਣ ਲਾਲਚ ਆ ਗਿਆ ?

ਕਬੀਰ ਕਹਿੰਦਾ ਹੈ, "ਉਹ ਦਾਹਵਾ ਮੈਂ ਤਿਆਗਿਆ ਨਹੀਂ। ਸੰਤ-ਪੁਰਸ਼ਾਂ ਦੀ ਚਰਨ ਧੂੜੀ ਮੈਂ ਹੁਣ ਵੀ ਮੰਗਦਾ ਹਾਂ। ਪਰ ਮੈਂ ਇਹ ਵੀ ਕਹਿ ਦੇਣਾ ਚਾਹੁੰਦਾ ਹਾਂ, ਕਿ

"ਮੈ ਨਾਹੀ ਕਿਸੀ ਕਾ ਦੇਨਾ।"

ਮੈਂ ਕਿਸੇ ਦਾ ਕਰਜ਼ਾਈ ਵੀ ਨਹੀਂ, ਕਿ ਕੰਮ ਕਰਦਾ ਸਾਰਾ ਦਿਨ ਮਰ ਜਾਵਾਂ, ਤੇ ਰਾਤ ਭੁੱਖਾ ਗੁਜ਼ਾਰਾਂ। ਜਿਸ ਦੀ ਚਾਕਰੀ ਕਰਦਾ ਹਾਂ, ਉਸ ਨੂੰ ਮੇਰੀ ਰੋਟੀ ਦਾ ਵੀ ਫ਼ਿਕਰ ਕਰਨਾ ਹੋਵੇਗਾ।"

"ਪਰ ਕਬੀਰਾ ! ਤੂੰ ਉਹਦੇ ਉਤੇ ਭਰੋਸਾ ਰੱਖ। ਉਹ ਸਭ ਦਾ ਰਾਜ਼ਕ ਹੈ। ਉਹ ਤੈਨੂੰ ਵੀ ਦੇਵੇਗਾ ਹੀ।"

"ਭਰੋਸਾ ਤਾਂ ਹੈ। ਪਰ ਮੈਂ ਏਸੇ ਆਸ, ਜਾਂ ਸੰਗ-ਸੰਗੱਾਂ ਵਿਚ ਚੁੱਪ ਨਹੀਂ ਰਹਿ ਸਕਦਾ। ਉਹ ਦੇਰ ਕਰੇ, ਤਾਂ ਮੈਂ ਮੰਗਣ ਤੋਂ ਵੀ ਸੰਕੋਚ ਕਰਨ ਵਾਲਾ ਨਹੀਂ।"

"ਮਾਧੋ ! ਕੈਸੀ ਬਨੈ ਤੁਮ ਸੰਗੇ।
ਆਪਿ ਨ ਦੇਹੁ, ਤ ਲੇਵਉ ਮੰਗੇ।"

ਇਹ ਹੈ ਭਗਤ ਕਬੀਰ, ਜੋ ਆਪਣੇ ਆਪ ਨੂੰ ਹੀਨੜੀ ਜਾਤਿ ਦਾ ਜੋਲਾਹਾ ਮੰਨਦਾ ਹੈ। ਜੋਲਾਹਾ ਜਾਤੀ ਬੜੀ ਸਾਊ, ਸ਼ਰੀਫ਼ ਤੇ ਨਿਰਮਾਣ ਮੰਨੀ ਗਈ ਹੈ। ਉਹ ਵੀ ਰੱਬ ਨੂੰ ਬੜੀਆਂ ਖਰੀਆਂ ਖਰੀਆਂ ਸੁਣਾ ਰਿਹਾ ਹੈ, ਤੇ ਨਿਰਸੰਕੋਚ ਹੋ ਕੇ ਆਪਣੇ ਹੱਕ ਮੰਗ ਰਿਹਾ ਹੈ।

ਇਕ ਦਿਨ ਰੱਬ ਦਾ ਵਾਹ ਜੱਟ ਭਗਤ ਨਾਲ ਪੈ ਗਿਆ। ਜੱਟ ਭਗਤ ਸਖ਼ਤ ਕਾਰ ਦੇ ਕਰਨ ਵਾਲਾ, ਧਰਤੀ ਵਿਚੋਂ ਅੰਨ ਪੈਦਾ ਕਰਨ ਵਾਲਾ, ਸਰਬੱਤ ਜੀਆਂ ਦਾ ਰਿਜ਼ਕ ਦਾਤਾ। ਜੇਹੋ ਜੇਹੀ ਸਖ਼ਤ ਕਾਰ, ਓਹੋ ਜੇਹਾ

ਖੁਲਾਸਾ ਸੁਭਾਉ। ਪਸ਼ੂਆਂ ਨਾਲ ਵਾਹ, ਸੱਪਾਂ ਸ਼ੀਂਹਾਂ ਨਾਲ ਯਰਾਨੇ। ਬਿਨਾਂ ਲੁਕਾਂ ਛਿਪਾਂ ਦੇ ਮੂੰਹ ਉਤੇ ਖਰੀ ਖਰੀ ਕਹਿ ਦੇਣ ਵਾਲਾ। ਹਲ ਵਾਹੁੰਦੇ ਦੇ ਕੰਨੀ ਵਾਜ ਪਈ, "ਆਪਣੇ ਭਗਤਾਂ ਦੀ ਰੱਬ ਬੜੀ ਛੇਤੀ ਸੁਣਦਾ ਹੈ, ਉਹਨਾਂ ਦੀਆਂ ਸਭ ਇਛਾਵਾਂ ਪੂਰੀਆਂ ਕਰਦਾ ਹੈ। ਤਾਂ

"ਇਹ ,ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ।"

ਗਲ ਵਿਚ ਮਾਲਾ ਨਹੀਂ, ਮੱਥੇ ਤਿਲਕ ਨਹੀਂ, ਖ਼ਾਸ ਕਿਸਮ ਦੇ ਸਿੱਕੇ ਬੰਦ ਬਸਤਰ ਨਹੀਂ, ਕੋਈ ਦਿਖਾਵਾ ਨਹੀਂ, ਹਲ ਮਗਰ ਲਗਾ ਹੋਇਆ ਵੀ 'ਸਰਬੱਤ ਦਾ ਭਲਾ' ਮੰਗ ਰਿਹਾ ਹੈ। ਉਹ ਔਖੀ ਤੇ ਟਕਸਾਲੀ ਭਾਸ਼ਾ ਵਿਚ ਉਸ ਦੇ ਸਤੋਤਰ ਨਹੀਂ ਗਾ ਸਕਦਾ। ਜੇਹਾ ਉਹ ਆਪ ਸਿੱਧਾ-ਸਾਦਾ ਹੈ, ਓਹ ਜੇਹੀ ਸਾਦਾ ਉਸ ਦੀ ਉਪਾਸ਼ਨਾ। "ਹੇ ਦੇਵਣਹਾਰ ਦਾਤਾਰ! ਸਰਬੱਤ ਨੂੰ ਦੇਈਂ, ਕਿਸੇ ਦੇ ਪੈਰਾਂ ਪਿੱਛੇ, ਇਸ ਗ਼ਰੀਬ ਜੱਟ ਨੂੰ ਵੀ ਦੇਵੀਂ।"

ਭੋਲੇ ਭਗਤ ਦਾ ਰੱਬ ਵੀ ਭੋਲਾ। ਅਨਘੜਤ ਪੱਥਰ ਵਿਚੋਂ ਹੀ ਪਰਗਟ ਹੋ ਪਿਆ। ਸੁੰਦਰ ਘੜੀਆਂ ਕੀਮਤੀ ਮੂਰਤੀਆਂ ਵਿਚੋਂ ਨਹੀਂ ਮਿਲਿਆ। ਕਿਉਂਕਿ ਉਹਨਾਂ ਮੂਰਤੀਆਂ ਦੀ ਪੂਜਾ ਕਰਨ ਵਾਲਾ ਪੰਡਤ ਆਪ ਚਲਾਕ ਸੀ। ਉਹ ਜਾਣਦਾ ਸੀ, ਇਹ ਪੱਥਰ ਦੀ ਘੜੀ ਮੂਰਤੀ ਹੈ, ਭਗਵਾਨ ਨਹੀਂ। ਉਹ ਉਸ ਨੂੰ ਉਪਰਲੇ ਮਨੋਂ ਭਗਵਾਨ ਕਹਿੰਦਾ ਸੀ, ਕੇਵਲ ਲੋਕਾਂ ਨੂੰ ਪਤਿਆਉਣ ਬਦਲੇ। ਪਰ ਧੰਨੇ ਨੇ ਤਾਂ ਪੱਥਰ ਦੀ ਰੱਬ ਸਮਝਕੇ ਹੀ ਪੂਜਾ ਕੀਤੀ ਸੀ। ਇਸ ਵਾਸਤੇ ਹਰ ਜ਼ੱਰਰੇ ਵਿਚ ਵੱਸਣ ਵਾਲੇ ਨੂੰ ਪਰਗਟ ਹੋਣਾ ਹੀ ਪਿਆ। ਪੂਜਣ ਵਾਸਤੇ ਪੱਥਰ ਨਾ ਵੀ ਹੁੰਦਾ, ਤਾਂ ਫਿਰ ਵੀ ਉਹਨੂੰ ਪਰਗਟ ਹੋਣਾ ਪੈਣਾ ਸੀ। ਉਪਾਸ਼ਕ ਦੇ ਅੰਦਰ ਵੀ ਤਾਂ ਉਹ ਵੱਸਦਾ ਸੀ।

ਪ੍ਰਭੂ, ਭਗਤ ਦਾ ਮਾਲਕ, ਪਰਗਟ ਹੋਇਆ, ਤਾਂ ਮਾਲਕ ਨੇ ਕੋਈ ਸਵਾਲ ਵੀ ਕਰਨਾ ਹੁੰਦਾ ਹੈ। ਪ੍ਰਭੂ ਨੇ ਕਿਹਾ, "ਧੰਨਿਆਂ! ਯਾਦ ਕਰਦਾ ਸੈਂ, ਮੈਂ ਆ ਗਿਆ ਹਾਂ। ਪਰ ਜਿਵੇਂ ਦੁਨੀਆਂ ਦੇ ਬਾਕੀ ਦੇ ਭਗਤ ਮੇਰੀ

ਸਿਫ਼ਤ ਕਰਦੇ ਨੇ, 'ਤੂੰ ਦਿਆਲ ਹੈਂ, ਦਹਿੰਦ ਹੈਂ, ਕਰੀਮ ਹੈਂ, ਰਾਜ਼ਕ ਹੈਂ, ਬਖ਼ਸ਼ਿੰਦ ਹੈਂ।' ਦੱਸ, ਤੂੰ ਵੀ ਕਦੇ ਮੇਰੀ ਸਿਫ਼ਤ ਸਾਲਾਹ ਵਿਚ ਕੁਛ ਕਿਹਾ ਹੈ ? ਭਲਿਆ ! ਭਗਤ ਤਾਂ ਰਾਤ ਦਿਨ ਮੇਰੀ ਆਰਤੀ ਉਤਾਰਦੇ ਥੱਕ ਜਾਂਦੇ ਨੇ। ਤੂੰ ਸੁਣਾ, ਅੱਜ ਤਕ ਕੀ ਕੀਤਾ ਹਈ।''

ਧੰਨੇ ਨੇ ਮਿੱਟੀ ਭਰੇ ਹੱਥ ਜੋੜ ਕੇ ਕਿਹਾ, ''ਪ੍ਰਭੂ ! ਸ਼ੁਕਰ ਹੈ, ਤੂੰ ਗ਼ਰੀਬ ਜੱਟ ਦੀ ਕੁੱਲੀ ਵਿਚ ਵੀ ਚਰਨ ਪਾਏ ਨੇ ਤਾਂ। ਨਹੀਂ ਤਾਂ ਸੋਨੇ ਦੀਆਂ ਮੂਰਤੀਆਂ ਵਾਲੇ ਸੰਗ-ਮਰਮਰ ਦੇ ਮੰਦਰਾਂ ਵਿਚ ਮਾਲ੍ਹ ਪੂੜਿਆਂ ਨੂੰ ਭੋਗ ਲਾਉਣ ਵਾਲਾ ਰੱਬ, ਕੱਖਾਂ ਦੀ ਕੁੱਲੀ ਵਿਚ ਕਿੱਥ। ਆ, ਜੀ ਆਇਆਂ ਨੂੰ। ਪਰ ਏਥੇ ਖਾਣ ਨੂੰ ਸਰ੍ਹੋਂ ਦਾ ਸਾਗ ਤੇ ਮਕਈ ਦੇ ਢੋਡੇ ਹੀ ਮਿਲਣਗੇ। ਨਾਲ ਲਸੀ ਤੇ ਮੱਖਣ ਜ਼ਰੂਰ ਮਿਲ ਜਾਏਗਾ। ਆ, ਅੰਦਰ, ਵੱਟ ਉਤੇ ਬਹਿ ਜਾ।''

''ਊ ਭਗਤਾ ! ਪਹਿਲਾਂ ਘਰ ਆਏ ਨਾਰਾਇਣ ਦੀ ਆਰਤੀ ਤਾਂ ਉਤਾਰ ਲੈ।''

''ਵਾਹਵਾ ਯਾਦ ਕਰਾ ਦਿਤਾ ਈ।'' ਧੰਨੇ ਨੇ ਸਿਫ਼ਤ ਸਲਾਹ ਸ਼ੁਰੂ ਕਰ ਦਿਤੀ।

''ਗੋਪਾਲ ਤੇਰਾ ਆਰਤਾ।''

ਬਾਕੀ ਭਗਤਾਂ ਦੀਆਂ 'ਆਰਤੀਆਂ' ਤੇ ਜੱਟ ਭਗਤ ਦਾ 'ਆਰਤਾ'। ਪੰਜਾਬੀ ਬੋਲੀ ਵਿਚ ਇਸਦੇ ਅਰਥ ਬੜੇ ਸਿੱਧੇ ਹਨ। ਪਰ ਸੰਸਕ੍ਰਿਤ ਸ਼ਬਦ 'ਆਰਤ' ਤੋਂ ਹਿੰਦੀ ਵਿਚ 'ਆਰਤਾ' ਬਣਿਆਂ ਹੈ। ਇਸ ਦੇ ਅਰਥ ਹਨ, ਲੋੜਵੰਦ, ਦੁਖੀ। ਤੇ ਸੰਸਾਰ ਵਿਚ ਦੁਖੀ ਹੈ ਹੀ ਉਹ, ਜਿਸ ਨੂੰ ਕਿਸੇ ਚੀਜ਼ ਦੀ ਥੁੜ ਹੈ, ਲੋੜ ਹੈ। ਬੇਗ਼ਰਜ਼ ਤੇ ਬੇਲੋੜਾ ਸਦਾ ਸੁਖੀ ਹੈ।

''ਧੰਨੇ ਨੇ ਕਿਹਾ, ''ਪ੍ਰਭੂ ! ਹਾਂ ਤਾਂ ਤੇਰਾ, ਪਰ ਦੁਖੀ ਹਾਂ।''

ਰੱਬ ਨੇ ਸੋਚਿਆ, ''ਲੈ, ਹੋਰ ਬਲੱਾ ਪਾ ਲਈ ਗਲ। ਚੰਗਾ ਭਲਾ ਭੁੱਖਾ ਤਿਹਾਇਆ ਆਪਣੀ ਕਾਰੇ ਲੱਗਾ ਹੋਇਆ ਸੀ, ਨਾ ਗਿਲ੍ਹਾ, ਨਾ ਸ਼ਕਾਇਤ, ਪਰ ਹੁਣ ਬੁਲਾ ਬੈਠੇ ਹਾਂ, ਤਾਂ ਇਹਦੀ ਸੁਣਨੀ ਵੀ ਪਵੇਗੀ''।

ਯਾਦ ਰੱਖ, ਜਿਹੜਾ ਰੋਜ਼ ਸ਼ਕਾਇਤਾਂ, ਗਿਲ੍ਹੇ ਨਿਹੋਰੇ ਤੇ ਅਰਜ਼ੋਈਆਂ ਕਰਦਾ ਰਹੇ, ਉਹਦੀ ਸੁਣਨ ਵਾਲਾ ਕੁਛ ਟਾਲ-ਮਟੋਲ ਵੀ ਕਰ ਸਕਦਾ ਹੈ। ਪਰ ਜਿਹੜਾ ਮਜਬੂਰ ਹੋ ਕੇ ਕਦੇ-ਕਦਾਈਂ ਹੀ ਸ਼ਕਾਇਤ ਕਰੇ,ਉਹਦੀ ਮੰਗ ਟਾਲੀ ਨਹੀਂ ਜਾ ਸਕਦੀ।

ਪ੍ਰਭੂ ਨੇ ਕਿਹਾ, "ਫਿਰ ਧੰਨਿਆਂ ! ਦੱਸ, ਤੂੰ ਕਿਹੜੀ ਗੱਲੋਂ ਦੁਖੀ ਹੈਂ, ਉਹ ਦੂਰ ਕਰ ਦੇਈਏ।"

ਧੰਨੇ ਨੂੰ ਵੀ ਜ਼ਰਾ ਹੌਸਲਾ ਹੋਇਆ, ਕਿ ਸ਼ੁਕਰ ਏ ਰੱਬ ਖੱਦਰ ਦੇ ਲੀੜਿਆਂ ਵਾਲੇ ਦੀ ਵੀ ਸੁਣਨ ਲਈ ਤਿਆਰ ਹੋ ਪਿਆ ਹੈ। ਉਹਨੇ ਸਿਰ ਝੁਕਾ ਕੇ ਕਿਹਾ, "ਪ੍ਰਭੂ ! ਨਾ ਪੁੱਛ, ਕਿ ਮੈਨੂੰ ਕੀ ਦੁੱਖ ਹੈ। ਪੁੱਛ, ਕਿ ਕਿਹੜਾ ਦੁੱਖ ਨਹੀਂ। ਅਸਲ ਵਿਚ ਏਸ ਆਸ ਉਤੇ ਮੈਂ ਸਾਰੇ ਦੁੱਖਾਂ ਦਾ ਸਾਮ੍ਹਣਾ ਕਰਦਾ ਆ ਰਿਹਾ ਹਾਂ, ਕਿ

"ਜੋ ਜਨ ਤੁਮਰੀ ਭਗਤਿ ਕਰੰਤੇ,ਤਿਨ ਕੇ ਕਾਜ ਸਵਾਰਤਾ।"

ਵਾਹ ! ਕਿੰਨਾ ਭਰੋਸਾ ਹੈ।

ਪ੍ਰਭੂ ਨੇ ਪਰਸੰਨ ਹੋ ਕੇ ਕਿਹਾ, "ਧੰਨਿਆਂ ! ਮੰਗ, ਜੋ ਕੁਛ ਮੰਗਣਾ ਹੈ। ਤੇਰੀ ਘਾਲ ਥਾਂਇ ਪਈ।"

"ਪ੍ਰਭੂ ! ਸਵੇਰ ਦਾ ਭੁੱਖਾ ਹਾਂ। ਪਹਿਲਾਂ ਮੇਰੇ ਖਾਣ ਪੀਣ ਦਾ ਪ੍ਰਬੰਧ ਕਰ ਦੇਹ, ਫੇਰ ਪੇਟ ਪੂਜਾ ਕਰ ਕੇ ਬਾਕੀ ਗੱਲ ਕਰਾਂਗਾ। ਪਹਿਲਾਂ ਕੁਛ ਮੰਗਣ ਜੋਗਾ ਤਾਂ ਹੋ ਲਵਾਂ।"

ਪ੍ਰਭੂ ਨੇ ਸੋਚਿਆ, 'ਮਨੁੱਖ ਦੇ ਵੱਸਣ ਵਾਸਤੇ ਧਰਤੀ ਬਣਾਈ, ਤੇ ਇਸ ਵਿਚ ਹਰ ਲੋੜ ਪੂਰੀ ਕਰਨ ਵਾਸਤੇ ਬੇਅੰਤ ਭੰਡਾਰ ਭਰੇ। ਮਨੁੱਖ ਨੂੰ ਬਣਾਇਆ ਸੰਸਾਰ ਦਾ ਸਰਦਾਰ। ਪਰ ਫਿਰ ਵੀ ਇਹਦੀ ਭੁੱਖ ਮਿਟੀ ਨਹੀਂ। ਕਬੀਰ ਵੀ ਭੁੱਖ ਦਾ ਰੋਣਾ ਰੋ ਰਿਹਾ ਹੈ, ਤੇ ਅੰਨ ਦੇ ਭੰਡਾਰ ਭਰਨ ਵਾਲਾ ਜੱਟ ਧੰਨਾ ਵੀ। ਜ਼ਰੂਰ ਕਿਤੇ ਕੋਈ ਗੜਬੜ ਹੋ ਗਈ ਹੈ।'

"ਧੰਨਿਆਂ ! ਜੇ ਤੈਨੂੰ ਕਬੀਰ ਵਾਲਾ ਰਾਸ਼ਨ ਮਿਲ ਜਾਵੇ, ਤਾਂ ਫਿਰ ਖ਼ੁਸ਼ ਏਂ ?"

''ਪ੍ਰਭੂ ! ਮੈਂ ਅਨਪੜ੍ਹ ਜੱਟ, ਅੱਖਾਂ ਮੀਟ ਕੇ ਅੰਗੂਠਾ ਨਹੀਂ ਊਂ ਲਾਉਣਾ। ਪਹਿਲਾਂ ਦੱਸ ਲੈ, ਕਿ ਕਬੀਰ ਨੇ ਕੀ ਮੰਗਿਆ ਹੈ। ਵਾਰਾ ਖਾ ਗਿਆ, ਤਾਂ 'ਹਾਂ' ਕਰ ਦਿਆਂਗਾ। ਨਹੀਂ ਤਾਂ ਜਿਵੇਂ ਨਿਭ ਰਹੀ ਹੈ, ਠੀਕ ਹੈ।''

''ਧੰਨਿਆਂ ! ਕਬੀਰ ਨੇ ਮੰਗਿਆ ਏ,
''ਦੁਇ ਸੇਰ ਮਾਂਗਉ ਚੂਨਾ।*
ਪਾਉ ਘੀਉ ਸੰਗਿ ਲੂਨਾ।
ਅਧ ਸੇਰੁ ਮਾਂਗਉ ਦਾਲੇ।
ਮੋ ਕਉ ਦੋਨਉ ਵਖਤ ਜਿਵਾਲੇ।''†

''ਠੀਕ ਹੈ, ਪ੍ਰਭੂ ! ਉਹਦੇ ਵਾਸਤੇ ਏਨਾ ਕਾਫ਼ੀ ਹੈ। ਚਾਰ ਜੀਅ ਨੇ ਘਰ ਦੇ। ਤੇ ਕਾਰ ਕਰਨੀ ਏਂ ਤੰਦਾਂ ਦੀ। ਉਹਨਾਂ ਵਾਸਤੇ ਇਕ ਵੇਲੇ ਦਾ ਦੋ ਸੇਰ ਆਟਾ ਕਾਫ਼ੀ ਹੈ। ਪਰ ਮੈਂ, ਜੀਹਨੇ ਚੌਦਾਂ ਘੰਟੇ ਕਹੀ ਦੀ ਕਾਰ ਕਰਨੀ ਏਂ, ਇਕੱਲੇ ਨੇ ਹੀ ਦੋ ਸੇਰ ਖਾ ਜਾਣਾ ਏਂ। ਤਾਂ ਭਗਤਣੀ ਨੂੰ ਛਿੱਕੇ ਟੰਗ ਛੱਡਾਂਗਾ ? ਮੇਰਾ ਨਹੀਂ ਏਨੇ ਨਾਲ ਸਰਦਾ।''

''ਤਾਂ ਫਿਰ ਚਾਰ ਸੇਰ ਦੇ ਦੇਈਏ ?''

''ਸਾਡੇ ਦੋਹਾਂ ਦਾ ਗੁਜ਼ਾਰਾ ਹੋ ਜਾਇਗਾ। ਪਰ ਪ੍ਰਭੂ ! ਮੈਂ ਗ੍ਰਿਸਤੀ ਆਂ। ਭੁੱਖਾ ਰਾਹੀ ਦੁਆਰੇ ਆ ਗਿਆ, ਤਾਂ ਮੈਂ ਨਾਂਹ ਨਹੀਂ ਕਰ ਸਕਾਂਗਾ। ਸੱਚੀ ਗਲ ਏ, ਮੇਰਾ ਗਿਣਤੀਆਂ ਮਿਣਤੀਆਂ ਨਾਲ ਨਹੀਂ ਸਰਦਾ। ਮੇਰੇ ਵਾਸਤੇ ਖੁੱਲ੍ਹੇ ਭੰਡਾਰ ਚਾਹੀਦੇ ਨੇ।

''ਦਾਲਿ, ਸੀਧਾ ਮਾਗਉ ਘੀਉ।''

ਸੀਧਾ। ਖਾਣ ਖਾਲੀ ਹਰ ਤਰ੍ਹਾਂ ਦੀ ਸਾਮਗਰੀ। ਪਰ ਕਿੰਨੀ ? ਜਿੰਨੀ ਨਾਲ :

---

* ਆਟਾ।

† ਖਾਣ ਨੂੰ ਦੋਹ ਜਿਉਂਦਿਆਂ ਰਹਿਣ ਲਈ।

"ਹਮਰਾ ਖੁਸੀ ਕਰੈ ਨਿਤ ਜੀਉ ।"

ਜੀਉ ਤਾਂ ਹੀ ਖ਼ੁਸ਼ੀ ਰਹੇਗਾ, ਜੇ ਅਮੁੱਕ ਭੰਡਾਰ ਭਰੇ ਹੋਣ। ਮੱਟੀ ਵਿਚੋਂ ਆਟਾ ਮੁਕਿਆ ਹੋਵੇ, ਤਾਂ ਜੀਉ ਕਿਵੇਂ ਖ਼ੁਸ਼ ਰਹਿ ਸਕਦਾ ਹੈ।

ਦੋਵੇਂ ਭਗਤ, ਤੇ ਦੋਹਾਂ ਨੇ ਜ਼ਰੂਰੀ ਲੋੜਾਂ ਵਾਸਤੇ ਬਹੁਤ ਕੁਛ ਮੰਗਿਆ ਹੈ। ਆਪਣੇ ਮਾਲਕ ਕੋਲੋਂ ਮੰਗਣ ਵਿਚ ਸੰਕੋਚ ਕਿਹਾ। ਕਬੀਰ ਹੋਰ ਮੰਗਦਾ ਹੈ :

"ਖਾਟ* ਮਾਂਗਉ ਚਉਪਾਈ ।
ਸਿਰਹਾਨਾ ਅਵਰ ਤੁਲਾਈ ।
ਊਪਰ ਕਉ ਮਾਗਉ ਖੀਂਧਾ ।†
ਤੇਰੀ ਭਗਤਿ ਕਰੈ ਜਨੁ ਥੀਂਧਾ ।‡
ਮੈ ਨਾਹੀ ਕੀਤਾ ਲਬੋ ।
ਇਕੁ ਨਾਉ ਤੇਰਾ ਮੈ ਫਬੋ ।
ਕਹਿ ਕਬੀਰ, ਮਨੁ ਮਾਨਿਆ ।
ਮਨੁ ਮਾਨਿਆ, ਤਉ ਹਰਿ ਜਾਨਿਆ ।"

ਠੀਕ ਹੈ, ਜਿੰਨਾ ਚਿਰ ਮਨ ਪਰਸੰਨ ਨਾ ਹੋਵੇ, ਦੁਨਿਆਵੀ ਲੋੜਾਂ ਤੋਂ ਮੁਕਤ ਨਾ ਹੋਵੇ, ਓਨਾ ਚਿਰ ਰੱਬ ਦੀ ਸੋਝੀ ਕਿਵੇਂ ਪੈ ਸਕਦੀ ਹੈ।

ਹੁਣ ਧੰਨੇ ਦੀ ਵੀ ਪੂਰੀ ਗੱਲ ਸੁਣ ਲੈ।

"ਪਨੀਆਂ(), ਛਾਦਨੁ[], ਨੀਕਾA ।

---

* ਮੰਜੀ ।

† ਰਜ਼ਾਈ ।

‡ ਖਿੰਧਾ, ਪ੍ਰੇਮ ਵਿਚ ਰਸ ਲੀਨ ਹੋ ਕੇ ।

() ਜੁੱਤੀ।

[] ਕੱਪੜਾ ।

Aਚੰਗਾ, ਸੁੰਦਰ ।

ਅਨਾਜ ਮਾਗਉ ਸਤ ਸੀ ਕਾ* ।
ਗਊ ਭੈਸ ਮਗਉ ਲਾਵੇਰੀ।
ਇਕ ਤਾਜਨਿ ਤੁਰੀ† ਚੰਗੇਰੀ।''

ਅਖ਼ੀਰ ਉਤੇ ਧੰਨੇ ਨੇ ਬੜੀ ਪਤੇ ਦੀ ਗੱਲ ਕਹੀ ਹੈ।

''ਘਰ ਕੀ ਗੀਹਨਿ‡ ਚੰਗੀ।
ਜਨੁ ਧੰਨਾ ਲੇਵੈ ਮੰਗੀ।''

ਘਰ ਦੀ ਜੀਵਨ-ਸਾਥਣ ਚੰਗੀ ਨਾ ਹੋਈ, ਤਾਂ ਨਾ ਕੰਮ ਹੋਵੇਗਾ, ਨਾ ਭਗਤੀ। ਕਰਮ-ਧਰਮ ਦੋਵੇਂ ਖ਼ਤਰੇ ਵਿਚ ਪੈ ਜਾਣਗੇ।

ਹੁਣ ਸਵਾਲ ਪੈਦਾ ਹੁੰਦਾ ਹੈ, ਕਿ ਜੇ ਭਗਤ ਕਬੀਰ ਤੇ ਧੰਨਾ ਰੱਬ ਨੂੰ ਨਿਹੋਰਾ ਦੇ ਸਕਦੇ ਹਨ, ਕਿ 'ਆਪਣੀ ਮਾਲਾ ਸੰਭਾਲ ਲੈ, ਸਾਥੋਂ ਭਗਤੀ ਨਹੀਂ ਹੁੰਦੀ', ਤਾਂ ਮਰਦਾਨਾ ਵੀ ਗੁਰੂ ਮਹਾਰਾਜ ਨੂੰ ਕਹਿ ਸਕਦਾ ਹੈ :

ਭੁੱਖਿਆਂ ਅਤੇ ਤਿਹਾਇਆਂ, ਬਾਬਾ!
ਨਾਮ ਨ ਜਪਿਆ ਜਾਈ।

ਮਰਦਾਨੇ ਦੇ ਸੁਭਾਉ ਤੇ ਗੁਰੂ ਮਹਾਰਾਜ ਨਾਲ ਰਿਸ਼ਤੇ ਨੂੰ ਸਮਝਣ ਦੀ ਲੋੜ ਹੈ। ਬੇਸ਼ਕ ਉਮਰ ਵਿਚ ਮਰਦਾਨਾ ਗੁਰੂ ਮਹਾਰਾਜ ਨਾਲੋਂ ਦਸ ਸਾਲ ਵੱਡਾ ਹੈ()। ਪਰ ਉਹ ਮਹਾਰਾਜ ਨੂੰ ਆਪਣਾ ਮਾਲਕ, ਪ੍ਰਭੂ, ਰੱਬ ਦਾ ਰੂਪ ਤੇ ਪਿਤਾ ਸਮਝਦਾ ਹੈ। ਉਹ ਸਦਾ ਹਜ਼ੂਰ ਦੇ ਸਾਮ੍ਹਣੇ ਬੱਚਿਆਂ ਵਾਂਗ ਵਿਚਰਦਾ ਹੈ। ਬੱਚਿਆਂ ਵਾਂਗ ਲੋੜ ਪੂਰਤੀ ਵਾਸਤੇ ਮੰਗਦਾ ਹੈ, ਬਾਲਾਂ ਵਾਂਗ ਹੀ ਰਿਹਾੜ ਕਰਦਾ ਹੈ, ਤੇ ਕਈ ਵਾਰ ਲਾਡਲਿਆਂ ਵਾਂਗ ਰੁੱਸ ਵੀ

---

* ਸੱਤਾਂ ਸੀਆਂ ਦਾ, ਵਧੀਆ।

† ਅਰਬੀ ਘੋੜੀ।

‡ ਗ੍ਰਹਿਣੀ, ਪਤਨੀ।

() ਮਰਦਾਨੇ ਦਾ ਜਨਮ ੧੫੧੬ ਬਿ. ਨੂੰ ਤਲਵੰਡੀ ਵਿਚ ਹੋਇਆ। ਪਿਤਾ ਦਾ ਨਾਮ ਬਾਦਰਾ ਤੇ ਮਾਤਾ ਦਾ ਨਾਮ ਲੱਖੋ ਸੀ।

ਪੈਂਦਾ ਹੈ। ਭਾਈ ਸੰਤੋਖ ਸਿੰਘ ਜੀ ਮਰਦਾਨੇ ਦੇ ਇਸ ਤਰ੍ਹਾਂ ਦੇ ਰੁਸੇਵੇਂ ਬਾਰੇ ਇਕ ਥਾਂ ਬੜੇ ਸੁੰਦਰ ਸ਼ਬਦਾਂ ਵਿਚ ਲਿਖਦੇ ਹਨ।

ਸਫ਼ਰ ਵਿਚ ਮਰਦਾਨੇ ਨੂੰ ਭੁੱਖ ਨੇ ਬਹੁਤ ਸਤਾਇਆ। ਉਜਾੜ ਬੀਆ ਬਾਨ। ਨਾ ਸ਼ਹਿਰ ਨਾ ਗਿਰਾਂ। ਮਰਦਾਨਾ ਰਾਹ ਵਿਚ ਹੀ ਵਿੱਟਰ ਬੈਠਾ। ਕਹੇ, ਕੁਛ ਖਾਣ ਨੂੰ ਮਿਲੇ, ਤਾਂ ਅੱਗੇ ਪੈਰ ਪੁੱਟਾਂ, ਨਹੀਂ ਤਾਂ ਏਥੇ ਮਰਦਾ ਹਾਂ। ਮਹਾਰਾਜ ਬਥੇਰਾ ਸਮਝਾ ਰਹੇ, ਹੌਸਲਾ ਬੰਧਾ ਰਹੇ, ਪਰ ਮਰਦਾਨਾ ਮੰਨੇ ਹੀ ਨਾ। ਰਬਾਬ ਇਕ ਪਾਸੇ ਧਰ ਕੇ ਲੱਤਾਂ ਨਿੱਸਲ ਕਰ ਕੇ ਬਹਿ ਗਿਆ। ਨੀਂਵੀਂ ਪਾਈ ਮਰਦਾਨਾ ਆਪਣੇ ਆਪ ਨਾਲ ਹੀ ਵਿਰ੍ਹਕੇ ਕਰੀ ਜਾ ਰਿਹਾ ਹੈ।

"ਹਉਂ ਤੋਂ ਡੂਮ ਕਰਤ ਗੁਜਰਾਨਾ।
ਮਾਂਗ ਮਾਂਗ ਅਪਨੇ ਜਜਮਾਨਾਂ।"

ਫਿਰ ਮਹਾਰਾਜ ਵੱਲ ਇਸ਼ਾਰਾ ਕਰਕੇ ਕਹਿੰਦਾ ਹੈ:

"ਉਜਰਿਆ ਹੁਤੋ ਆਪ ਤੋ ਘਰ ਤੇ।
ਮੁਝੇ ਉਜਾਰਿਓ ਗੁਜਰ ਸੋਂ ਕਰਤੇ।
ਕਹਾਂ ਖ਼ੁਦਾਇ ਮੁਝੇ ਮ੍ਰਿਤ ਦੀਨੀ।
ਪਰੀ ਰਹੂ ਦੇਹ ਕਫ਼ਨ ਬਹੀਨੀ।
ਨਾਹੀਂ ਗੋਰ ਕਿਸੇ ਮੇਰੀ ਕਰਨੀ।
ਯੌਂ ਹੀ ਪਰਾ ਰਹੂੰਗਾ ਧਰਨੀ।"

ਹਾਇ, ਹਾਇ! ਕਿੰਨਾ ਫ਼ਿਕਰ ਹੈ ਇਸ ਖ਼ਾਕ ਦੇ ਫ਼ਾਨੀ ਪੁਤਲੇ ਨੂੰ, ਕਿ ਮਰਨ ਪਿਛੋਂ ਇਹਨੂੰ ਕਫ਼ਨ ਚੰਗਾ ਮਿਲਦਾ ਹੈ, ਜਾਂ ਨਹੀਂ; ਕੋਈ ਕਬਰ (ਮੜ੍ਹੀ) ਚੰਗੀ ਬਣਾਉਂਦਾ ਹੈ, ਜਾਂ ਨਹੀਂ। ਅਗਾਂਹ ਦਾ ਫ਼ਿਕਰ ਨਹੀਂ, ਸਿਰਫ਼ ਏਥੋਂ ਦੀ ਚਿੰਤਾ ਹੈ, ਬੰਦਾ ਮੁੱਕ ਜਾਂਦਾ ਹੈ, ਪਰ ਇਹਦੀ ਚਿੰਤਾ ਨਹੀਂ ਮੁਕਦੀ।

ਤੇਹ ਦਾ ਸਤਾਇਆ ਮਰਦਾਨਾ ਸੋਚੀ ਜਾ ਰਿਹਾ ਹੈ, "ਮਹਾਰਾਜ ਏਥੇ ਸਿਰਫ਼ ਮੈਨੂੰ ਸਤਾਉਣ ਵਾਸਤੇ ਲੈ ਆਏ ਨੇ। ਭਲਾ ਇਕ ਵਲੀ ਕੰਧਾਰੀ

ਹੀ ਰੰਗੀ ਰਹਿ ਗਿਆ ਸੀ ? ਆਹ ਜ਼ਰਾ ਕੁ ਉੱਤਰ ਵੱਲ, ਧਰਤੀ ਦਾ ਸੁਰਗ, ਕਸ਼ਮੀਰ, ਜੰਨਤ ਨਜ਼ੀਰ। ਓਥੇ ਕੋਈ ਗੁਮਰਾਹ ਨਹੀਂ ਸੀ ? ਜਿਸ ਦਾ ਸੁਧਾਰ ਕਰਨਾ ਜ਼ਰੂਰੀ ਹੁੰਦਾ। ਓਧਰ ਚਾਰ ਦਿਹਾੜੇ ਚੱਕਰ ਲਾ ਲੈਂਦੇ, ਮਨ ਭਾਉਂਦੀ ਸੈਰ ਕਰ ਲੈਂਦੇ, ਨਾਲੇ ਫਲ ਮੇਵੇ ਖਾ ਕੇ ਪਿਛਲੀ ਛੇ ਮਹੀਨਿਆਂ ਦੀ ਕਸਰ ਕਢ ਲੈਂਦੇ।''

ਮਰਦਾਨਾ ਮਨ ਦੇ ਅੰਦਰ ਹੀ ਅੰਦਰ ਮਹਾਰਾਜ ਨੂੰ ਨਿਹੋਰਾ ਦੇ ਰਿਹਾ ਹੈ :

ਬਾਬਾ ! ਕਿੱਥੇ ਆ ਉਜਾੜ ਵਿਚ ਬਹਿ ਗਿਓਂ
ਦੇਸ ਰੰਗਲਾ ਛੱਡ ਕਸ਼ਮੀਰ
ਓਥੇ ਛਕਣ ਨੂੰ ਬਦਾਮ ਨਾਸਪਾਤੀਆਂ
ਮੇਵੇ ਸ਼ਰਬਤੀ ਅਨਾਰ ਖੰਡ ਖੀਰ
ਐਥੇ ਜੰਡ ਤੇ ਕਰੀਰ ਕੰਡੇ ਕਿੱਕਰਾਂ
ਕਿਤੇ ਭਾਲਿਆ ਨਾ ਲੱਭਦਾ ਏ ਨੀਰ
ਆਹ ਲੈ ਸਾਂਭ ਲੈ ਰਬਾਬ ਤੇਰਾ ਪਿਆ ਈ
ਤੇਰੀ ਮੇਰੀ ਬਾਬਾ ! ਅੱਜ ਤੋਂ ਅਖੀਰ
ਓਹਾ ਗੱਲ।
''ਯਹ ਮਾਲਾ ਅਪਨੀ ਲੀਜੈ''

ਜਿੱਥੇ ਅਪਣੱਤ ਹੈ, ਓਥੇ ਹੀ ਨਿਹੋਰਾ ਹੈ। ਜਿੱਥੇ ਅਪਣੱਤ ਨਹੀਂ, ਓਥੇ ਨਿਹੋਰਾ, ਜਾਂ ਮਰੋੜਾ ਕਿਹਾ।

ਮਰਦਾਨੇ ਦਾ ਨਿਹੋਰਾ ਸੁਣ ਕੇ ਮਹਾਰਾਜ ਨਾਰਾਜ਼ ਨਹੀਂ ਹੋਏ, ਸਗੋਂ ਬੜੇ ਧੀਰਜ ਨਾਲ ਕਿਹਾ,''ਮਰਦਾਨਿਆਂ ! ਮੰਨ ਲਿਆ, ਤੂੰ ਸਾਡਾ ਪਿਆਰਾ ਹੈਂ, ਤੈਨੂੰ ਸਾਡੇ ਨਾਲ ਗਿਲ੍ਹਾ ਨਿਹੋਰਾ ਕਰਨ ਦਾ ਵੀ ਹੱਕ ਹੈ। ਪਰ ਇਕ ਗੱਲ ਸੋਚ, ਨਾਨਕ ਤੇਰੇ ਇਕੱਲੇ ਵਾਸਤੇ ਨਹੀਂ। ਜੇ ਅਸੀਂ ਕਿਸੇ ਇਕ-ਇਕੱਲੇ ਵਾਸਤੇ ਹੁੰਦੇ, ਤਾਂ ਦੁਨੀਆਵੀ ਤੌਰ 'ਤੇ ਸਿਰੀਚੰਦ ਤੇ ਲਖਮੀ ਦਾਸ ਸਾਨੂੰ ਤੇਰੇ ਨਾਲੋਂ ਨੇੜੇ ਸਨ। ਅਸੀਂ ਉਹਨਾਂ ਦੇ ਹੀ ਰਹਿੰਦੇ। ਨਾਨਕ

ਨਿਰੰਕਾਰ ਦਾ ਹੈ। ਜਿਵੇਂ ਨਿਰੰਕਾਰ ਸਾਰਿਆਂ ਦਾ ਹੈ, ਓਵੇਂ ਨਾਨਕ ਵੀ ਸਾਰਿਆਂ ਦਾ ਹੈ। ਨਿਰੰਕਾਰ ਉਹਨਾਂ ਦੀ ਮਦਦ ਕਰਦਾ ਹੈ, ਜੋ ਆਪ ਵੀ ਕੁਛ ਉੱਦਮ ਕਰਦੇ ਹਨ। ਤੂੰ ਹਿੰਮਤ ਕਰੇਂ, ਤਾਂ ਅਸੀਂ ਵੀ ਤੇਰੀ ਮਦਦ ਕਰਨ ਵਾਸਤੇ ਤਿਆਰ ਹਾਂ। ਸਾਡੀ ਅਸ਼ੀਰਵਾਦ ਤਾਂ ਉੱਦਮ ਕਰਨ ਵਾਲਿਆਂ ਨਾਲ ਹੈ :

"ਉਦਮ ਕਰੇਦਿਆ, ਜੀਉ ਤੂ......।"

"ਪਰ ਬਾਬਾ ! ਮੇਰੇ ਉੱਦਮ ਕਰਨ ਵਿਚ ਕੀ ਕਸਰ ਹੈ ? ਦੱਸ, ਮੈਂ ਕੀ ਉੱਦਮ ਕਰਾਂ ?" ਮਰਦਾਨੇ ਨੇ ਕੁਛ ਕਾਹਲੇ ਪੈ ਕੇ ਕਿਹਾ।

"ਮਰਦਾਨਿਆਂ ! ਸਾਮ੍ਹਣੇ ਪਹਾੜੀ ਉਤੇ ਔਹ ਛੋਟੀ ਜੇਹੀ ਕੁਟੀਆ ਨਜ਼ਰ ਆ ਰਹੀ ਏ ਨਾਂ। ਓਥੇ ਪੀਰ ਵਲੀ ਕੰਧਾਰੀ ਰਹਿੰਦਾ ਹੈ। ਉਹਦੇ ਕੋਲ ਇਕ ਪਾਣੀ ਦਾ ਹੌਜ ਭਰਿਆ ਹੋਇਆ ਹੈ। ਕੁਦਰਤ ਦੇ ਖੇਲ। ਅਸਲ ਵਿਚ ਉਹ ਸੋਮਾ ਹੈ। ਪਿੱਛੇ ਕਿਸੇ ਉੱਚੀ ਟੀਸੀ ਉਤੇ ਜਲ-ਭੰਡਾਰ ਹੈ ਜਿਸ ਦਾ ਮੇਲ ਇਸ ਸੋਮੇ ਨਾਲ ਹੈ। ਜਿੰਨਾ ਇਸ ਵਿਚੋਂ ਪਾਣੀ ਕਢਦੇ ਜਾਉ, ਓਨਾ ਹੇਠੋਂ ਹੋਰ ਆ ਜਾਂਦਾ ਹੈ। ਪਾਣੀ ਦਾ ਗੁਣ ਹੈ, ਆਪਣੀ ਸਤਹ ਬਰਾਬਰ ਰੱਖਣੀ। ਇਸ ਕੁਦਰਤੀ ਖੇਲ ਨੂੰ ਲੋਕ ਵਲੀ ਕੰਧਾਰੀ ਦੀ ਕਰਾਮਾਤ ਮੰਨ ਰਹੇ ਹਨ। ਤੂੰ ਉੱਦਮ ਕਰ ਕੇ ਓਥੋਂ ਜਾ ਕੇ ਪਾਣੀ ਮੰਗੇਂ, ਤਾਂ ਮਿਲ ਸਕਦਾ ਹੈ, ਏਨੀ ਹਿੰਮਤ ਕਰਨੀ ਹੀ ਪਵੇਗੀ।"

"ਵਾਹ, ਬਾਬਾ ! ਅੱਗੇ ਜੇਹੜੀ ਕਸਰ ਰਹਿ ਗਈ ਏ ਹਿੰਮਤ ਵਿਚ, ਉਹ ਵੀ ਪੂਰੀ ਕਰਾ ਲੈ।" ਮਰਦਾਨਾ ਏਸ ਆਸ ਉਤੇ ਉਠਕੇ ਤੁਰ ਪਿਆ. ਕਿ ਉਪਰ ਜਾ ਕੇ ਪਾਣੀ ਮਿਲ ਜਾਇਗਾ।

"ਆਸ ਹੈ, ਜੋ ਮਨੁੱਖ ਨੂੰ ਕਦੇ ਢਹਿੰਦੀ ਕਲਾ ਵੱਲ ਨਹੀਂ ਜਾਣ ਦੇਂਦੀ। ਪੰਜਾਬੀ ਦਾ ਅਖਾਣ ਹੈ, 'ਜੀਵੇ ਆਸਾ, ਮਰੇ ਨਿਰਾਸਾ।' ਜੋ ਆਦਮੀ ਆਸ ਛੱਡ ਬਹਿੰਦਾ ਹੈ,ਪੂਰੀ ਤਰ੍ਹਾਂ ਨਿਰਾਸ ਹੋ ਜਾਂਦਾ ਹੈ, ਉਹ ਕਦੇ ਮੰਜ਼ਲ 'ਤੇ ਨਹੀਂ ਪਹੁੰਚ ਸਕਦਾ। ਜੋ ਇਕ ਮਨੁੱਖ ਦਾ ਮਸਲਾ ਹੈ, ਓਹਾ ਇਕ ਕੌਮ ਦਾ ਹੈ। ਜੇ ਕੌਮ ਨਿਰਾਸ ਹੋ ਜਾਏ, ਹਿੰਮਤ ਹਾਰ ਜਾਏ, ਜਿਸ

ਵਿਚੋਂ 'ਆਸ' ਵਾਲੀ ਜੀਵਨ-ਸ਼ਕਤੀ ਮੁੱਕ ਜਾਏ, ਉਹ ਸਦਾ ਵਾਸਤੇ ਮਰ ਜਾਇਆ ਕਰਦੀ ਹੈ। ਮਨਜ਼ਲ ਰਾਜਸੀ ਹੋਵੇ, ਜਾਂ ਧਾਰਮਕ, 'ਆਸ ਦੀ ਟੋਹਣੀ, ਹੱਥੋਂ ਕਦੇ ਨਹੀਂ ਛਡਣੀ ਚਾਹੀਦੀ। ਆਸ ਹੀ ਜ਼ਿੰਦਗੀ ਹੈ। ਭਗਤ ਰਵਿਦਾਸ ਜੀ ਫ਼ੁਰਮਾਉਂਦੇ ਹਨ :

ਕਹਿ ਰਵਿਦਾਸ, ਆਸ ਲਗ ਜੀਵਉ
ਚਿਰ ਭਇਆ ਦਰਸ਼ਨ ,ਦੇਖੈ।

ਦਰਸ਼ਨ ਦੇਖਿਆਂ ਚਿਰ ਹੋ ਗਿਆ ਹੈ, ਵਿਛੜਿਆਂ ਬਹੁਤ ਸਮਾਂ ਹੋ ਗਿਆ ਹੈ, ਪਰ ਮੈਂ ਇਸ ਆਸ ਉਤੇ ਜਿਉਂ ਰਿਹਾ ਹਾਂ, ਕਿ ਕਦੇ ਨਾ ਕਦੇ ਉਸ ਨੂੰ ਜ਼ਰੂਰ ਪਾ ਲਵਾਂਗਾ।

ਸੋ ਆਸ ਹੀ ਹਿੰਮਤ ਹੈ। ਮਰਦਾਨਾ, ਜੋ ਰਬਾਬ ਵਜਾਉਣ ਤੋਂ ਵੀ ਅਸਮਰਥ ਸੀ, ਏਸ ਆਸ ਉਤੇ ਡੇਢ ਮੀਲ ਪਹਾੜੀ ਚੜ੍ਹਾਈ ਚੜ੍ਹਨ ਵਾਸਤੇ ਤਿਆਰ ਹੋ ਗਿਆ, ਕਿ ਉਪਰ ਜਾ ਕੇ ਪਾਣੀ ਮਿਲ ਜਾਇਗਾ।

ਜਾ ਤੱਕਿਆ,ਵਿਛੇ ਹੋਏ ਮੁਸੱਲੇ ਉਤੇ ਵਲੀ ਕੰਧਾਰੀ ਸਮਾਧੀ ਲਾਈ ਬੈਠਾ ਹੈ, ਹੱਥ ਵਿਚ ਤਸਬੀ, ਨੇਤਰ ਬੰਦ, ਬੁੱਲ੍ਹ ਸਹਿਜ ਸਹਿਜ ਫ਼ਰਕ ਰਹੇ ਹਨ। ਲੋਕਾਂ ਦੇ ਮੰਨਣ ਅਨੁਸਾਰ ਫ਼ਕੀਰ ਦੀ ਸੁਰਤ ਅੱਲਾਹ ਨਾਲ ਜੁੜੀ ਹੋਈ ਹੈ। ਮਗਰ ਫ਼ਕੀਰ ਦੀ ਸੁਰਤ ਮੁਰੀਦਾਂ ਦੇ ਚੜ੍ਹਾਵੇ ਉਤੇ ਟਿਕੀ ਹੋਈ ਹੈ। ਕਦੇ ਕਦੇ ਅੱਖ ਝਮਕ ਕੇ ਝਾਤੀ ਮਾਰ ਲੈਂਦਾ ਹੈ।

ਢੰਡੋਰਾ ਰੱਬ ਦੀ ਨਜ਼ਦੀਕੀ ਦਾ, ਤੇ ਨਜ਼ਰ ਮਾਇਆ ਵਿਚ। ਗੁਰੂ ਅਰਜਨ ਦੇਵ ਮਹਾਰਾਜ ਫ਼ੁਰਮਾਉਂਦੇ ਹਨ :

"ਭੇਖ ਦਿਖਾਵੈ, ਸਚੁ ਨ ਕਮਾਵੈ।
ਕਹਤੋ ਮਹਲੀ, ਨਿਕਟਿ ਨ ਆਵੈ।
ਅਤੀਤ ਸਦਾਏ, ਮਾਇਆ ਕਾ ਮਾਤਾ।
ਮਨਿ ਨਹੀ ਪ੍ਰੀਤਿ, ਕਹੈ ਮੁਖ ਰਾਤਾ।"

ਲੋਕਾਂ ਨੂੰ ਭੇਖ ਵਿਖਾ ਰਿਹਾ ਹੈ, ਪਰ 'ਸਚ' (ਰੱਬ ਦੇ ਰਾਹ) ਦੀ ਕਮਾਈ ਨਹੀਂ ਕਰਦਾ। ਢੰਡੋਰਾ ਇਹ ਦੇਂਦਾ ਹੈ, ਕਿ ਮੈਂ ਪਰਮੇਸ਼ਰ ਦੇ

ਮਹਿਲਾਂ ਤਕ ਪਹੁੰਚ ਰਖਦਾ ਹਾਂ, ਪਰ ਅਮਲੀ ਤੌਰ ਤੇ ਕਦੇ ਰੱਬ ਦੇ ਘਰ ਦੇ ਨੇੜੇ ਨਹੀਂ ਢੁਕਿਆ। ਮਾਇਆ ਦਾ ਮੋਹਿਆ ਹੋਇਆ ਆਪਣੇ ਆਪ ਨੂੰ 'ਅਤੀਤ', ਤਿਆਗੀ ਸਦਾਉਂਦਾ ਹੈ। ਮਨ ਵਿਚ ਪ੍ਰਭੂ ਵਾਸਤੇ ਕਦੇ ਵੀ ਸੱਚਾ ਪਿਆਰ ਪੈਦਾ ਨਹੀਂ ਹੋਇਆ, ਪਰ ਮੂੰਹੋਂ ਕਹਿੰਦਾ ਫਿਰਦਾ ਹੈ, ਕਿ ਮੈਂ ਉਹਦੇ ਪ੍ਰੇਮ ਵਿਚ ਰੱਤਾ ਹੋਇਆ ਹਾਂ।

ਮੁਸਲਮਾਨ ਕਵੀ 'ਰਹੀਮ' ਨੇ ਇਕ ਦੋਹਾ ਬੜਾ ਸੁੰਦਰ ਕਿਹਾ ਹੈ :

"ਰਹਿਮਨ, ਬਾਤ ਅਗੰਮ ਕੀ, ਕਹਿਨ ਸੁਨਨ ਕੀ ਨਾਹਿ।
ਜੋ ਜਾਨਤ, ਸੋ ਕਹਿਤ ਨਹਿ, ਕਹਿਤ ਸੋ ਜਾਨਤ ਨਾਹਿ।"

ਜੋ ਉਸ ਨੂੰ ਜਾਣ ਜਾਂਦੇ ਹਨ, ਉਹ ਮੂੰਹੋਂ ਨਹੀਂ ਕਹਿੰਦੇ, ਤੇ ਜੋ ਕਹਿੰਦੇ ਫਿਰਦੇ ਹਨ, ਉਹ ਜਾਣਦੇ ਨਹੀਂ।

ਵਲੀ ਕੰਧਾਰੀ ਅਜੇ ਪਹੁੰਚ ਨਹੀਂ ਸਕਿਆ, ਪਰ ਪਹੁੰਚੇ ਹੋਏ ਹੋਣ ਦਾ ਦਾਅਵਾ ਕਰ ਰਿਹਾ ਹੈ।

ਮਰਦਾਨੇ ਨੇ ਬੜੇ ਧਿਆਨ ਨਾਲ ਤਕਿਆ, ਪਰ ਵਲੀ ਕੰਧਾਰੀ ਦੇ ਚਿਹਰੇ ਉਤੇ ਉਹ ਨੂਰ ਨਜ਼ਰ ਨਹੀਂ ਆਇਆ, ਜੋ ਰੱਬ ਵਾਲਿਆਂ ਦੇ ਹੁੰਦਾ ਹੈ। ਪਰ ਮਰਦਾਨਾ ਸਵਾਲੀ ਹੈ। ਸਵਾਲੀ ਦਾਨੀ ਉਤੇ ਅਲੋਚਨਾ ਨਹੀਂ ਕਰ ਸਕਦਾ। ਗ਼ਰਜ਼ ਦੇ ਮਾਰੇ ਉਸ ਨੂੰ ਸੁਖਾਵੇਂ ਸ਼ਬਦ ਹੀ ਕਹਿਣੇ ਪੈਂਦੇ ਹਨ।

ਮਰਦਾਨੇ ਨੇ ਬੜੀ ਨਮਰਤਾ ਨਾਲ ਕਿਹਾ, "ਅੱਲਾਹ ਦੇ ਪਿਆਰੇ ਵੱਲੀ, ਪਿਆਸਾ ਰਾਹੀ ਹਾਂ, ਦੋ ਘੁੱਟ ਪਾਣੀ ਦਾ ਸਵਾਲ ਹੈ।"

ਵਲੀ ਕੰਧਾਰੀ ਨੇ ਬੜੇ ਗਹੁ ਨਾਲ ਮਰਦਾਨੇ ਵੱਲੇ ਤੱਕਿਆ। ਖ਼ਾਲੀ ਹੱਥ ਸਵਾਲੀ ਦੀ ਮੁਰਾਦ ਕੋਈ ਰੱਬ ਵਾਲਾ ਹੀ ਪੂਰੀ ਕਰਦਾ ਹੈ। ਵਲੀ ਕੰਧਾਰੀ ਦੇ ਮੱਥੇ ਉਤੇ ਕੁਛ ਵੱਟ ਪੈ ਗਏ। ਸੋਚਦਾ ਹੈ, 'ਹੈ ਕੋਈ ਫ਼ਕੀਰ, ਪਰ ਮੇਰੇ ਮੁਰੀਦਾਂ ਵਿੱਚੋਂ ਨਹੀਂ। ਇਸ ਦੀ ਪੋਸ਼ਾਕ ਵਿਚ ਮੇਰੀ ਨਿਸ਼ਾਨੀ ਕੋਈ ਨਹੀਂ। ਨਹੀਂ, ਇਹ ਮੇਰਾ ਨਹੀਂ।'

ਅਸੀਂ ਸਿਰਫ਼ ਮਨੁੱਖ ਨੂੰ ਕੱਪੜਿਆਂ ਤੋਂ ਪਛਾਨਣ ਦਾ ਯਤਨ ਕਰਦੇ

ਹਾਂ। ਜਾਂ ਵੱਧ ਤੋਂ ਵੱਧ ਉਹਦੀ ਚਮੜੀ ਦੀ ਰੰਗਤ ਤੋਂ। ਪਰ ਇਨਸਾਨ ਤਾਂ ਇਹਨਾਂ ਦੋਹਾਂ ਵਸਤੂਆਂ ਦੇ ਅੰਦਰ ਵਸਦਾ ਹੈ। ਉਹ ਹੈ, ਇਨਸਾਨ ਦਾ ਸੁਭਾਉ, ਇਨਸਾਨ ਦੇ ਗੁਣ, ਇਨਸਾਨ ਦੀ ਆਤਮਾ। ਇਕ ਉਰਦੂ ਦੇ ਸ਼ਾਇਰ ਨੇ ਕਿਹਾ ਹੈ :

ਸੀਰਤ ਕੇ ਹਮ ਗ਼ੁਲਾਮ ਹੈਂ, ਸੂਰਤ ਹੂਈ ਤੋ ਕਿਆ
ਸੁਰਖ਼ੋ ਸਫ਼ੇਦ ਮੱਟੀ ਕੀ ਮੂਰਤ ਹੂਈ ਤੋ ਕਿਆ

ਪਰ ਅਸੀਂ ਸਿਰਫ਼ ਮੂਰਤ ਦੀ ਕਦਰ ਕਰਦੇ ਹਾਂ, ਮਿੱਟੀ ਦੀ ਪੂਜਾ ਕਰਦੇ ਹਾਂ, ਇਨਸਾਨ ਦੀ ਨਹੀਂ।

ਵਲੀ ਕੰਧਾਰੀ ਨੇ ਵੀ ਮਰਦਾਨੇ ਦੇ ਲਿਬਾਸ ਨੂੰ ਵੇਖਿਆ, ਅੰਦਰਲੇ ਇਨਸਾਨ ਨੂੰ ਨਹੀਂ। ਉਹਨੇ ਕੁਛ ਤਲਖ਼ ਸੁਰ ਵਿਚ ਪੁਛਿਆ, "ਤੂੰ ਹੈਂ ਕੌਣ ਭਾਈ ? ਕੀਹਦਾ ਮੁਰੀਦ ਹੈਂ ?"

"ਮੈਂ ਜੀ, ਮਰਦਾਨਾ ਹਾਂ, ਗੁਰੂ ਨਾਨਕ ਨਿਰੰਕਾਰੀ ਦਾ ਰਬਾਬੀ।" ਮਰਦਾਨੇ ਨੇ ਹੋਰ ਵੀ ਨਮਰਤਾ ਨਾਲ ਕਿਹਾ।

"ਹੱਛਾ, ਓਹਾ ਨਾਨਕ ਤਪਾ, ਜਿਸ ਦੀ ਆਸਾਮ ਤੋਂ ਲੈ ਕੇ ਮੱਕੇ ਤਕ ਧੁੰਮ ਹੈ। ਪਰ ਤੂੰ ਮੋਮਨ ਹੁੰਦਾ ਹੋਇਆ ਇਕ ਹਿੰਦੂ ਪੀਰ ਦਾ ਮੁਰੀਦ ਕਿਉਂ ਬਣਿਓਂ।" ਇਕ ਦਾ ਉਪਾਸ਼ਕ ਹੋਣ ਦਾ ਦਾਅਵਾ ਕਰਨ ਵਾਲੇ ਵਲੀ ਕੰਧਾਰੀ ਨੇ ਮਨੁੱਖਤਾ ਵਿਚ ਮਜ਼ਹਬ ਦੀਆਂ ਵੰਡੀਆਂ ਪਾਉਣ ਦੇ ਇਰਾਦੇ ਨਾਲ ਕਿਹਾ।

"ਵਲੀ ਜੀ ! ਬਾਬਾ ਨਾਨਕ ਨਾ ਹਿੰਦੂ ਹੈ, ਨਾ ਮੁਸਲਮਾਨ, ਉਹ ਤਾਂ ਕੇਵਲ ਨਿਰੰਕਾਰ ਦਾ ਹੈ,ਸਭ ਦਾ ਸਾਂਝਾ। ਉਹਦੇ ਵਾਸਤੇ ਹਿੰਦੂ-ਮੁਸਲਮਾਨ ਸਭ ਬਰਾਬਰ ਹਨ।"

"ਮਰਦਾਨਿਆਂ ! ਮੈਂ ਇਹ ਨਹੀਂ ਮੰਨਦਾ। ਅੱਜ ਪੀਰ ਦਾ ਪੀਰ ਨਾਲ ਜੋੜ ਪਿਆ ਹੈ। ਜਾ, ਕਹੁ ਆਪਣੇ ਗੁਰੂ ਨੂੰ, ਉਹਦੇ ਵਿਚ ਕੁਛ ਸ਼ਕਤੀ ਹੈ, ਤਾਂ ਆਪਣੀ ਕਰਾਮਾਤ ਨਾਲ ਤੈਨੂੰ ਪਾਣੀ ਪਿਲਾ ਦੇਵੇ। ਤੇ ਜਾਂ ਸਾਡੀ ਕਰਾਮਾਤ ਵੇਖ। ਉਹਨੂੰ ਛੱਡ ਕੇ ਮੇਰਾ ਮੁਰੀਦ ਬਣ ਜਾਹ। ਮੈਂ ਇਸ

ਪਾਣੀ ਦੇ ਭਰੇ ਹੌਜ਼ ਨੂੰ ਦੁੱਧ ਵਿਚ ਬਦਲ ਦਿਆਂਗਾ। ਯਾਦ ਰੱਖ, ਜਿਸ ਦਾ ਆਪਣਾ ਗੁਰੂ ਪੀਰ ਕਰਨੀ ਵਾਲਾ ਹੋਵੇ, ਉਹ ਬੇਗਾਨਿਆਂ ਬੂਹਿਆਂ 'ਤੇ ਭਿੱਛਿਆ ਨਹੀਂ ਮੰਗਦਾ ਫਿਰਦਾ।" ਵਲੀ ਕੰਧਾਰੀ ਦੇ ਮੂੰਹੋਂ ਉਹਦੀ ਹਉਮੈਂ ਬੋਲ ਰਹੀ ਸੀ।

ਉਇ ਤੂੰ! ਕੌਣ ਹੁੰਦਾ ਏਂ, ਕੀਹਦਾ ਏਂ ਤੂੰ ਬਾਲਕਾ,
ਦਰ ਦਰ ਫਿਰਦੈਂ ਦੋ ਘੁੱਟ ਪਾਣੀ ਨੂੰ ਤਿਰਾਇਆ
ਜੀਹਦਾ ਪਿੱਛੇ ਕੋਈ ਤਕੜਾ ਹੋਵੇ 'ਸੀਤਲ' ਜੀ
ਕਦ ਉਹ ਝਿੜਕਾਂ ਲੈਂਦੇ ਮੱਲ ਕੇ ਬਾਰ ਪਰਾਇਆ।

ਬਾਬੇ ਫ਼ਰੀਦ ਨੇ ਵੀ ਕਿਹਾ ਹੈ :

"ਫਰੀਦਾ, ਬਾਰਿ ਪਰਾਇਐ ਬੈਸਣਾ, ਸਾਂਈ ਮੁਝੈ ਨ ਦੇਹਿ।
ਜੇ ਤੂ ਏਵੈ ਰਖਸੀ, ਜੀਉ ਸਰੀਰਹੁ ਲੇਹਿ।"

ਮਰਦਾਨੇ ਦੇ ਦਿਲ 'ਤੇ ਚੋਟ ਲੱਗੀ। ਉਹਨੇ ਕੁਛ ਰੋਹ ਨਾਲ ਉਤਰ ਦਿਤਾ, "ਓ ਹਉਮੈਂ ਦੇ ਰੋਗੀ ਵਲੀ ਕੰਧਾਰੀ! ਤੂੰ ਇਕ ਮਰਦਾਨੇ ਮੀਰਾਸੀ ਦਾ ਨਿਰਾਦਰ ਨਹੀਂ ਕੀਤਾ, ਮਨੁੱਖਤਾ ਦਾ ਨਿਰਾਦਰ ਕੀਤਾ ਹੈ, ਗੁਰੂ ਨਾਨਕ ਦਾ ਨਿਰਾਦਰ ਕੀਤਾ ਹੈ, ਰੱਬ ਦਾ ਨਿਰਾਦਰ ਕੀਤਾ ਹੈ। ਪੌਣ ਪਾਣੀ ਰੱਬ ਨੇ ਹਰ ਪ੍ਰਾਣੀ-ਮਾਤਰ ਵਾਸਤੇ ਬਣਾਏ ਹਨ, ਇਹ ਜ਼ਿੰਦਗੀ ਦੀ ਪਹਿਲੀ ਲੋੜ ਹੈ। ਤੂੰ ਉਸ ਨੂੰ ਆਪਣੀ ਮਲਕੀਅਤ ਬਣਾ ਬੈਠਾ ਏਂ। ਤੂੰ ਖ਼ੁਦਾ ਤੋਂ ਦੂਰ ਹੋ ਗਿਆ ਹੈਂ। ਜੋ ਇਨਸਾਨ ਨੂੰ ਨਹੀਂ ਪਛਾਣਦਾ, ਉਹ ਭਗਵਾਨ ਨੂੰ ਵੀ ਨਹੀਂ ਪਛਾਣਦਾ, ਉਹ ਭਗਵਾਨ ਨੂੰ ਵੀ ਨਹੀਂ ਪਛਾਣਦਾ ਖ਼ਾਲਕ ਖ਼ਾਲਕ ਵਿਚ ਹੈ। ਤੂੰ ਖ਼ਲਕਤ ਤੋਂ ਦੂਰ ਹੋ ਕੇ ਖ਼ਾਲਕ ਦੀ ਨੇੜਤਾ ਦਾ ਦਮ ਭਰਦਾ ਹੈਂ। ਤੇਰੀ ਬੰਦਗੀ ਇਕ ਢੌਂਗ ਹੈ, ਕੇਵਲ ਲੋਕਾਂ ਨੂੰ ਧੋਖਾ ਦੇਣ ਵਾਸਤੇ ਹੈ।"

ਇਕ ਇਨਸਾਨੀਅਤ ਦਾ ਪੁਜਾਰੀ ਕਹਿੰਦਾ ਹੈ,

ਖ਼ੁਦਾ ਕੇ ਬੰਦੇ ਤੋ ਹੈਂ ਹਜ਼ਾਰੋਂ, ਬਨੋ ਮੇਂ ਫਿਰਤੇ ਹੈਂ ਮਾਰੇ ਮਾਰੇ
ਮੈਂ ਉਸ ਕਾ ਬੰਦਾ ਬਨੂੰਗਾ,

ਜਿਸ ਕੋ ਖ਼ੁਦਾ ਕੇ ਬੰਦੋਂ ਸੇ ਪਿਆਰ ਹੋਗਾ

ਵਲੀ ਕੰਧਾਰੀ ਸੁਣ ਕੇ ਸਹਾਰ ਨਾ ਸਕਿਆ। ਉਹ ਸਾਰੇ ਤਾਣ ਨਾਲ ਗਰਜਿਆ, "ਦੂਰ ਹੋ ਜਾ ਮੇਰੀਆਂ ਅੱਖਾਂ ਤੋਂ, ਨਹੀਂ ਤਾਂ ਹੁਣੇ ਭਸਮ ਕਰ ਦਿਆਂਗਾ।"

ਬਿਗਾਨੇ ਬੂਹੇ 'ਤੇ ਕਾਹਦਾ ਮਾਣ ਹੁੰਦਾ ਹੈ। ਗ਼ਰੀਬ ਮਰਦਾਨਾ ਡਰਦਾ ਉਠ ਦੌੜਿਆ। ਇਕ ਪਿਆਸ, ਦੂਜਾ ਨਿਰਾਦਰ ਹੋਏ ਦਾ ਗੁੱਸਾ, ਆਉਂਦਾ ਮਹਾਰਾਜ ਦੇ ਚਰਨਾਂ ਉਤੇ ਢਹਿ ਕੇ ਪੁਕਾਰ ਉਠਿਆ। "ਬਾਬਾ! ਆਪ ਤਾਂ ਕਹਿੰਦੇ ਸੀ, ਵਲੀ ਕੰਧਾਰੀ ਰੱਬ ਦਾ ਪੁਜਾਰੀ ਹੈ। ਪਰ ਉਹ ਤਾਂ ਨਿਰਾ ਹੰਕਾਰ ਦਾ ਪੁਤਲਾ ਹੈ। ਮੈਂ ਉਹਦੇ ਦਰ 'ਤੇ ਸਵਾਲੀ ਬਣ ਕੇ ਗਿਆ ਸਾਂ। ਮੈਨੂੰ ਜੋ ਉਹ ਮਰਜ਼ੀ ਸੀ ਕਹਿ ਲੈਂਦਾ। ਪਰ ਉਹਨੇ ਮੇਰੇ ਗੁਰੂ ਦਾ ਅਪਮਾਨ ਕੀਤਾ ਹੈ, ਮੈਂ ਉਹ ਨਹੀਂ ਸਹਿ ਸਕਦਾ। ਬੱਸ, ਹੁਣ ਮੇਰੀ ਵੀ ਸੁਣ ਲੌ। ਮੈਂ ਏਥੇ ਵਿਲਕ ਵਿਲਕ ਕੇ ਮਰ ਜਾਵਾਂਗਾ, ਪਰ ਫਿਰ ਬਿਗਾਨੇ ਬੂਹੇ 'ਤੇ ਮੰਗਣ ਵਾਸਤੇ ਨਹੀਂ ਜਾਵਾਂਗਾ। ਪਰ ਬਾਬਾ! ਇਕ ਗੱਲ ਤੁਸੀਂ ਵੀ ਯਾਦ ਰਖਿਓ। ਕਿਸੇ ਇਹ ਨਹੀਂ ਕਹਿਣਾ, ਕਿ ਮਰਦਾਨਾ ਤਿਹਾਇਆ ਮਰ ਗਿਆ ਸੀ, ਸਾਰੀ ਦੁਨੀਆਂ ਕਹੇਗੀ, ਗੁਰੂ ਨਾਨਕ ਦਾ ਰਬਾਬੀ ਤਿਹਾਇਆ ਮਰ ਗਿਆ, ਤੇ ਗੁਰੂ ਉਹਨੂੰ ਪਾਣੀ ਨਹੀਂ ਦੇ ਸਕਿਆ ਤੁਸੀਂ ਆਪਣੇ ਨਾਮ ਬਾਰੇ ਸੋਚੋ, ਮੇਰੇ ਮਰਨ ਨਾਲ ਕੋਈ ਫਰਕ ਨਹੀਂ ਪੈਣ ਲੱਗਾ।"

ਗੁਰਦੇਵ ਨੇ ਨਿੰਮ੍ਹਾ ਨਿੰਮ੍ਹਾ ਮੁਸਕਰਾਉਂਦਿਆਂ ਕਿਹਾ, "ਮਰਦਾਨਿਆ ਨਿਰਾਸ ਨਾ ਹੋ। ਜਿੰਨਾ ਚਿਰ ਨਿਰੰਕਾਰ ਨੇ ਤੇਥੋਂ ਸੇਵਾ ਲੈਣੀ ਹੈ, ਓਨਾ ਚਿਰ ਤੂੰ ਨਹੀਂ ਮਰਦਾ। ਪਾਣੀ ਤਾਂ ਹਰ ਥਾਂ ਹੈ। ਚੁੱਕ ਆਹ ਪੱਥਰ।"

ਰਵਾਇਤ ਪਰਸਿੱਧ ਹੈ, ਮਰਦਾਨੇ ਨੇ ਪੱਥਰ ਚੁਕਿਆ, ਤਾਂ ਹੇਠੋਂ ਨਿਰਮਲ ਜਲ ਦਾ ਸੋਮਾ ਫੁਟ ਪਿਆ। ਅੱਜ ਉਸ ਧਰਤੀ 'ਤੇ ਆਸ ਪਾਸ ਛੋਟੇ ਛੋਟੇ ਕਈ ਸੋਮੇਂ ਹਨ। ਪਾਣੀ ਦਾ ਧਰਮ ਹੈ, ਨਿਵਾਣ ਵਲ ਵਹਿਣਾ। ਉਸਨੂੰ ਨੀਵੇਂ ਪਾਸੇ ਰਾਹ ਮਿਲ ਗਿਆ, ਤਾਂ ਪਹਾੜੀ ਉਪਰਲੇ ਸੋਮੇਂ ਦਾ

ਪਾਣੀ ਵੀ ਹੇਠਾਂ ਨੂੰ ਆ ਗਿਆ।

ਵਲੀ ਕੰਧਾਰੀ ਸਮਝਦਾ ਸੀ, ਕਿ ਇਹ ਪਾਣੀ ਉਸਦੀ ਬੰਦਗੀ ਦੇ ਬਲ ਨਾਲ ਹੀ ਖਲਾ ਹੈ। ਪਾਣੀ ਸੁਕਿਆ ਵੇਖਕੇ ਉਹਨੂੰ ਅੱਗ ਲੱਗ ਉੱਠੀ ਉਹ ਹੱਥ ਵਿਚ ਪੱਥਰ ਚੁੱਕ ਕੇ ਮਹਾਰਾਜ ਨੂੰ ਮਾਰਨ ਵਾਸਤੇ ਉੱਠ ਦੌੜਿਆ

ਵਲੀ ਕਧਾਰੀ ਨੇੜੇ ਪਹੁੰਚਿਆ, ਤਾਂ ਅੱਗੋਂ ਮਹਾਰਾਜ ਨੇ ਬੜੇ ਪਿਆਰ ਨਾਲ ਮਿੱਠੀ ਸੁਰ ਵਿਚ ਕਿਹਾ, "ਸ਼ਾਂਤ ਹੋਵੋ, ਪੀਰ ਜੀ! ਰੱਬ ਦੇ ਪਿਆਰਿਆਂ ਨੂੰ ਕ੍ਰੋਧ ਨਹੀਂ ਕਰਨਾ ਚਾਹੀਦਾ। ਵਾਸ਼ਨਾ ਤੇ ਕ੍ਰੋਧ ਤਾਂ ਸਰੀਰ ਨੂੰ ਨਾਸ ਕਰ ਦੇਂਦੇ ਨੇ।

"ਕਾਮੁ ਕ੍ਰੋਧੁ ਕਾਇਆ ਕਉ ਗਾਲੈ।"

"ਤੇ ਸੜਦੇ ਸਰੀਰ ਵਿਚ ਆਤਮਾ ਸ਼ਾਂਤ ਕਿਵੇਂ ਰਹਿ ਸਕਦੀ ਹੈ। ਆਉ, ਬੈਠੋ! ਪਿਆਰ ਨਾਲ ਉਸ ਪ੍ਰੀਤਮ ਦੀਆਂ ਗੱਲਾਂ ਕਰੀਏ।"

ਜਿਵੇਂ ਅੱਗ ਕੋਲ ਗਿਆਂ ਸੇਕ ਪਹੁੰਚਣਾ ਜ਼ਰੂਰੀ ਹੈ, ਉਸੇ ਤਰਾਂ ਸ਼ਾਂਤ ਆਤਮਾ ਕੋਲ ਗਿਆਂ ਮਨ ਦਾ ਕ੍ਰੋਧ ਵੀ ਅਵੱਸ਼ ਸ਼ਾਂਤ ਹੁੰਦਾ ਹੈ।

"ਹੈਂ? ਕੌੜੇ ਸ਼ਬਦਾਂ ਦੇ ਉਤਰ ਵਿਚ ਮਿਠੇ ਬਚਨ? ਇਹ ਕੋਈ ਪਹੁੰਚਿਆ ਹੋਇਆ ਹੈ। ਆਤਮਕ ਸ਼ਾਂਤੀ ਏਥੋਂ ਹੀ ਮਿਲੇਗੀ।" ਵਲੀ ਕੰਧਾਰੀ ਗੁਰਦੇਵ ਦੇ ਚਰਨਾਂ ਉਤੇ ਢਹਿ ਪਿਆ। "ਬਖ਼ਸ਼ ਲਵੋ, ਮਹਾਰਾਜ ਆਪ ਰੱਬ ਦਾ ਰੂਪ ਹੋ।"

"ਅੱਲਾਹ ਦੇ ਪਿਆਰੇ ਵਲੀ ਕੰਧਾਰੀ! ਹਰ ਇਨਸਾਨ ਭਗਵਾਨ ਦਾ ਰੂਪ ਹੈ, ਜੇ ਉਹ ਉਸਨੂੰ ਪਛਾਣ ਲਵੇ ਤਾਂ।

'ਸਭ ਮਹਿ ਜੋਤਿ ਜੋਤਿ ਹੈ ਸੋਇ।"

"ਪ੍ਰਭੂ ਦੀ ਜੋਤਿ ਸਾਰਿਆ ਵਿਚ ਹੈ। ਜੋ ਉਸਨੂੰ ਪਛਾਣ ਲੈਂਦਾ ਹੈ, ਉਹ ਉਸਦਾ ਰੂਪ ਬਣ ਜਾਂਦਾ ਹੈ।

"ਨਾਨਕ ਗੁਰਮੁਖਿ ਆਪੁ ਪਛਾਣੈ,
ਪ੍ਰਭ ਜੈਸੇ ਅਵਿਨਾਸੀ।"

ਏਥੇ 'ਗੁਰਮੁਖਿ' ਦੇ ਖੰਬੇ ਨੂੰ ਜਿਹਾਰੀ ਹੈ, ਜਿਸਦਾ ਅਰਥ ਹੈ 'ਗੁਰੂ

ਦੇ ਉਪਦੇਸ ਦੁਆਰਾ', 'ਗੁਰੂ ਦੀ ਮੱਤ ਮਗਰ ਚੱਲ ਕੇ', ਆਪਣੇ ਆਪ ਨੂੰ ਪਛਾਣ ਲਵੇ, ਤਾਂ ਉਹ ਰੱਬ ਵਰਗਾ ਬਣ ਜਾਂਦਾ ਹੈ।

ਸੁਣ ਕੇ ਵਲੀ ਕੰਧਾਰੀ ਦਾ ਮਨ ਕੁਛ ਸ਼ਾਂਤ ਹੋਇਆ। ਉਹਨੇ ਹਜ਼ੂਰ ਦੇ ਚਰਨ ਛੂਹ ਕੇ ਬੜੀ ਆਜਜ਼ੀ ਨਾਲ ਕਿਹਾ, "ਬਾਬਾ ਨਾਨਕ! ਰੱਬ ਦੇ ਮਿਲਾਪ ਬਦਲੇ ਘਰ-ਬਾਰ, ਸਾਰਾ ਸੰਸਾਰ ਛਡਿਆ ਸੀ, ਮਨੋਰਥ ਸਿੱਧੀ ਵਾਸਤੇ ਘਾਲਣਾ ਵੀ ਬਹੁਤ ਘਾਲੀ ਹੈ, ਬੜੇ ਜ਼ੁਹਦ ਕੀਤੇ ਹਨ, ਚਿਲੇ ਕੱਟੇ ਹਨ, ਲੋਕਾਂ ਵਿਚ ਕੁਛ ਨਾਮ ਵੀ ਹੋ ਗਿਆ ਹੈ, ਪਰ ਮਨ ਸ਼ਾਂਤ ਨਹੀਂ ਹੋਇਆ। ਉਹਦਾ ਮਿਲਾਪ ਨਹੀਂ ਹੋਇਆ। ਬਹੁੜੀ ਕਰੋ, ਕੋਈ ਰਸਤਾ ਦੱਸੋ।"

"ਸਾਈਂ ਜੀ! ਰਸਤਾ? ਬੜਾ ਸੌਖਾ ਹੈ।"

"ਗੁਰਮੁਖਿ ਹਉਮੈ ਵਿਚਹੁ ਖੋਵੈ,
ਤਉ ਨਾਨਕ, ਸਹਜਿ ਸਮਾਵੈ।"

ਗੁਰੂ ਦੇ ਉਪਦੇਸ ਦੁਆਰਾ ਮਨ ਵਿਚੋਂ ਹਉਮੈਂ ਨੂੰ ਮਿਟਾ ਦੇਵੇ, ਤਾਂ ਰੱਬ ਦੀ ਪਰਾਪਤੀ ਹੁੰਦੀ ਹੈ।

ਜਿੰਨਾ ਚਿਰ ਅੰਦਰ ਦੂਈ ਦਵੈਤ ਹੈ, ਓਨਾ ਚਿਰ ਉਸਦਾ ਮਿਲਾਪ ਨਹੀਂ।

ਉਰਦੂ ਦਾ ਸ਼ਾਇਰ "ਮੋਮਨ" ਕਹਿੰਦਾ ਹੈ,

'ਤੁਮ ਮੇਰੇ ਪਾਸ ਹੋਤੇ ਹੋ ਗੋਇਆ
ਜਬ ਕੋਈ ਦੂਸਰਾ ਨਹੀਂ ਹੋਤਾ'

ਇਹ ਵੀ ਪਹਿਲੀ ਮਨਜ਼ਲ ਹੈ। ਦੂਸਰਾ ਕੋਈ ਨਹੀਂ, ਦਵੈਤ ਮਿਟ ਗਈ, ਪਰ ਅਜੇ ਆਪਾ ਤਾਂ ਕਾਇਮ ਹੈ?

"ਆਸੀ" ਇਸ ਤੋਂ ਇਕ ਕਦਮ ਹੋਰ ਅੱਗ ਵਧਦਾ ਹੈ,

'ਉਠੇ ਹਮ, ਉਠ ਗਇਆ ਪਰਦਾ ਦੂਈ ਕਾ
ਹਮਾਰੇ ਉਸ ਕੇ ਬਸ ਹਮ ਦਰਮਿਆਂ ਥੇ।'

ਅਸੀਂ ਆਪ ਹੀ ਤਾਂ ਆਪਣੇ ਅਤੇ ਉਹਦੇ ਵਿਚਕਾਰ ਦੀਵਾਰ ਬਣੇ

ਬੈਠੇ ਹਾਂ । ਆਪਾ ਮਿਟੇ, ਤਾਂ ਉਹਦਾ ਵਾਸਾ ਹੋਵੇ । ਹਜ਼ੂਰ ਫੁਰਮਾਉਂਦੇ ਹਨ

"ਹਉਮੈ ਕਰੀ, ਤਾਂ ਤੂ ਨਾਹੀ, ਤੂ ਹੋਵਹਿ ਹਉ ਨਾਹਿ ।"

ਹੇ ਪ੍ਰਭੂ ! ਜਿੰਨਾ ਚਿਰ ਹਉਂ ਮੈਂ-ਮੈਂ ਕਰਦਾ ਸਾਂ, ਤੂੰ ਨਹੀਂ ਸੈਂ । ਤੇ ਹੁਣ ਮੇਰੀ ਪ੍ਰਾਰਥਨਾ ਹੈ, ਕਿ ਮੈਂ ਨਾ ਹੋਵਾਂ, ਕੇਵਲ ਤੂੰ ਹੀ ਤੂੰ ਹੋਵੇਂ ।

ਪੰਜਵੇਂ ਪਾਤਸ਼ਾਹ ਫ਼ੁਰਮਾਉਂਦੇ ਹਨ :

"ਖੁਦੀ ਮਿਟੀ, ਤਬ ਸੁਖ ਭਏ, ਮਨ ਤਨ ਭਏ ਅਰੋਗ ।
ਨਾਨਕ, ਦ੍ਰਿਸਟੀ ਆਇਆ, ਉਸਤਤਿ ਕਰਨੈ ਜੋਗੁ ।"

ਪਰ ਇਹ ਖੁਦੀ ਵੀ ਗੁਰੂ ਦੀ ਮੇਹਰ ਬਿਨਾਂ ਨਹੀਂ ਮਿਟਦੀ ।

ਤੀਸਰੇ ਪਾਤਸ਼ਾਹ ਦਾ ਮਹਾ ਵਾਕ ਹੈ :

"ਬਿਨੁ ਗੁਰ ਰੋਗੁ ਨ ਤੁਟਈ, ਹਉਮੈ ਪੀੜ ਨ ਜਾਇ ।"

ਇਸ ਹਉਮੈਂ ਦੇ ਰੋਗਾਂ ਨੇ ਬਹੁਤਿਆਂ ਨੂੰ ਗਰੱਸਿਆ ਹੋਇਆ ਹੈ । ਘਰ ਘਰ ਏਹਾ ਹੀ ਪੀੜ ਹੈ । ਉਹ ਆਪ ਹੀ ਚਾਹੇ, ਤਾਂ ਬਖ਼ਸ਼ ਲਵੇ ।

"ਨਾਨਕ ! ਹਉਮੈ ਰੋਗ ਬੁਰੇ,
ਜਹ ਦੇਖਾਂ, ਤਹ ਏਕਾ ਬੇਦਨ,
ਆਪੇ ਬਖਸੈ ਸਬਦਿ ਧੁਰੇ ।"

ਵਾਹਿਗੁਰੂ ਜੀ ਕਾ ਖ਼ਾਲਸਾ,
ਵਾਹਿਗੁਰੂ ਜੀ ਕੀ ਫ਼ਤਹਿ

ਬਿਨੁ ਗੁਰ ਮੁਕਤਿ ਨ ਪਾਈਐ

ਭਾਈ ਗੁਰਦਾਸ ਜੀ ਫ਼ੁਰਮਾਉਂਦੇ ਹਨ :

"ਪੂਛਤ ਪਥਕ, ਤਿਹ ਮਾਰਗ ਨ ਧਰੇ ਪਗ,
ਪ੍ਰੀਤਮ ਕੇ ਦੇਸ ਕੈਸੇ ਬਾਤਨ ਸੇ ਜਾਈਐ।"

ਰਾਹ ਦੀ ਵੱਟ ਉਤੇ ਖਲੇ ਬਿਰਛ ਦੀ ਛਾਵੇਂ ਬੈਠਾ ਜਗਿਆਸੂ ਲੰਘਦੇ ਰਾਹੀ ਨੂੰ ਰਾਹ ਪੁਛਦਾ ਹੈ, ਕਿ ਫ਼ਲਾਨੇ ਅਸਥਾਨ ਨੂੰ ਕਿਹੜਾ ਰਸਤਾ ਜਾਂਦਾ ਹੈ। ਰਾਹੀ ਉਤਰ ਦੇਂਦਾ ਹੈ, "ਇਸ ਸਿੱਧੇ ਰਾਹੇ ਪੈ ਜਾਉ। ਦੋ-ਕੁ ਮੀਲ 'ਤੇ ਜਾ ਕੇ ਖੱਬੇ ਹੱਥ ਨੂੰ ਇਕ ਰਸਤਾ ਪਾਟੇਗਾ, ਓਧਰ ਮੁੜ ਜਾਣਾ। ਓਥੋਂ ਚਾਰ-ਕੁ ਮੀਲ ਦੀ ਵਿੱਥ ਉਤੇ ਅੱਗੇ ਜੋੜੀਆਂ ਸੜਕਾਂ ਆਉਣਗੀਆਂ। ਓਥੋਂ ਸੱਜੇ ਹੱਥ ਵਾਲੀ ਸੜਕ ਫੜ ਲੈਣਾ। ਉਹ ਤੁਹਾਨੂੰ ਤੁਹਾਡੀ ਮਨਜ਼ਲ 'ਤੇ ਪੁਚਾ ਦੇਵੇਗੀ।"

ਰਾਹੀ ਰਸਤਾ ਦੱਸ ਕੇ ਲੰਘ ਗਿਆ, ਪਰ ਜਗਿਆਸੂ ਓਥੇ ਹੀ ਬੈਠਾ ਰਿਹਾ। ਉਮਰ ਦੇ ਕਈ ਸਾਲ ਉਸ ਨੇ ਓਥੇ ਬੈਠੇ ਨੇ ਰਾਹ ਪੁਛਦਿਆਂ ਹੀ ਗੁਜ਼ਾਰ ਲਏ, ਪਰ ਆਪ ਉਹਨੇ ਰਸਤੇ ਉਤੇ ਇਕ ਕਦਮ ਵੀ ਨਹੀਂ ਪੁੱਟਿਆ, ਉੱਦਮ ਹੀ ਨਹੀਂ ਕੀਤਾ, ਤੁਰਿਆ ਹੀ ਨਹੀਂ। ਭਾਈ ਸਾਹਿਬ ਕਹਿੰਦੇ ਹਨ, ਉਹ ਜਗਿਆਸੂ 'ਪ੍ਰੀਤਮ ਦੇ ਦੇਸ' ਕਿਵੇਂ ਪੁਜੇਗਾ। ਨਹੀਂ ਪੁੱਜ ਸਕੇਗਾ। ਪ੍ਰੀਤਮ ਦੇ ਦੇਸ ਪਹੁੰਚਣ ਵਾਸਤੇ ਉੱਦਮ ਕਰਨਾ ਪਵੇਗਾ, ਘਾਲਣਾ ਘਾਲਣੀ ਪਵੇਗੀ, ਸਿਦਕ ਤੇ ਭਰੋਸਾ ਕਰ ਕੇ ਲੰਮੀਆਂ ਮਨਜ਼ਲਾਂ ਮਾਰਨੀਆਂ ਪੈਣਗੀਆਂ, ਰਾਹ ਵਿਚ ਆਉਣ ਵਾਲੀਆਂ ਔਕੜਾਂ ਦਾ ਟਾਕਰਾ

ਕਰਨਾ ਪਵੇਗਾ। ਰਾਹ ਦੇ ਹਰ ਮੋੜ ਉਤੇ ਠੱਗ ਬੈਠੇ ਹਨ, ਚੋਰ ਤਾਕ ਲਾਈ ਖਲੋ ਹਨ, ਲੁਟੇਰੇ ਹਨ, ਡਾਕੂ ਹਨ। ਉਹਨਾਂ ਤੋਂ ਲੁਕ ਕੇ ਨਹੀਂ, ਉਹਨਾਂ ਦਾ ਮਰਦਾਂ ਵਾਂਗ ਮੁਕਾਬਲਾ ਕਰਦਿਆਂ ਅੱਗੇ ਵਧਣਾ ਪਵੇਗਾ, ਤਾਂ ਪ੍ਰੀਤਮ ਦੇ ਦੇਸ ਵਿਚ ਪਹੁੰਚਣ ਦਾ ਸੰਭਾਗ ਪਰਾਪਤ ਹੋਵੇਗਾ। ਰਸਤੇ ਦੀਆਂ ਮੁਸੀਬਤਾਂ ਤੋਂ ਡਰ ਕੇ ਰਾਹੀ ਹੌਸਲਾ ਹਾਰ ਬਹੇਗਾ, ਤਾਂ ਮਨਜ਼ਲ ਹੋਰ ਦੂਰ ਹੋ ਜਾਵੇਗੀ।

ਦੂਸਰੀ ਤੁਕ ਵਿਚ ਭਾਈ ਸਾਹਿਬ ਹੋਰ ਮਿਸਾਲ ਦੇਂਦੇ ਹਨ :

"ਪੂਛਤ ਹੈ ਵੈਦ, ਖਾਤ ਔਖਧਿਨ ਸੰਜਮ ਸੈ
ਕੈਸੇ ਮਿਟੇ ਰੋਗ, ਸੁਖ ਸਹਜ ਸਮਾਈਐ।"

ਰੋਗੀ ਵੈਦ ਦੀ ਸ਼ਰਨ ਜਾਂਦਾ ਹੈ, ਦਵਾਈ ਲੈਂਦਾ ਹੈ, ਪਰ ਵੈਦ ਦੇ ਦੱਸੇ ਪੱਥ ਕੁਪੱਥ ਉਤੇ ਅਮਲ ਨਹੀਂ ਕਰਦਾ, ਜਿਨ੍ਹਾਂ ਚੀਜ਼ਾਂ ਦੀ ਵਰਤੋਂ ਤੋਂ ਵੈਦ ਨੇ ਰੋਕਿਆ ਹੈ, ਉਹਨਾਂ ਦੀ ਦੁਰਵਰਤੋਂ ਬੜੀ ਲਾਪਰਵਾਹੀ ਨਾਲ ਕਰਦਾ ਹੈ, ਪਰ ਦਵਾਈ ਨਾਲ ਜਿਨ੍ਹਾਂ ਵਸਤੂਆਂ ਦੀ ਵਰਤੋਂ ਲਾਜ਼ਮੀ ਦੱਸੀ ਸੀ, ਉਹ ਨਹੀਂ ਵਰਤਦਾ। ਭਾਵ, ਨਿਯਮ ਅਨੁਸਾਰ,ਸੰਜਮ ਨਾਲ ਦਵਾਈ ਨਹੀਂ ਖਾਂਦਾ, ਤਾਂ ਰੋਗ ਕਿਵੇਂ ਮਿਟੇ ? ਸਹਿਜ ਸੁਖ, ਸਦਾ ਰਹਿਣ ਵਾਲਾ ਸੁਖ, ਸੁਭਾਵਕ ਸੁਖ ਕਿਵੇਂ ਪਰਾਪਤ ਹੋਵੇ ?

ਪਰ ਜਿਸ ਜਗਿਆਸੂ ਦਾ ਅਸੀਂ ਜ਼ਿਕਰ ਕਰਨ ਲੱਗੇ ਹਾਂ, ਉਹਨੇ ਤਾਂ ਬੜੀ ਸ਼ਰਧਾ, ਈਮਾਨਦਾਰੀ ਤੇ ਸੰਜਮ ਨਾਲ ਦਵਾਈ ਦੀ ਵਰਤੋਂ ਕੀਤੀ ਹੈ, ਪੱਥ, ਕੁਪੱਥ ਦਾ ਪੂਰਾ ਖ਼ਿਆਲ ਰੱਖਿਆ ਹੈ, ਵੈਦ ਦਾ ਵੀ ਉਹਦੇ ਦਿਲ ਵਿਚ ਪੂਰਨ ਸਤਕਾਰ ਹੈ। ਫਿਰ ਵੀ ਰੋਗ ਕਿਉਂ ਨਹੀਂ ਮਿਟਿਆ ? ਸਹਿਜ ਸੁਖ ਦੀ ਪਰਾਪਤੀ ਕਿਉਂ ਨਹੀਂ ਹੋਈ ? ਕਿਉਂਕਿ ਦਵਾਈ ਗ਼ਲਤ ਸੀ, ਵੈਦ ਅਣਜਾਣ ਸੀ। ਉਹ ਰੋਗ ਦੀ ਪਛਾਣ ਹੀ ਨਹੀਂ ਕਰ ਸਕਿਆ। ਸੁਚੱਜੇ ਵੈਦ ਵਾਲੇ ਗੁਣ ਉਸ ਵਿਚ ਨਹੀਂ ਸਨ। ਦੂਸਰਿਆਂ ਦੀ ਰੀਸ ਵਜੋਂ, ਉਹ ਜ਼ਬਾਨ ਦੀ ਰੰਗਤ ਵੇਖਦਾ ਹੈ, ਅੱਖਾਂ ਵਿਚ ਤਕਦਾ ਹੈ, ਨਬਜ਼ ਵੇਖਣ ਦਾ ਸਾਂਗ ਵੀ ਭਰਦਾ ਹੈ, ਪਰ ਰੋਗ ਨਹੀਂ ਬੁਝ ਸਕਦਾ।

ਜਗਤ ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ :

"ਵੈਦੁ ਬੁਲਾਇਆ ਵੈਦਗੀ, ਪਕੜਿ ਢੰਢੋਲੇ ਬਾਂਹ।
ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ।"

ਭੋਲਾ, ਅਣਜਾਣ, ਅਗਿਆਨੀ ਵੈਦ ਨਹੀਂ ਜਾਣ ਸਕਿਆ, ਕਿ ਕਰਕ, ਪੀੜ, ਦਰਦ, ਦੁੱਖ ਕਲੇਜੇ ਵਿਚ ਹੈ। ਭਾਵ, ਰੋਗ ਸਰੀਰਕ ਨਹੀਂ, ਮਾਨਸਕ ਹੈ। ਸਰੀਰਕ ਰੋਗਾਂ ਦਾ ਵੈਦ, ਮਾਨਸਕ ਰੋਗ ਬਾਰੇ ਕਿਵੇਂ ਜਾਣ ਸਕਦਾ ਹੈ।

ਜੀਵਨ ਦੇ ਭਰਪੂਰ ਤਜਰਬੇ ਪਿੱਛੋਂ ਗੁਰੂ ਅੰਗਦ ਦੇਵ ਜੀ ਫ਼ੁਰਮਾਉਂਦੇ ਹਨ :

"ਵੈਦਾ, ਵੈਦੁ ਸੁਵੈਦੁ ਤੂ, ਪਹਿਲਾਂ ਰੋਗੁ ਪਛਾਣੁ।
ਐਸਾ ਦਾਰੂ ਲੋੜਿ ਲਹੁ, ਜਿਤੁ ਵੰਞੈ ਰੋਗਾ ਘਾਣਿ।"

ਹੇ ਵੈਦ! ਤੂੰ ਵੈਦਾਂ ਵਿਚੋਂ ਉੱਤਮ ਵੈਦ ਹੈਂ, ਪਰ ਜੇ ਪਹਿਲਾਂ ਰੋਗ ਦੀ ਪਛਾਣ ਕਰ ਲਵੇਂ। ਫਿਰ ਤੂੰ ਐਸਾ ਦਾਰੂ ਭਾਲ ਲਵੇਂ, ਜਿਸ ਨਾਲ ਸਾਰੇ ਰੋਗਾਂ ਦਾ ਨਾਸ ਹੋ ਜਾਵੇ।

ਪਰ ਜੇ ਵੈਦ ਸਦਾਉਣ ਵਾਲਾ ਆਪ ਹੀ ਰੋਗੀ ਹੋਵੇ ਤਾਂ! ਗੁਰਦੇਵ ਅੱਗੇ ਫ਼ੁਰਮਾਉਂਦੇ ਹਨ :

"ਜਿਤੁ ਦਾਰੂ ਰੋਗ ਉਠਿਅਹਿ, ਤਨਿ ਸੁਖੁ ਵਸੈ ਆਇ।
ਰੋਗੁ ਗਵਾਇਹਿ ਆਪਣਾ, ਤ ਨਾਨਕ ਵੈਦੁ ਸਦਾਇ।"

ਕੇਹੋ ਜੇਹਾ ਦਾਰੂ ? ਜਿਸ ਨਾਲ ਸਾਰੇ ਰੋਗ ਦੂਰ ਹੋ ਜਾਣ ਤੇ ਸਰੀਰ ਵਿਚ ਸੁਖ ਦਾ ਵਾਸਾ ਹੋ ਜਾਏ। ਪਰ ਸ਼ਰਤ ਹੈ, ਕਿ ਪਹਿਲਾਂ ਆਪਣਾ ਰੋਗ ਤਾਂ ਦੂਰ ਕਰ ਲਵੇ। ਆਪਣੇ ਅੰਦਰ ਅਗਿਆਨਤਾ ਹੈ, ਹਉਮੈਂ ਹੈ, ਈਰਖਾ ਹੈ, ਦਵੈਤ ਹੈ। ਇਹਨਾਂ ਸਾਰਿਆਂ ਰੋਗਾਂ ਤੋਂ ਆਪ ਮੁਕਤ ਹੋਵੈ, ਤਾਂ 'ਵੈਦ' ਅਖਵਾਉਣ ਦਾ ਹੱਕਦਾਰ ਹੈ।

ਏਥੇ ਵੈਦ ਹੀ ਅਗਿਆਨੀ ਹੈ, ਰੋਗੀ ਅਰੋਗ ਕਿਵੇਂ ਹੋਵੇ।

ਦੂਸਰੀ ਮਿਸਾਲ 'ਪ੍ਰੀਤਮ ਦੇ ਦੇਸ' ਪਹੁੰਚਣ ਦੀ। ਜਗਿਆਸੂ ਨੇ ਪੂਰੀ

ਸ਼ਰਧਾ ਨਾਲ ਘਾਲਣਾ ਘਾਲੀ ਹੈ, ਦੱਸੇ ਰਾਹ ਉਤੇ ਬੜੀ ਸ਼ਰਧਾ ਨਾਲ ਚੱਲਿਆ ਹੈ। ਪਰ ਫਿਰ ਵੀ 'ਪ੍ਰੀਤਮ ਦੇ ਦੇਸ' ਨਹੀਂ ਪਹੁੰਚ ਸੱਕਿਆ। ਕਿਉਂਕਿ ਰਸਤਾ ਹੀ ਗ਼ਲਤ ਸੀ। ਦੱਸਣ ਵਾਲੇ ਆਪ ਉਸ ਦੇਸ ਦੇ ਪਹੁੰਚੇ ਹੋਏ ਨਹੀਂ ਸਨ। ਉਹਨਾਂ ਸੁਣੀ ਸੁਣਾਈ ਦੇ ਆਧਾਰ 'ਤੇ ਰਸਤਾ ਦੱਸ ਦਿਤਾ। ਤੇ ਗ਼ਲਤ ਰਸਤੇ 'ਤੇ ਚੱਲਣ ਕਰਕੇ ਜਗਿਆਸੂ ਮਨਜ਼ਲ 'ਤੇ ਨਾ ਪਹੁੰਚ ਸੱਕਿਆ। ਉਸਦੀ ਘਾਲਣਾ ਅਕਾਰਥ ਗਈ।

ਪੁਰਾਤਨ ਰਿਸ਼ੀਆਂ ਨੇ ਦੱਸਿਆ, ਦੇਵੀ ਦੇਵਤਿਆਂ ਦੀ ਪੂਜਾ ਕਰਨ ਨਾਲ ਰੱਬ ਦੀ ਪਰਾਪਤੀ ਹੋ ਜਾਇਗੀ, ਮੁਕਤੀ ਮਿਲ ਜਾਇਗੀ। ਉਹਨਾਂ ਉਤੇ ਭਰੋਸਾ ਕਰਕੇ ਭਾਈ ਲਹਿਣਾ ਜੀ ਇਸ ਰਾਹ ਤੁਰ ਪਏ।

ਸ਼ਰਧਾ, ਭਗਤੀ ਭਾਵ, ਰੱਬ ਦੀ ਤਲਬ, ਭਾਈ ਲਹਿਣਾ ਜੀ ਨੂੰ ਵਿਰਸੇ ਵਿਚ ਮਿਲੀ ਸੀ। ਭਾਈ ਫੇਰੂ ਮੱਲ ਜੀ ਵੈਸ਼ਨੋ ਦੇਵੀ ਦੇ ਪੁਜਾਰੀ ਸਨ। ਕੋਈ ਪਵਿੱਤਰ ਅਸਥਾਨ ਜਿੰਨਾ ਦੂਰ ਹੋਵੇ, ਭਗਤ ਦੇ ਮਨ ਵਿਚ ਉਸ ਦੀ ਸ਼ਰਧਾ ਓਨੀ ਹੀ ਵਧੇਰੇ ਹੁੰਦੀ ਹੈ। ਭਾਈ ਫੇਰੂ ਜੀ ਹਰ ਸਾਲ ਪਹਾੜਾਂ ਵਿਚ ਸੰਗ (ਜਥਾ) ਲੈ ਕੇ ਵੈਸ਼ਨੋ ਦੇਵੀ ਦੇ ਦਰਸ਼ਨ ਵਾਸਤੇ ਜਾਇਆ ਕਰਦੇ ਸਨ। ਛੋਟੀ ਉਮਰ ਤੋਂ ਹੀ ਲਹਿਣਾ ਜੀ ਵੀ ਪਿਤਾ ਦੇ ਨਾਲ ਜਾਣ ਲੱਗ ਪਏ। ਹੱਥ ਵਿਚ ਝੰਡਾ ਤੇ ਛੜੀ ਲੈ ਕੇ ਭਾਈ ਫੇਰੂ ਮੱਲ ਜੀ ਕੁਛ ਸੰਗੀਆਂ ਸਣੇ ਘਰੋਂ ਤੁਰ ਪੈਂਦੇ। ਰਾਹ ਵਿਚ ਹੋਰ ਸੰਗੀ ਸਾਥੀ ਰਲਦੇ ਜਾਂਦੇ। ਮਨਜ਼ਲ 'ਤੇ ਪਹੁੰਚਦਿਆਂ ਤਕ ਚੰਗਾ ਜਥਾ ਬਣ ਜਾਂਦਾ। ਭਗਤ ਜਨ ਦੇਵੀ ਦੇ ਭਜਨ ਗਾਉਂਦੇ, ਦੇਵਤਿਆਂ ਦੀ ਉਸਤਤ ਕਰਦੇ ਤੇ ਪੰਡਤਾਂ ਤੋਂ ਸੁਣੇ ਵੇਦਾਂ ਦੇ ਮੰਤਰ ਪੜ੍ਹਦੇ, ਕਈ ਮਸਤੀ ਵਿਚ ਪੈਰਾਂ ਨਾਲ ਘੁੰਗਰੂ ਬੰਨ੍ਹ ਕੇ ਨੱਚਦੇ, ਤਾਲ ਵਜਾਉਂਦੇ ਮਨਜ਼ਲ 'ਤੇ ਪਹੁੰਚ ਜਾਂਦੇ।

ਜੰਮੂੰ ਤੋਂ ਅੱਗੇ ਵੀਹ-ਬਾਈ ਮੀਲ ਦੂਰ ਪਹਾੜ ਦੀ ਗੁਫ਼ਾ ਵਿਚ 'ਵੈਸ਼ਨੋ ਦੇਵੀ' ਦਾ ਮੰਦਰ ਹੈ। ਓਥੇ ਕਿਸੇ ਜੀਵ ਦੀ ਬਲੀ ਨਹੀਂ ਦਿੱਤੀ ਜਾਂਦੀ। ਸਗੋਂ ਫਲ ਤੇ ਅੰਨ ਤੋਂ ਬਣੇ ਪਦਾਰਥ ਹੀ ਪ੍ਰਸ਼ਾਦ ਵਜੋਂ ਚੜ੍ਹਾਏ

ਜਾਂਦੇ ਹਨ। ਇਸ ਲਈ ਉਪਾਸ਼ਕਾਂ ਵਾਸਤੇ ਵੀ ਮਾਸ ਖਾਣਾ ਅਪ੍ਰਾਧ ਮੰਨਿਆਂ ਜਾਂਦਾ ਹੈ। ਪੁਜਾਰੀ ਯਾਤਰੂ ਦੇ ਗਲ ਵਿਚ ਮੌਲੀ ਦੇ ਕੁਛ ਤੰਦ ਪਾ ਕੇ ਮੱਥ ਵਿਚ ਤਿਲਕ ਲਾ ਦੇਂਦਾ ਹੈ। ਇਉਂ ਯਾਤਰਾ ਕਰਕੇ ਸ਼ਰਧਾਲੂ ਵਾਪਸ ਪਰਤ ਆਉਂਦੇ ਹਨ।

ਭਾਈ ਫੇਰੂ ਮੱਲ ਜੀ ਹਰ ਸਾਲ ਸਣੇ ਪਰਵਾਰ ਇਸ ਸੰਗ ਦੇ ਆਗੂ ਬਣ ਕੇ ਵੈਸ਼ਨੋ ਦੇਵੀ ਜਾਂਦੇ। ਲਹਿਣਾ ਜੀ ਇਸ ਯਾਤਰਾ ਵਿਚ ਬੜੀ ਸ਼ਰਧਾ ਨਾਲ ਜਾਂਦੇ। ਉਹਨਾਂ ਦੀਆਂ ਧਾਰਮਕ ਰੁਚੀਆਂ ਵੇਖ ਕੇ ਸਾਥੀ ਸੰਗੀ ਬਹੁਤ ਪ੍ਰਭਾਵਤ ਹੁੰਦੇ। ਏਹਾ ਕਾਰਨ ਸੀ, ਕਿ ਭਾਈ ਫੇਰੂ ਮੱਲ ਦੇ ਸੁਰਗਵਾਸ ਹੋਣ ਉਤੇ ਸਾਰੇ ਦੇਵੀ ਭਗਤਾਂ ਨੇ ਬਾਈ ਸਾਲ ਦੇ ਨੌ-ਜਵਾਨ ਭਾਈ ਲਹਿਣਾ ਜੀ ਨੂੰ ਸੰਗ ਦਾ ਮੁਖੀ ਚੁਣ ਲਿਆ। ਫਿਰ ਆਪ ਕਈ ਸਾਲ ਸੰਗ ਦੇ ਮੁਖੀਆ ਬਣ ਕੇ ਦੇਵੀ ਦੇ ਦਰਸ਼ਨ ਨੂੰ ਜਾਂਦੇ ਰਹੇ।

ਪਰ ਰਸਤਾ ਗਲਤ ਸੀ, ਇਸ ਲਈ ਪੂਰੇ ਸਿਦਕ ਨਾਲ ਘਾਲਣਾ ਘਾਲਣ ਦੇ ਬਾਵਜੂਦ ਮਨਜ਼ਲ 'ਤੇ ਨਾ ਪਹੁੰਚ ਸਕੇ, ਮਨ ਦੀ ਮੁਰਾਦ ਪੂਰੀ ਨਾ ਹੋਈ, 'ਸਹਿਜ ਸੁਖ', 'ਅਨੰਤ ਸ਼ਾਂਤੀ' ਪਰਾਪਤ ਨਾ ਹੋਈ।

ਧਾਰਮਕ ਰੁਚੀਆਂ ਦੇ ਮਾਲਕ ਭਾਈ ਲਹਿਣਾ ਜੀ ਦਾ ਲੋਕ ਬੜਾ ਸਤਕਾਰ ਕਰਦੇ, ਭਗਤ ਜੀ ਕਹਿ ਕੇ ਪੁਕਾਰਦੇ। ਪਰ ਉਹਨਾਂ ਦੇ ਅੰਦਰ ਅਜੇ ਉਹ ਸ਼ਾਂਤੀ ਨਹੀਂ ਸੀ ਵਸੀ, ਜਿਸਦੀ ਉਹਨਾਂ ਨੂੰ ਤਲਾਸ਼ ਸੀ। ਓਹੀ ਸੰਸਾਰੀ ਭਟਕਣਾ, ਬੇਚੈਨੀ ਕਾਇਮ ਸੀ। ਉਹਨਾਂ ਨੂੰ ਤਾਂ ਉਸ 'ਦਾਰੂ' ਦੀ ਲੋੜ ਸੀ, ਜਿਸ ਦੀ ਪਰਾਪਤੀ ਪਿੱਛੋਂ ਉਹ ਕਹਿ ਸਕਣ, ਜਿਵੇਂ ਨੌਂਵੇਂ ਪਾਤਸ਼ਾਹ ਨੇ ਆਪਣੇ ਰੰਗ ਵਿਚ ਆ ਕੇ ਉਚਾਰਿਆ ਹੈ:

'ਮਾਈ, ਮੈ ਧਨੁ ਪਾਇਓ ਹਰਿਨਾਮੁ।
ਮਨੁ ਮੇਰੋ ਧਾਵਨ ਤੇ ਛੂਟਿਓ, ਕਰਿ ਬੈਠੋ ਬਿਸਰਾਮੁ।
ਮਾਇਆ, ਮਮਤਾ ਤਨ ਤੇ ਭਾਗੀ, ਉਪਜਿਓ ਨਿਰਮਲ ਗਿਆਨੁ
ਲੋਭ ਮੋਹ ਏਹ ਪਰਸਿ ਨ ਸਾਕੈ, ਗਹੀ ਭਗਤਿ ਭਗਵਾਨ।
ਜਨਮ ਜਨਮ ਕਾ ਸੰਸਾ ਚੂਕਾ, ਰਤਨੁ ਨਾਮੁ ਜਬ ਪਾਇਆ।

ਤ੍ਰਿਸਨਾ ਸਕਲ ਬਿਨਾਸੀ ਮਨ ਤੇ, ਨਿਜ ਸੁਖ ਮਾਹਿ ਸਮਾਇਆ ।

ਪਰ 'ਨਿਜ ਸੁਖ' 'ਸਹਿਜ ਸੁਖ' 'ਮਨ ਦੀ ਸ਼ਾਂਤੀ' ਇਹ ਤਾਂ ਪਰਾਪਤ ਹੋਏ ਨਹੀਂ । ਮਨ 'ਧਾਵਨ ਤੇ ਛੂਟਿਓ' ਨਹੀਂ । ਸਗੋਂ ਭਾਈ ਲਹਿਣਾ ਜੀ ਦੇ ਮਨ ਦੀ ਹਾਲਤ ਤਾਂ ਇਹ ਹੈ

"ਚੰਚਲੁ ਚੀਤੁ ਨ ਰਹਾਈ ਠਾਇ ।
ਚੋਰੀ ਮਿਰਗੁ ਅੰਗੂਰੀ ਖਾਇ ।"

ਇਹ ਚੰਚਲ ਮਨ ਤਾਂ ਇਕ ਥਾਂ ਟਿਕਦਾ ਨਹੀਂ । ਜਿਵੇਂ ਮਾਲਕ ਤੋਂ ਚੋਰੀ ਅਵਾਰਾ ਮਿਰਗ ਉਸਦੇ ਫ਼ਸਲ ਦੀ ਅੰਗੂਰੀ ਖਾ ਜਾਂਦਾ ਹੈ, ਹਾਲਤ ਤਾਂ ਉਹ ਹੈ ।

ਗੁਰੂ ਨਾਨਕ ਦੇਵ ਜੀ ਮਨ ਦੀ ਡਾਂਵਾ ਡੋਲ ਅਵਸਥਾ ਬਾਰੇ ਫ਼ੁਰਮਾਉਂਦੇ ਹਨ :

"ਕਬਹੂ ਜੀਅੜਾ ਊਭਿ ਚੜਤੁ ਹੈ, ਕਬਹੂ ਜਾਇ ਪਇਆਲੇ ।
ਲੋਭੀ ਜੀਅੜਾ ਥਿਰੁ ਨ ਰਹਤੁ ਹੈ, ਚਾਰੇ ਕੁੰਡਾ ਭਾਲੇ ।"

ਊਭਿ ਚੜਤੁ ਹੈ, ਉੱਚਾ ਉਠਦਾ ਹੈ, ਹੁਮਾ ਪੰਛੀ ਵਾਂਗ ਅਕਾਸ਼ ਵਿਚ ਡਾਰੀਆਂ ਲਾਉਂਦਾ ਹੈ, ਭਾਵ ਬਹੁਤ ਉੱਤਮ ਕਰਮ ਕਰਨ ਦੀ ਪ੍ਰੇਰਨਾ ਦੇਂਦਾ ਹੈ । ਤੇ ਕਬਹੂ ਜਾਇ ਪਇਆਲੇ, ਕਦੇ ਨੀਂਵਾਂ ਪਾਤਾਲ ਵਿਚ ਨਿਘਰ ਜਾਂਦਾ ਹੈ, ਮੰਦੇ ਕਰਮਾਂ ਕਰਕੇ ਨਰਕਾਂ ਦਾ ਭਾਗੀ ਬਣ ਜਾਂਦਾ ਹੈ । ਇਹ ਲੋਭੀ ਮਨ ਇਕ ਥਾਂ ਨਹੀਂ ਟਿਕਦਾ, ਸਗੋਂ ਚਾਰੇ ਪਾਸੇ ਭਟਕਦਾ ਫਿਰਦਾ ਹੈ

ਇਹ ਸਾਰਾ ਪੁਆੜਾ ਹੀ ਤਾਂ ਮਨ ਦਾ ਹੈ । ਤੀਸਰੇ ਪਾਤਸ਼ਾਹ ਫ਼ੁਰਮਾਉਂਦੇ ਹਨ

"ਮਨ ਹੀ ਨਾਲਿ ਝਗੜਾ,
ਮਨ ਹੀ ਨਾਲਿ ਸਾਥ, ਮਨ ਹੀ ਮੰਝਿ ਸਮਾਇ ।
ਮਨੁ ਜੋ ਇਛੇ, ਸੋ ਲਹੈ, ਸਚੈ ਸਬਦਿ ਸੁਭਾਇ ॥"

ਕਈ ਵਾਰ ਜਗਿਆਸੂ ਮਨ ਨਾਲ ਝਗੜਾ ਕਰਦਾ ਕਰਦਾ ਥੱਕ ਵੀ ਜਾਂਦਾ ਹੈ । ਅੰਤ ਆਪਣੀ ਬੇਵਸੀ ਪਰਗਟ ਕਰਦਾ ਹੋਇਆ ਪ੍ਰਭੂ ਅੱਗੇ

ਤਰਲਾ ਲੈਂਦਾ ਕਹਿੰਦਾ ਹੈ :

"ਮਾਈ, ਮਨੁ ਮੇਰੋ ਬਸਿ ਨਾਹਿ ।
ਨਿਸਿ ਬਾਸੁਰ ਬਿਖਿਆਨ ਕਉ ਧਾਵਤ,
ਕਿਹਿ ਬਿਧਿ ਰੋਕਉ ਤਾਹਿ ।"

ਨਿਸਿ-ਰਾਤ, ਬਾਸੁਰ-ਦਿਨ । ਰਾਤ ਦਿਨੇ ਵਿਸ਼ੇ ਵਿਕਾਰਾਂ ਵੱਲ ਦੌੜਦਾ ਫਿਰਦਾ ਹੈ ਇਹ ਮਨ । ਹੇ ਭਲੇ ਪੁਰਸ਼ੋ ! ਦੱਸੋ, ਮੈਂ ਇਹਨੂੰ ਕਿਵੇਂ ਰੋਕਾਂ, ਕਿਵੇਂ ਵੱਸ ਵਿਚ ਕਰਾਂ ।

ਦਿਆਲੂ ਈਸ਼ਵਰ ਦੀ ਕਿਰਪਾ ਨਾਲ ਕਈ ਵਾਰ ਸੁਤੇ ਹੀ ਭਾਗ ਜਾਗ ਪੈਂਦਾ ਹੈ. ਬੰਦ ਬੂਹਿਆਂ ਅੰਦਰ ਵੀ ਕਿਸੇ ਝੀਤ ਰਾਹੀਂ ਗਿਆਨਮਈ ਸੂਰਜ ਦੀ ਕਿਰਣ ਸਾਡੇ ਤਕ ਪਹੁੰਚ ਪੈਂਦੀ ਹੈ. ਸਾਡਾ ਅੰਦਰ ਬਾਹਰ ਰੋਸ਼ਨ ਹੋ ਜਾਂਦਾ ਹੈ । ਏਸੇ ਤਰ੍ਹਾਂ ਭਾਈ ਲਹਿਣਾ ਜੀ ਦੇ ਭਾਗ ਵੀ ਗੁਰੂ ਕਿਰਪਾ ਨਾਲ ਜਾਗ ਪਏ ।

ਭਾਈ ਲਹਿਣਾ ਜੀ ਦੇ ਗਵਾਂਢ ਹੀ ਗੁਰੂ ਨਾਨਕ ਮਹਾਰਾਜ ਦਾ ਸਿੱਖ ਭਾਈ ਜੋਧਾ ਰਹਿੰਦਾ ਸੀ । ਅੰਮ੍ਰਿਤ ਵੇਲੇ ਉਠ ਕੇ ਉਹ ਗੁਰਦੇਵ ਦੀ ਬਾਣੀ ਬੜੇ ਪ੍ਰੇਮ ਨਾਲ ਪੜ੍ਹਿਆ ਕਰਦਾ । ਲਹਿਣਾ ਜੀ ਦੇ ਕੰਨਾਂ ਵਿਚ ਅੰਮ੍ਰਿਤ ਮਈ ਬਾਣੀ ਦੀ ਧੁਨ ਪਹੁੰਚੀ. ਮਨ ਮੋਹਿਆ ਗਿਆ । ਭਾਈ ਜੋਧਾ ਜੀ ਦੇ ਜਾਗਰਣ ਤੋਂ ਪਹਿਲਾਂ ਹੀ ਭਾਈ ਲਹਿਣਾ ਜੀ ਜਾਗ ਪੈਂਦੇ । ਉਹਨਾਂ ਦੇ ਕੰਨ ਓਸੇ ਪਾਸੇ ਲਗ ਜਾਂਦੇ ਤੇ ਉਹ ਬੜੀ ਉਤਸੁਕਤਾ ਨਾਲ ਜੋਧਾ ਜੀ ਦੀ ਵਾਜ ਦੀ ਉਡੀਕ ਕਰਨ ਲੱਗ ਪੈਂਦੇ । ਗੁਰਬਾਣੀ ਦੀ ਮਿੱਠੀ ਸੁਰ ਕੰਨਾਂ ਵਿਚ ਪੈਂਦੀ, ਮਨ ਤਨ ਸ਼ਾਂਤ ਹੋ ਜਾਂਦਾ । ਉਹ ਇਉਂ ਮਹਿਸੂਸ ਕਰਦੇ, ਜਿਵੇਂ ਚਾਤ੍ਰਿਕ ਨੂੰ ਸਵਾਂਤੀ ਬੂੰਦ ਮਿਲ ਜਾਂਦੀ ਹੈ ।

ਭਾਈ ਜੋਧਾ ਜੀ ਮਿੱਠੀ ਸੁਰ ਨਾਲ ਗਾਉਂਦੇ :

"ਜਿਤੁ ਸੇਵਿਐ ਸੁਖੁ ਪਾਈਐ, ਸੋ ਸਾਹਿਬੁ ਸਦਾ ਸਮ੍ਹਾਲੀਐ ।
ਜਿਤੁ ਕੀਤਾ ਪਾਈਐ ਆਪਣਾ, ਸਾਘਾਲ ਬੁਰੀ ਕਿਉ ਘਾਲੀਐ ।
ਮੰਦਾ ਮੂਲਿ ਨ ਕੀਚਈ, ਦੇ ਲੰਮੀ ਨਦਰਿ ਨਿਹਾਲੀਐ ।

ਜਿਉ ਸਾਹਿਬ ਨਾਲਿ ਨ ਹਾਰੀਐ, ਤੇਵੇਹਾ ਪਾਸਾ ਢਾਲੀਐ।
ਕਿਛੁ ਲਾਹੇ ਉਪਰਿ ਘਾਲੀਐ।"

ਕਈ ਦਿਨ ਭਾਈ ਲਹਿਣਾ ਜੀ ਦੇ ਅੰਦਰ ਧੁਨ ਗੂੰਜਦੀ ਰਹੀ "ਸੋ ਸਾਹਿਬੁ ਸਦਾ ਸਮ੍ਹਾਲੀਐ।" ਉਸ ਸਾਹਿਬ ਦੀ ਭਾਲ ਕਰਨੀ ਚਾਹੀਦੀ ਹੈ, ਜਿਸ ਦੀ ਅਰਾਧਨਾ ਕਰਨ ਨਾਲ ਸੁਖ, ਸਹਿਜ ਦੁਖ ਦੀ ਪਰਾਪਤੀ ਹੋ ਸੱਕੇ।

ਅੰਮ੍ਰਿਤ ਵੇਲੇ ਭਾਈ ਜੋਧਾ ਜੀ ਗਾ ਰਹੇ ਸਨ :

"ਆਪੇ ਨੇੜੈ, ਆਪੇ ਦੂਰਿ।
ਆਪੇ ਸਰਬ ਰਹਿਆ ਭਰਪੂਰਿ।
ਸਤਗੁਰੁ ਮਿਲੈ, ਅੰਧੇਰਾ ਜਾਇ।
ਜਹ ਦੇਖਾ, ਤਹਿ ਰਹਿਆ ਸਮਾਇ।"

ਸੁਣਿਆਂ, ਮਨ ਤ੍ਰਿਪਤਿਆ, ਪਰ ਜਗਿਆਸਾ ਹੋਰ ਵੱਧ ਗਈ। ਸੁੱਤੇ ਜਾਗਦੇ ਭਾਈ ਲਹਿਣਾ ਜੀ ਇਕੋ ਵਾਕ ਦੁਹਰਾਉਂਦੇ ਰਹਿੰਦੇ :

"ਸਤਗੁਰੁ ਮਿਲੈ, ਅੰਧੇਰਾ ਜਾਇ।"

ਮਿਲ ਪਵੇ ਉਹ ਪੂਰਾ ਗੁਰੂ, ਜਿਸ ਦੇ ਮਿਲਾਪ ਨਾਲ ਅਗਿਆਨਤਾ ਦਾ ਹਨੇਰਾ ਦੂਰ ਹੋ ਜਾਏ, ਤੇ ਸਰਬ ਵਿਆਪੀ ਪ੍ਰਭੂ ਹਰ ਥਾਂ ਨਜ਼ਰ ਆ ਜਾਏ।

ਇਕ ਦਿਨ ਫਿਰ ਵਾਜ ਕੰਨੀ ਪਈ :

"ਗੁਰ ਪੂਰੇ ਵਿਣੁ ਮੁਕਤਿ ਨ ਹੋਈ,
ਸਚੁ ਨਾਮੁ ਜਪਿ ਲਾਹਾ ਹੇ।"

ਠੀਕ ਹੈ, ਪੂਰੇ ਗੁਰੂ ਬਿਨਾਂ ਮੁਕਤੀ ਦੀ ਪਰਾਪਤੀ ਨਹੀਂ ਹੋ ਸਕਦੀ। ਪੂਰਾ ਗੁਰੂ ਭਾਲਣਾ ਪਵੇਗਾ। ਉਸ ਪੂਰੇ ਗੁਰੂ ਦਾ ਪਤਾ ਵੀ ਓਸੇ ਕੋਲੋਂ ਮਿਲੇਗਾ, ਜੋ ਉਸਦਾ ਸੁਨੇਹਾ ਦੇ ਰਿਹਾ ਹੈ। ਭਾਈ ਲਹਿਣਾ ਜੀ, ਭਾਈ ਜੋਧਾ ਜੀ ਦੇ ਘਰ ਜਾ ਪਹੁੰਚੇ।

ਸਾਰੇ ਖਡੂਰ ਵਿਚ ਭਾਈ ਲਹਿਣਾ ਜੀ ਦਾ ਲੋਕ ਬੜਾ ਮਾਣ ਕਰਦੇ

ਸਨ। ਭਾਈ ਜੋਧਾ ਨੇ ਆਪ ਨੂੰ ਬੜੇ ਮਾਣ ਆਦਰ ਸਤਕਾਰ ਨਾਲ ਬਿਠਾਇਆ।

ਭਾਈ ਲਹਿਣਾ ਜੀ ਸੱਚੇ ਜਗਿਆਸੂ ਵਾਂਗ ਬੜੀ ਨਮਰਤਾ ਨਾਲ ਬੋਲੇ, "ਭਾਈ ਜੋਧਾ ਜੀ! ਦੇਵੀ ਪੂਜਦਿਆਂ ਉਮਰ ਦਾ ਬਹੁਤ ਹਿਸਾ ਬੀਤ ਗਿਆ ਹੈ, ਪਰ ਮਨ ਸ਼ਾਂਤ ਨਹੀਂ ਹੋਇਆ, ਸਹਿਜ ਸੁਖ ਪਰਾਪਤ ਨਹੀਂ ਹੋਇਆ, ਰੋਗ ਮਿਟਿਆ ਨਹੀਂ। ਆਤਮਾ ਕਹਿੰਦੀ ਹੈ, ਜਿਸ ਵੈਦ ਕੋਲ ਮੇਰੇ ਦੁੱਖ ਦਾ ਦਾਰੂ ਹੈ, ਉਸਦਾ ਪਤਾ ਤੁਹਾਨੂੰ ਹੈ, ਜਿਸ ਦੀ ਬਾਣੀ ਆਪ ਰੋਜ਼ ਪੜ੍ਹਦੇ ਹੋ। ਜਿਸ ਗੁਰੂ ਦੇ ਮਿਲਿਆਂ ਅੰਦਰ ਦਾ ਹਨੇਰਾ ਦੂਰ ਹੋ ਜਾਏ। ਆਪ ਜੀ ਦੇ ਮੂੰਹੋਂ ਇਹ ਪਵਿੱਤਰ ਬਾਣੀ ਸੁਣ ਕੇ ਆਤਮਾ ਸ਼ਾਂਤ ਹੁੰਦੀ ਹੈ, ਤਪਦੇ ਮਨ ਨੂੰ ਠੰਢ ਪੈਂਦੀ ਹੈ। ਕਿਰਪਾ ਕਰ ਕੇ ਦੱਸੋ, ਇਹ ਕਿਸ ਦੀ ਬਾਣੀ ਹੈ, ਤੇ ਉਹ ਗੁਰੂ ਕਿੱਥੇ ਰਹਿੰਦਾ ਹੈ।"

ਭਾਈ ਜੋਧਾ ਜੀ ਨੇ ਓਸੇ ਤਰ੍ਹਾਂ ਸ਼ਰਧਾ ਨਾਲ ਉਤਰ ਦਿਤਾ, "ਭਗਤ ਜੀ! ਇਹ ਬਾਣੀ ਨਿਰੰਕਾਰੀ ਗੁਰੂ ਨਾਨਕ ਦੇਵ ਜੀ ਦੀ ਹੈ, ਜੋ ਸਾਨੂੰ ਕਲਜੁਗੀ ਜੀਵਾਂ ਨੂੰ ਤਾਰਨ ਵਾਸਤੇ ਅਕਾਲ ਪੁਰਖ ਦੇ ਭੇਜੇ ਸੰਸਾਰ 'ਵਿਚ ਆਏ ਹਨ। ਉਹਨਾਂ ਦਾ ਸਿਧਾਂਤ ਹੈ, ਇਕ ਨਿਰੰਕਾਰ ਦੀ ਅਰਾਧਨਾ ਹੀ ਵਿਛੋੜੇ ਜੀਵ ਨੂੰ ਪ੍ਰਭੂ ਨਾਲ ਮਿਲਾ ਸਕਦੀ ਹੈ। ਮਹਾਰਾਜ ਇਸ ਸਮੇਂ ਰਾਵੀ ਦੇ ਕੰਢੇ ਕਰਤਾਰ ਪੁਰ ਵਿਚ ਨਿਵਾਸ ਰਖਦੇ ਹਨ।"

ਸ਼ਰਧਾ ਨਾਲ ਥੋੜਾ ਜਿਹਾ ਸਿਰ ਹਿਲਾ ਕੇ ਭਾਈ ਲਹਿਣਾ ਜੀ ਨੇ ਫਿਰ ਬੇਨਤੀ ਕੀਤੀ, "ਭਾਈ ਜੋਧਾ ਜੀ! ਆਗਿਆ ਬਖਸ਼ੋ ਤਾਂ ਮੈਂ ਰੋਜ਼ ਅੰਮ੍ਰਿਤ ਵੇਲੇ ਆ ਜਾਇਆ ਕਰਾਂ? ਤੁਹਾਡੇ ਮੂੰਹੋਂ ਬਾਣੀ ਸੁਣ ਕੇ ਮਨ ਬੜਾ ਸ਼ਾਂਤ ਹੁੰਦਾ ਹੈ।"

"ਹਾਂ, ਭਗਤ ਜੀ, ਜ਼ਰੂਰ ਦਰਸ਼ਨ ਦਿਆ ਕਰੋ। ਤੁਹਾਡੇ ਵਰਗੇ ਮਹਾਂਪੁਰਸ਼ਾਂ ਦੀ ਸੰਗਤ ਦਾ ਲਾਭ ਹੀ ਲਾਭ ਹੈ।" ਭਾਈ ਜੋਧਾ ਨੇ ਬੜੀ ਪਰਸੰਨਤਾ ਨਾਲ ਕਿਹਾ।

ਘੜੀਆਂ ਬੱਧੀ ਭਾਈ ਜੋਧਾ ਜੀ ਬਾਣੀ ਪੜ੍ਹਦੇ ਰਹਿੰਦੇ ਤੇ ਭਾਈ

ਲਹਿਣਾ ਜੀ ਸੁਣਦੇ ਰਹਿੰਦੇ। ਇਕ ਦਿਨ ਉਹਨਾਂ ਬੜੀ ਸ਼ਰਧਾ ਨਾਲ ਕਿਹਾ "ਭਾਈ ਜੋਧਾ ਜੀ ! ਤੁਹਾਡਾ ਗੁਣ-ਉਪਕਾਰ ਮੈਂ ਕਿਨ੍ਹਾਂ ਸ਼ਬਦਾਂ ਰਾਹੀਂ ਗਾਂਵਾ ਇਹ ਬਾਣੀ ਸੁਣਨ ਨਾਲ ਸਾਡੀ ਕਾਇਆਂ ਪਲਟ ਗਈ ਹੈ। ਅੱਗੇ ਜੋ ਵੀ ਸਾਧੂ ਸੰਤ ਮਿਲਿਆ, ਸੱਚੀ ਸ਼ਰਧਾ ਨਾਲ ਉਸਨੂੰ ਗੁਰੂ ਮੰਨ ਕੇ ਉਸਦੀ ਪੂਜਾ ਕੀਤੀ, ਪਰ ਅੰਦਰ ਦੀ ਭੁੱਖ ਮਿਟੀ ਨਹੀਂ। ਤੁਹਾਡਾ ਕਥਨ ਠੀਕ ਹੈ, 'ਗੁਰ ਪੂਰੇ ਵਿਣੁ ਮੁਕਤਿ ਨ ਹੋਈ।' ਗੁਰੂ ਪਿਆਰੇ ਭਾਈ ਸਾਹਿਬ ਜੀ, ਹੁਣ ਰਿਹਾ ਨਹੀਂ ਜਾਂਦਾ। ਉਸ ਪੂਰੇ ਗੁਰੂ ਦੇ ਦਰਸ਼ਨਾਂ ਬਿਨਾਂ ਰਹਿਣਾ ਔਖਾ ਹੋ ਗਿਆ ਹੈ। ਵੇਖੋ, ਪ੍ਰਭੂ ਉਸ ਪੂਰੇ ਗੁਰੂ ਦੇ ਦੀਦਾਰ ਦਾ ਸੰਜੋਗ ਕਦੋਂ ਬਖਸ਼ਦਾ ਹੈ।"

ਭਾਈ ਲਹਿਣਾ ਜੀ ਹੁਣ ਵੀ ਆਏ ਸਾਧੂ-ਸੰਤ ਦੀ ਸੇਵਾ ਬੜੀ ਸ਼ਰਧਾ ਨਾਲ ਕਰਦੇ, ਪਰ ਉਹਨਾਂ ਦੇ ਸਵਾਲਾਂ ਦਾ ਸਹੀ ਉੱਤਰ ਕੋਈ ਨਾ ਦੇ ਸਕਦਾ। ਸਹਿਜ ਸੁਖ, ਮੁਕਤੀ, ਈਸ਼ਵਰ ਦਾ ਮਿਲਾਪ, ਕਿਵੇਂ ਪਰਾਪਤ ਹੋਵੇ। ਇਹ ਹਨ ਜਗਿਆਸੂ ਦੇ ਸਵਾਲ। ਤੇ ਉਤਰ ਓਹੀ ਪੁਰਾਣੇ। ਦੇਵੀ ਦੇਵਤਿਆਂ ਦੀ ਪੂਜਾ ਕਰੋ, ਆਏ ਗਏ ਸਾਧੂ ਸੰਤ ਦੀ ਸੇਵਾ ਕਰੋ, ਤੀਰਥਾਂ ਉਤੇ ਇਸ਼ਨਾਨ ਕਰੋ, ਪੂਜਾ, ਪਾਠ, ਜੱਗ, ਹੋਮ, ਮਾਲਾ, ਸੰਧਿਆ, ਸਵੇਰ, ਕਿੰਨੇ ਦੇਵਤੇ, ਕਿੰਨਿਆਂ ਦੀ ਪੂਜਾ ? ਮਨ ਹੁਣ ਪਰਚਦਾ ਨਹੀਂ। ਪੁਛਣ ਵਾਲਾ ਜਗਿਆਸੂ ਹੈ, ਪਰ ਦੱਸਣ ਵਾਲੇ ਅਣਜਾਣ, ਜਾਂ ਫਰੇਬੀ। ਉਹ ਉਸ ਗੱਲ ਦਾ ਉਪਦੇਸ਼ ਕਰਦੇ ਹਨ, ਜਿਸਦਾ ਉਹਨਾਂ ਨੂੰ ਆਪ ਗਿਆਨ ਨਹੀਂ।

ਹਿੰਦੀ ਦਾ ਇਕ ਮਹਾਨ ਕਵੀ ਆਪਣੇ ਵਿਚਾਰ ਇਉਂ ਪੇਸ਼ ਕਰਦਾ ਹੈ,

"ਰਹਿਮਨ ਬਾਤ ਅਗੰਮ ਕੀ, ਕਹਿਨ ਸੁਨਨ ਕੀ ਨਾਹਿ।
ਜੋ ਜਾਨਤ ਸੋ ਕਹਿਤ ਨਹਿ, ਕਹਿਤ ਸੋ ਜਾਨਤ ਨਾਹਿ।"

ਜਿਹੜੇ ਉਸ ਨੂੰ ਜਾਣ ਲੈਂਦੇ ਹਨ, ਉਹ ਮੂੰਹੋਂ ਨਹੀਂ ਕਹਿੰਦੇ, ਗਲੀ ਬਜ਼ਾਰ ਢੰਡੋਰਾ ਨਹੀਂ ਪਿੱਟਦੇ, ਤੇ ਜੋ ਕਹਿੰਦੇ ਫਿਰਦੇ ਨੇ ਉਹ

ਜਾਣਦੇ ਨਹੀਂ ।

ਭਾਈ ਗੁਰਦਾਸ ਜੀ ਇਕ ਥਾਂ ਬੜਾ ਸੁੰਦਰ ਪਰਮਾਣ ਦੇਂਦੇ ਹਨ :

"ਜੈਸੇ ਰੂਪ ਰੰਗ ਬਿਧਿ ਪੂਛੈ ਅੰਧ ਅੰਧ ਪ੍ਰਤਿ,
ਆਪ ਹੀ ਨ ਦੇਖੇ, ਤਾਂਹਿ ਕੈਸੇ ਕ ਦਿਖਾਵਈ ।"

ਕੋਈ ਅੰਨ੍ਹਾ ਪੁਰਸ਼ ਕਿਸੇ ਦੂਸਰੇ ਨੇਤਰਹੀਣ ਪਾਸੋਂ ਆਪਣੇ ਪਿਆਰੇ ਦੇ ਰੰਗ ਰੂਪ ਬਾਰੇ ਪੁਛਦਾ ਹੈ । ਦੂਸਰਾ ਆਪ ਹੀ ਵੇਖਣ ਦੇ ਸਮਰੱਥ ਨਹੀਂ, ਤਾਂ ਪੁਛਣ ਵਾਲੇ ਨੂੰ ਕੀ ਦੱਸੇਗਾ ।

"ਜੈਸੇ ਰਾਗ ਨਾਦ ਪੂਛੈ ਬਹਿਰੋ ਜੋ ਬਹਿਰਾ ਪੈ,
ਸਮਝੈ ਨ ਆਪ, ਤਾਂਹਿ ਕੈਸੇ ਸਮਝਾਵਈ ।"

ਬੋਲਾ ਪੁਰਸ਼ ਦੂਸਰੇ ਬੋਲੇ ਕੋਲੋਂ ਪੁਛਦਾ ਹੈ, ਕਿ ਸਾਜ਼ ਕੇਹੋ ਜੇਹੇ ਵੱਜ ਰਹੇ ਹਨ, ਤੇ ਗਾਉਣ ਵਾਲੇ ਕਿਹੜਾ ਰਾਗ ਗਾ ਰਹੇ ਹਨ, ਤਾਂ ਬੋਲਾ ਅੱਗੋਂ ਕੀ ਜਵਾਬ ਦੇ ਸਕਦਾ ਹੈ । ਜਿਹੜਾ ਆਪ ਹੀ ਸੁਣ ਸਮਝ ਨਹੀਂ ਸਕਦਾ, ਉਹ ਦੂਸਰੇ ਨੂੰ ਕੀ ਸਮਝਾ ਸਕਦਾ ਹੈ ।

"ਜੈਸੇ ਗੁੰਗ ਗੁੰਗ ਪਹਿ ਬਚਨ ਬਿਬੇਕ ਪੂਛੈ,
ਬੋਲ ਨ ਸਕਤ, ਕੈਸੇ ਸਬਦ ਸੁਨਾਵਈ ।"

ਗੁੰਗਾ ਆਦਮੀ ਸੁਣ ਤਾਂ ਸਕਦਾ ਹੈ, ਪਰ ਬੋਲ ਨਹੀਂ ਸਕਦਾ । ਉਹ ਕੋਲ ਖਲੇ ਤੋਂ ਇਸ਼ਾਰੇ ਨਾਲ ਸੁਣੇ ਬਚਨ ਦਾ ਬਿਬੇਕ, ਅਰਥ ਪੁਛਦਾ ਹੈ । ਪਰ ਦੂਸਰਾ ਵੀ ਗੁੰਗਾ ਹੈ । ਉਹ ਵੀ ਬੋਲ ਨਹੀਂ ਸਕਦਾ, ਤਾਂ ਪੁਛਣ ਵਾਲੇ ਨੂੰ ਅਰਥ ਕਿਵੇਂ ਸਮਝਾਵੇਗਾ ।

ਆਖ਼ਰੀ ਪੰਗਤੀ ਵਿਚ ਭਾਈ ਸਾਹਿਬ ਸਿੱਟਾ ਕਢਦੇ ਹਨ :

"ਬਿਨ ਸਤਿਗੁਰ ਖੋਜੇ ਬ੍ਰਹਮ ਗਿਆਨ ਧਿਆਨ ਜੋ ਪੈ,
ਅਨਥਾ ਅਗਯਾਨ ਮਤਿ ਆਨ ਪੈ ਨ ਪਾਵਈ ।"

ਏਸੇ ਤਰ੍ਹਾਂ ਜੇ ਕੋਈ ਪੂਰੇ ਗੁਰੂ ਬਿਨਾਂ ਹੋਰਨਾਂ ਭੇਖਧਾਰੀਆਂ ਪਾਸੋਂ ਬ੍ਰਹਮ, ਈਸ਼ਵਰ ਦਾ ਗਿਆਨ ਪਰਾਪਤ ਕਰਨਾ ਚਾਹੇ, ਤਾਂ ਉਹ ਆਪਣੀ ਅਗਿਆਨਤਾ ਕਾਰਨ ਹੋਰ ਅਗਿਆਨੀਆਂ ਪਾਸੋਂ ਗਿਆਨ ਪਰਾਪਤ ਨਹੀਂ

ਕਰ ਸਕੇਗਾ ।

ਇਕ ਥਾਂ ਹੋਰ ਭਾਈ ਗੁਰਦਾਸ ਜੀ ਫ਼ੁਰਮਾਉਂਦੇ ਹਨ, ਜੇ ਕਿਸੇ ਨੂੰ ਚੰਗਿਆਂ ਭਾਗਾਂ ਕਰ ਕੇ ਸੱਚੇ ਗੁਰੂ ਦੀ ਤਾਂਘ ਲਗ ਜਾਏ, ਅੰਤਰ ਆਤਮੇ ਸੱਚੇ ਗੁਰੂ ਦੇ ਪਿਆਰ ਦੀ ਭੁੱਖ ਜਾਗ ਪਏ, ਤਾਂ ਕੋਈ ਵੀ ਭੇਖਧਾਰੀ ਉਹਦੀ ਭੁੱਖ ਮਿਟਾ ਨਹੀਂ ਸਕਦਾ ।

"ਆਂਬ ਕੀ ਸਧਰ ਕਤ ਮਿਟਤ ਆਂਬਲੀ ਖਾਏ,
ਪਿਤਾ ਕੋ ਪਿਆਰ ਨਾ ਪਿਰੰਸੀ ਪਹਿ ਪਾਈਐ ।"

ਅੰਬ ਦੀ ਸਧਰ ਇੰਬਲੀ ਖਾਧਿਆਂ ਪੂਰੀ ਨਹੀਂ ਹੁੰਦੀ । ਗਵਾਂਢੀ ਕਿੰਨਾ ਵੀ ਚੰਗੇ ਸੁਭਾਉ ਦਾ ਹਵੇ, ਉਸ ਤੋਂ ਪਿਤਾ ਵਰਗਾ ਪਿਆਰ ਨਹੀਂ ਮਿਲ ਸਕਦਾ ।

"ਸਾਗਰ ਕੀ ਨਿਧਿ ਕਤ ਪਾਈਅਤਿ ਪੋਖਰ ਸੈ,
ਦਿਨ ਕਰ ਸਰ ਦੀਪ ਜੋਤਿ ਨ ਪੁਜਾਈਐ ।"

ਸਮੁੰਦਰ ਵਿਚ ਜਿੱਥੇ ਹੀਰ ਮੋਤੀ, ਰਤਨ, ਜਵਾਹਰ, ਭਰਪੂਰ ਖ਼ਜ਼ਾਨੇ ਭਰੇ ਪਏ ਹਨ, ਉਹੋ ਜੇਹੇ ਖ਼ਜ਼ਾਨੇ ਛੱਪੜ ਵਿਚੋਂ ਕਿੱਥੋਂ ਮਿਲ ਜਾਣਗੇ ।

ਦਿਨ ਕਰ, ਸੂਰਜ, ਜਿਸ ਦੇ ਉਦੇ ਹੋਣ ਨਾਲ ਦਿਨ ਹੋ ਜਾਂਦਾ ਹੈ । ਦੀਵੇ ਦੀ ਜੋਤ ਸੂਰਜ ਦੇ ਬਰਾਬਰ ਕਿਵੇਂ ਪੁੱਜ ਸਕਦੀ ਹੈ ।

"ਇੰਦ੍ਰ ਬਰਖਾ ਸਮਾਨ ਪੁਜਸਿ ਨ ਕੂਪ ਜਲ,
ਚੰਦਨ ਸੁਬਾਸ ਨ ਪਲਾਸ ਮਹਿਕਾਈਐ ।"

ਕੂਪ, ਭਾਵ ਖੂਹ ਦਾ ਪਾਣੀ ਬੱਦਲਾਂ ਦੀ ਬਾਰਸ਼ ਦੇ ਬਰਾਬਰ ਨਹੀਂ ਪੁੱਜ ਸਕਦਾ । ਜੇਹੋ ਜੇਹੀ ਖ਼ੁਸ਼ਬੂ ਚੰਦਨ ਵਿਚੋਂ ਆਉਂਦੀ ਹੈ, ਉਜੇਹੀ ਮਹਿਕ ਢਿੱਕਰੇ (ਪਲਾਸ) ਵਿਚੋਂ ਨਹੀਂ ਆ ਸਕਦੀ ।

ਏਹੀ ਪਰਮਾਣ ਭਾਈ ਸਾਹਿਬ ਛੱਤੀਵੀਂ ਵਾਰ ਵਿਚ ਵੀ ਦੇਂਦੇ ਹਨ :

"ਚਾਨਣਿ ਚੰਦ ਨ ਪੁਜਈ, ਚਮਕੇ ਟਾਨਾਣਾ ।
ਸਾਇਰ ਬੂੰਦ ਬਰਾਬਰੀ, ਕਿਉ ਆਖਿ ਵਖਾਣਾ ।

ਕੀੜੀ ਇਭ ਨ ਅਪੜੇ ਕੂੜਾ ਤਿਸ ਮਾਣਾ।"

ਟਟਾਹਣੇ ਦਾ ਚੰਦ ਦੇ ਚਾਨਣ ਨਾਲ ਕੀ ਮੁਕਾਬਲਾ। ਸਮੁੰਦਰ ਤੇ ਬੂੰਦ ਦੀ ਕੀ ਬਰਾਬਰੀ। ਏਸੇ ਤਰ੍ਹਾਂ ਕੀੜੀ ਭਾਵੇਂ ਕਿੰਨਾ ਝੂਠਾ ਮਾਣ ਪਈ ਕਰੇ, ਉਹ ਇਭ, ਭਾਵ ਹਾਥੀ ਦੇ ਬਰਾਬਰ ਨਹੀਂ ਪੁੱਜ ਸਕਦੀ।

ਏਥੇ ਵਿਆਖਿਆ ਸਮਰੱਥ ਤੇ ਅਸਮਰੱਥ ਦੀ ਹੈ। ਕਬਿੱਤ ਦੀ ਚੌਥੀ ਪੰਗਤੀ ਵਿਚ ਭਾਈ ਸਾਹਿਬ ਸਿੱਟਾ ਪੇਸ਼ ਕਰਦੇ ਹਨ :

"ਸ੍ਰੀ ਗੁਰੂ ਦਯਾਲ ਸੀ ਦਯਾ ਨ ਆਨ ਦੇਵ ਮੈ, ਜੌ
ਖੰਡ, ਬ੍ਰਹਮੰਡ ਉਦੇ ਅਸਤ ਲੌ ਧਾਈਐ।"

ਭਾਰਤੀ ਰਿਸ਼ੀਆਂ ਨੇ ਧਰਤੀ ਨੂੰ ਨੌਂ ਹਿੱਸਿਆਂ, ਨੌਂ ਖੰਡਾਂ ਵਿਚ ਵੰਡਿਆ ਹੈ, ਪੁਰਾਤਨ ਗ੍ਰੰਥਾਂ ਵਿਚ ਉਹਨਾਂ ਦੇ ਨਾਮ ਇਉਂ ਲਿਖੇ ਹਨ : ੧. ਕੁਲ ਖੰਡ, ੨. ਹਿਰਨਮਯ ਖੰਡ, ੩. ਇਲਾਬ੍ਰਿਤ ਖੰਡ, ੪. ਕੇਤਮਾਲ ਖੰਡ ੫. ਹਰਿਵਰਖ ਖੰਡ, ੬. ਰਮਯਕ ਖੰਡ, ੭. ਕਿੰਪੁਰਖ ਖੰਡ, ੮. ਭਦਰ ਖੰਡ, ਤੇ ੯ ਭਾਰਤ ਖੰਡ।

ਅਸੀਂ ਅੱਜ ਭਾਰਤ ਖੰਡ ਬਾਰੇ ਹੀ ਜਾਣਦੇ ਹਾਂ। ਬਾਕੀ, ਕਿਹੜਾ ਖੰਡ ਧਰਤੀ ਦਾ ਕਿਹੜਾ ਭਾਗ ਸੀ, ਨਹੀਂ ਕਿਹਾ ਜਾ ਸਕਦਾ। ਹੁਣ ਤੇ ਨੌਂ-ਖੰਡ ਕੇਵਲ ਮੁਹਾਵਰੇ ਵਜੋਂ ਵਰਤਿਆ ਜਾਂਦਾ ਹੈ।

ਭਾਈ ਸਾਹਿਬ ਕਹਿੰਦੇ ਹਨ, ਕਿ ਭਾਵੇਂ ਚੜ੍ਹਦੇ ਤੋਂ ਲਹਿੰਦੇ ਤਕ ਸਾਰੇ ਖੰਡ, ਸਾਰਾ ਬ੍ਰਹਮੰਡ ਭਾਲ ਥਕੀਏ, ਗੁਰੂ ਵਰਗੀ ਦਿਆਲਤਾ ਹੋਰ ਕਿਸੇ ਦੇਵੀ ਦੇਵਤੇ ਵਿਚ ਨਹੀਂ।

ਭਾਈ ਲਹਿਣਾ ਜੀ ਦਾ ਮਨ ਦੇਵੀ ਦੇਵਤਿਆਂ ਵੱਲੋਂ ਉਕਤਾ ਗਿਆ, ਪੂਰੇ ਗੁਰੂ ਦੀ ਪਰਾਪਤੀ ਦੀ ਜਗਿਆਸਾ ਅੰਦਰ ਵਧ ਗਈ। ਭਾਈ ਜੋਧੇ ਰਾਹੀਂ ਗੁਰਬਾਣੀ, ਤੇ ਗੁਰਬਾਣੀ ਰਾਹੀਂ ਗੁਰੂ ਨਾਨਕ ਅੰਦਰ ਵੱਸ ਗਿਆ। ਮਨ ਹਰ ਵੇਲੇ ਦਰਸ਼ਨਾਂ ਵਾਸਤੇ ਤੜਪਦਾ ਹੈ, ਪਰ ਜਿੰਨਾ ਚਿਰ ਅੱਗੇ ਪੱਕਾ ਆਸਰਾ ਨਾ ਮਿਲ ਜਾਏ, ਪੁਰਾਣਾ ਜਰਜਰਾ ਸਹਾਰਾ ਛਡਿਆ ਨਹੀਂ ਜਾਂਦਾ।

"ਹੱਛਾ, ਇਸ ਵਾਰ ਵੈਸ਼ਨੋ ਦੇਵੀ ਦੀ ਯਾਤਰਾ ਨੂੰ ਜਾਂਦੇ ਹੋਏ, ਕਰਤਾਰਪੁਰ ਗੁਰਦੇਵ ਦੇ ਦਰਸ਼ਨ ਜ਼ਰੂਰ ਕਰਾਂਗੇ।"

ਮਨ ਪੱਕਾ ਬਣ ਗਿਆ। ਭਾਈ ਲਹਿਣਾ ਜੀ ਸੰਗ ਦੇ ਮੁਖੀਏ ਬਣ ਕੇ ਤੁਰ ਪਏ। ਉਹਨਾਂ ਜਾਣ ਬੁਝਕੇ ਉਹ ਰਸਤਾ ਚੁਣਿਆਂ, ਜੋ ਕਰਤਾਰਪੁਰ ਦੇ ਕੋਲ ਦੀ ਜਾਂਦਾ ਸੀ। ਕਰਤਾਰਪੁਰ ਤੋਂ ਥੋੜੀ ਹੀ ਦੂਰ ਸੰਗ ਨੇ ਪੜਾ ਕੀਤਾ। ਸਾਥੀਆਂ ਨੂੰ ਓਥੇ ਛੱਡ ਕੇ ਭਾਈ ਲਹਿਣਾ ਜੀ ਘੋੜੀ 'ਤੇ ਅਸਵਾਰ ਹੋ ਕੇ ਕਰਤਾਰਪੁਰ ਨੂੰ ਤੁਰ ਪਏ। ਪਿੰਡੋਂ ਥੋੜੀ ਦੂਰ ਬਾਹਰ ਖੇਤਾਂ ਵਿਚ ਇਕ ਬਜ਼ੁਰਗ ਦਾ ਮੇਲ ਹੋ ਗਿਆ। ਲਹਿਣਾ ਜੀ ਨੇ ਬੜੀ ਸ਼ਰਧਾ ਨਾਲ ਪੁੱਛਿਆ, "ਮਹਾਰਾਜ! ਮੈਂ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਨੇ ਹਨ।"

ਬਜ਼ੁਰਗ ਨੇ ਲਹਿਣਾ ਜੀ ਨੂੰ ਬੜੇ ਧਿਆਨ ਨਾਲ ਤਕਿਆ ਤੇ ਕਿਹਾ, "ਮੇਰੇ ਮਗਰ ਮਗਰ ਆ ਜਾਹ। ਤੈਨੂੰ ਤੇਰਾ ਗੁਰੂ ਮਿਲਾ ਦੇਂਦੇ ਹਾਂ।"

ਮਨਜ਼ਲ 'ਤੇ ਪਹੁੰਚ ਕੇ ਗੁਰਦੇਵ ਨੇ ਹੱਥ ਦੇ ਇਸ਼ਾਰੇ ਨਾਲ ਕਿਹਾ, "ਔਸ ਕਿੱਲੇ ਨਾਲ ਘੋੜੀ ਬੰਨ੍ਹ ਦੇਹ, ਐਥੋਂ ਖੂਹ ਤੋਂ ਹੱਥ ਮੂੰਹ ਧੋ ਕੇ ਔਸ ਅੰਦਰ ਚਲਾ ਜਾਹ। ਤੇਰਾ ਗੁਰੂ ਤੈਨੂੰ ਮਿਲ ਪਵੇਗਾ।"

ਦਸ ਮਿੰਟ ਬਾਅਦ ਲਹਿਣਾ ਜੀ ਧਰਮਸਾਲ ਦੇ ਅੰਦਰ ਗਏ, ਤਾਂ ਅੱਗੇ ਸਿੰਘਾਸਣ ਉਤੇ ਓਹਾ ਬਜ਼ੁਰਗ ਬੈਠੇ ਸਨ। ਭਾਈ ਲਹਿਣਾ ਧਾ ਕੇ ਗੁਰਦੇਵ ਦੇ ਚਰਨਾਂ ਨਾਲ ਜਾ ਲਿਪਟਿਆ। ਉਹਨੇ ਭਰੀ ਆਵਾਜ਼ ਨਾਲ ਕਿਹਾ "ਮੇਰੇ ਗੁਰਦੇਵ! ਖਿਮਾ ਕਰੋ, ਮੈਥੋਂ ਅਵੱਗਿਆ ਹੋ ਗਈ। ਆਪ ਪੈਦਲ ਤੇ ਮੈਂ ਅਨਜਾਣ ਹਜ਼ੂਰ ਦੇ ਨਾਲ ਨਾਲ ਘੋੜੀ 'ਤੇ ਚੜ੍ਹਿਆ ਆਇਆ।"

ਗੁਰਦੇਵ ਨੇ ਹੱਥ ਦੇ ਇਸ਼ਾਰੇ ਨਾਲ ਧੀਰਜ ਦੇਂਦਿਆਂ ਕਿਹਾ, "ਪੁਰਖਾ ਸਤਿਨਾਮ ਜਪੋ। ਭਲੇ ਸਮੇਂ ਆਏ ਹੋ। ਤੁਹਾਡਾ ਨਾਮ ਕੀ ਹੈ?"

"ਮਹਾਰਾਜ! ਸੇਵਕ ਦਾ ਨਾਮ ਲਹਿਣਾ ਹੈ।" ਲਹਿਣਾ ਜੀ ਨੇ ਸਿਰ ਝੁਕਾ ਕੇ ਕਿਹਾ।

ਗੁਰਦੇਵ ਨੇ ਅੱਗੋਂ ਹੱਸ ਕੇ ਕਿਹਾ, "ਫਿਰ ਅਵੱਗਿਆ ਕੇਹੀ। ਲਹਿਣੇਦਾਰ ਸਦਾ ਘੋੜਿਆਂ 'ਤੇ ਚੜ੍ਹਕੇ ਹੀ ਆਇਆ ਕਰਦੇ ਹਨ। ਬੈਠੋ, ਤੁਹਾਡਾ ਲਹਿਣਾ ਏਥੋਂ ਹੀ ਮਿਲੇਗਾ।"

ਜਿਸ ਰਸਤੇ ਬਾਰੇ ਜਗਿਆਸੂ ਪੁਛਦਾ ਸੀ, ਉਹ ਰਸਤਾ ਮਿਲ ਗਿਆ, ਸਹੀ ਰਸਤਾ। ਤੇ ਭਾਈ ਲਹਿਣਾ ਜੀ ਉਸ ਉਤੇ ਪੂਰੇ ਸਿਦਕ ਭਰੋਸੇ ਨਾਲ ਤੁਰ ਪਏ।

ਸਭ ਤੋਂ ਪਹਿਲਾਂ ਲੋੜ ਹੈ ਸੱਚਾ ਸੇਵਕ ਬਣਨ ਦੀ। ਗੁਰੂ ਨਾਨਕ ਦੇਵ ਮਹਾਰਾਜ ਨੇ ਰਸਤਾ ਦੱਸ ਦਿਤਾ।

"ਐਸੀ ਸਵਕੁ ਸੇਵਾ ਕਰੈ।
ਜਿਸ ਕਾ ਜੀਉ ਤਿਸੁ ਆਗੈ ਧਰੈ।
ਸਾਹਿਬ ਭਾਵੈ, ਸੋ ਪਰਵਾਣੁ।
ਸੋ ਸੇਵਕ ਦਰਗਹ ਪਾਵੈ ਮਾਣ।"

ਭਾਈ ਲਹਿਣਾ ਜੀ ਨੇ ਇਹ ਗੁਰਮੰਤਰ ਹਿਰਦੇ ਵਸਾ ਲਿਆ। ਉਹਨਾਂ ਆਪਣਾ ਜੀਵਨ ਓਹੋ ਜੇਹਾ ਬਣਾ ਲਿਆ ਜੇਹੋ ਜੇਹਾ ਸਾਹਿਬ ਨੂੰ ਭਾਉਂਦਾ ਸੀ। ਪੂਰਨ ਵੈਦ ਮਿਲ ਗਿਆ, ਸਾਰੇ ਮਾਨਸਕ ਰੋਗ ਮਿਟ ਗਏ। ਭਾਈ ਲਹਿਣਾ ਜੀ ਗੁਰੂ ਦੇ ਪ੍ਰੇਮ ਵਿਚ ਪੂਰੀ ਤਰਾਂ ਰੰਗੇ ਗਏ। ਪ੍ਰੀਖਿਆ ਦੇ ਕਈ ਸਮੇਂ ਆਏ, ਤੇ ਜਗਿਆਸੂ ਹਰ ਪ੍ਰੀਖਿਆ ਵਿਚ ਪੂਰਾ ਉਤਰਿਆ। ਓਹਾ ਅਵਸਥਾ ਬਣ ਗਈ,

"ਜੈਸਾ ਸੇਵੈ, ਤੈਸੋ ਹੋਵੈ।"

ਗੁਰੂ ਨਾਨਕ ਨੂੰ ਸਿਉਂਦਾ ਸਿਉਂਦਾ, ਲਹਿਣਾ ਆਪ ਨਾਨਕ ਹੋ ਗਿਆ। ਗੁਰੂ ਤੇ ਸਿੱਖ ਵਿਚ ਕੋਈ ਭੇਦ ਨਾ ਰਹਿ ਗਿਆ। ਮਿੱਤਰਾਂ ਨਾਲੋਂ ਪਿਆਰਾ, ਪੁੱਤਰਾਂ ਨਾਲੋਂ ਪਿਆਰਾ, ਆਪਣੇ ਅੰਗ ਵਰਗਾ ਪਿਆਰਾ ਲਹਿਣਾ, ਲਹਿਣੇ ਤੋਂ ਅੰਗਦ ਬਣ ਗਿਆ। ਭਾਈ ਗੁਰਦਾਸ ਜੀ ਫੁਰਮਾਉਂਦੇ ਹਨ,

"ਥਾਪਿਆ ਲਹਿਣਾ ਜੀਂਵਦੇ, ਗੁਰਿਆਈ ਸਿਰ ਛਤ੍ਰ ਫਿਰਾਇਆ
ਜੋਤੀ ਜੋਤ ਮਿਲਾਇਕੇ, ਸਤਿਗੁਰ ਨਾਨਕ ਰੂਪ ਵਟਾਇਆ।"

ਸਤਿਗੁਰ ਨਾਨਕ ਦਾ ਰੂਪ ਅੰਗਦ ਗੁਰੂ ਬਣ ਗਿਆ। ਤੇ ਦੂਸਰਾ ਰਾਹੀ ਸੀ ਸ੍ਰੀ ਅਮਰਦਾਸ ਜੀ। ਪੁਰਾਣੇ ਰਿਸ਼ੀਆਂ ਨੇ ਦੱਸਿਆ, ਤੀਰਥਾਂ 'ਤੇ ਇਸ਼ਨਾਨ ਕਰੋ, ਰਬ ਮਿਲ ਜਾਇਗਾ। ਬੜੀ ਸ਼ਰਧਾ ਨਾਲ ਸ੍ਰੀ ਅਮਰਦਾਸ ਜੀ ਬਾਈ ਵਾਰ ਹਰਿਦੁਆਰ ਗੰਗਾ ਜੀ ਇਸ਼ਨਾਨ ਕਰਨ ਗਏ। ਗਏ ਤੇ ਪਰਤ ਆਏ। ਪਰ ਉਹ ਕੁਛ ਨਸੀਬ ਨਾ ਹੋਇਆ, ਜਿਸ ਵਾਸਤੇ ਐਨੀ ਘਾਲਨਾ ਘਾਲੀ। ਕਿਉਂਕਿ ਏਥੇ ਵੀ ਰਸਤਾ ਗ਼ਲਤ ਸੀ।

ਤੀਰਥ ਯਾਤਰਾ ਨੂੰ ਮੁਕਤੀ ਦਾ ਸਾਧਨ ਮੰਨਣਾ ਵੀ ਕਰਮ-ਕਾਂਡ ਦਾ ਇਕ ਹਿੱਸਾ ਹੈ। ਸਨਾਤਨੀ ਧਰਮ ਦੀ ਬੁਨਿਆਦ ਹੀ ਕਰਮ ਕਾਂਡ ਉਤੇ ਖਲੀ ਹੈ। ਫਿਰ ਸਾਧਾਰਨ ਕਰਮ ਤੋਂ ਲੈ ਕੇ ਔਖੇ ਤੋਂ ਔਖੇ ਕਰਮ ਨੂੰ ਅਜੇਹਾ ਸੂਤਰ ਬਧ ਕੀਤਾ ਹੈ, ਕਿ ਵਹਿਮੀ ਪੁਰਸ਼ ਉਸ ਜਾਲ ਵਿਚੋਂ ਨਿਕਲ ਨਹੀਂ ਸਕਦਾ। ਪਰ ਅੱਜ ਅਸੀਂ ਸਿਰਫ ਤੀਰਥਾਂ ਉਤੇ ਇਸਨਾਨ ਬਾਰੇ ਹੀ ਕਹਿਣਾ ਹੈ। ਗੁਰੂ ਅਰਜਨ ਦੇਵ ਜੀ ਫ਼ੁਰਮਾਉਂਦੇ ਹਨ

"ਪਾਪ ਕਰਹਿ ਪੰਚਾ ਕੇ ਬਸਿ ਰੇ।
ਤੀਰਥਿ ਨਾਇ, ਕਹਹਿ ਸਭਿ ਉਤਰੇ।
ਬਹੁਰਿ ਕਮਾਵਹਿ ਹੋਇ ਨਿਸੰਕ।
ਜਮਪੁਰਿ ਬਾਂਧਿ ਖਰੇ ਕਾਲੰਕ।"

ਕਾਮ, ਕ੍ਰੋਧ, ਲੋਭ, ਮੋਹ, ਹੰਕਾਰ। ਇਹਨਾਂ ਪੰਜਾਂ ਦੇ ਅਸਰ ਥੱਲੇ ਪਾਪ ਕਰਦਾ ਹੈ। ਪੰਡਤ ਦੇ ਦੱਸੇ ਅਨਸਾਰ ਕਿਸੇ ਤੀਰਥ 'ਤੇ ਜਾ ਕੇ ਇਸ਼ਨਾਨ ਕਰਕੇ ਕਹਿੰਦਾ ਹੈ, 'ਬੱਸ, ਪਿਛਲੇ ਸਾਰੇ ਪਾਪ ਉਤਰ ਗਏ।' ਪਾਪ ਦਾ ਡਰ ਮਨ ਤੋਂ ਲਹਿ ਗਿਆ। ਫਿਰ ਨਿਰਸੰਕੋਚ ਹੋ ਕੇ ਵਧੇਰੇ ਪਾਪ ਕਰਨ ਲੱਗ ਪਿਆ। ਜਿਸਨੂੰ ਇਹ ਯਕੀਨ ਹੋ ਜਾਏ, ਕਿ ਇਕ ਵਾਰ ਗੰਗਾ ਵਿਚ ਟੁੱਭੀ ਲਾਉਣ ਨਾਲ ਪਿਛਲੇ ਸਾਰੇ ਪਾਪ ਉਤਰ ਜਾਣੇ ਹਨ, ਉਹ ਫਿਰ ਪਾਪ ਕਰਨ ਤੋਂ ਕਿਉਂ ਝਿਜਕੇਗਾ। ਪਰ ਪਤਾ ਓਦੋਂ ਲੱਗੇਗਾ, ਜਦੋਂ ਇਹ ਕਲੰਕਾਂ, ਪਾਪਾਂ ਦਾ ਫਲ ਭੁਗਤਾਉਣ ਵਾਸਤੇ ਬੰਨ੍ਹ ਕੇ ਜਮਪੁਰੀ ਨੂੰ ਲੈ ਜਾਣਗ।

ਪਰ ਇਸ ਰਾਹੀ ਦੇ ਅੰਦਰ ਤਾਂ ਇਹ ਭੁਲੇਖਾ ਵੀ ਨਹੀਂ। ਇਸਦੀਆਂ ਰੁਚੀਆਂ ਧੁਰੋਂ ਧਾਰਮਕ ਹਨ। ਫਿਰ ਵੀ 'ਸਹਿਜ ਸੁਖ' ਦੀ ਪਰਾਪਤੀ ਨਹੀਂ ਅੰਦਰ ਕੁਛ ਘਾਟ ਹੈ, ਜੋ ਪੂਰੀ ਨਹੀਂ ਹੋਈ। ਭਗਤ ਰਵਿਦਾਸ ਜੀ ਦੇ ਕਥਨ ਅਨੁਸਾਰ:

"ਜਾ ਕਾਰਨਿ ਹਮ ਤੁਮ ਆਰਾਧੇ, ਸੋ ਦੁਖੁ ਅਜਹੂ ਸਹੀਐ।"

ਜਿਸ ਸ਼ਾਂਤੀ ਤੇ ਮੁਕਤੀ ਵਾਸਤੇ ਬਾਈ ਵਾਰ ਹਰਿਦੁਆਰ ਜਾ ਕੇ ਗੰਗਾ ਇਸ਼ਨਾਨ ਕੀਤਾ, ਉਹ ਨਸੀਬ ਨਹੀਂ ਹੋਏ। ਜਗਿਆਸੂ ਦੀ ਸ਼ਰਧਾ ਤੇ ਉੱਦਮ ਵਿਚ ਫ਼ਰਕ ਨਹੀਂ, ਪਰ ਰਸਤਾ ਗ਼ਲਤ ਸੀ। ਇਸ ਵਾਸਤੇ ਸਾਰੀ ਮਿਹਨਤ ਬਿਅਰਥ ਗਈ, ਭਾਈ ਗੁਰਦਾਸ ਜੀ ਫ਼ੁਰਮਾਉਂਦੇ ਹਨ

"ਬੀਜ ਬੋਇ ਕਾਲਰ ਮੈ ਨਿਪਜੈ ਨ ਧਾਨ ਪਾਨ
ਮੂਲ ਖੋਇ ਰੋਵੈ, ਪੁਨਿ ਰਾਜ-ਡੰਡ ਲਾਗਈ।"

ਕੱਲਰ ਵਾਲੀ ਜ਼ਮੀਨ ਵਿਚ ਮਿਹਨਤ ਕੀਤੀ, ਵਾਹੀ, ਸੁਹਾਗੀ, ਬੀਜੀ ਪਰ ਉਸ ਵਿਚ ਕੋਈ ਵੀ ਫ਼ਸਲ ਭਾਵੇਂ ਧਾਨ (ਝੋਨਾ) ਹੋਵੇ, ਭਾਵੇਂ ਪਾਨ, ਨਹੀਂ ਜੰਮ ਸਕਦੀ। ਸਿੱਟਾ, ਮੂਲ ਵੀ ਗਿਆ, ਮਿਹਨਤ ਵੀ ਗਈ। ਉਲਟਾ ਰਾਜ-ਡੰਡ ਮਾਮਲਾ ਦੇਣਾ ਪੈ ਗਿਆ। ਪਲੇ ਪਛਤਾਵਾ ਤੇ ਰੋਣਾ ਹੀ ਰਿਹਾ

"ਸਲਲਿ ਬਿਲੋਇ ਜੈਸੇ ਨਿਕਸਤ ਨਾਹਿ ਘ੍ਰਿਤ,
ਮਟਕੀ ਮਥਨੀਆਂ ਹੂ ਤੋਰ ਫੋਰ ਡਾਰਈ।"

ਸਲਲ ਕਹੀਏ ਪਾਣੀ। ਪਾਣੀ ਰਿੜਕਣ ਨਾਲ ਮੱਖਣ ਨਹੀਂ ਨਿਕਲਦਾ। ਐਵੇਂ ਚਾਟੀ ਤੇ ਮਧਾਨੀ ਤੋੜਨ ਵਾਲਾ ਨਿਸਫਲ ਕਰਮ ਹੀ ਹੈ।

"ਭੂਤਨ ਤੇ ਪੂਤ ਮਾਂਗੈ ਹੋਤ ਨ ਸਪੂਤੀ ਕੋਊ,
ਜੀਅ ਕੋ ਪਰਤ ਸੰਸੋ, ਤਯਾਗੇ ਹੂ ਨ ਤਯਾਗਈ।"

ਭੂਤਨਿਆਂ ਤੋਂ ਪੁੱਤਰ ਮੰਗਣ ਵਾਲੀ ਕਦੇ ਸਪੁੱਤੀ ਨਹੀਂ ਹੋਈ। ਸਗੋਂ ਮੰਨਣ ਵਾਲੀ ਦੇ ਦਿਲ ਵਿਚ ਭੂਤਾਂ ਪ੍ਰੇਤਾਂ ਦਾ ਅਜੇਹਾ ਵਹਿਮ ਬਹਿ ਜਾਂਦਾ ਹੈ, ਕਿ ਫਿਰ ਉਹ ਕਢਿਆਂ ਵੀ ਦੂਰ ਨਹੀਂ ਹੁੰਦਾ।

ਸਿੱਟੇ ਵਜੋਂ ਭਾਈ ਸਾਹਿਬ ਆਖ਼ਰੀ ਪੰਗਤੀ ਕਹਿੰਦੇ ਹਨ :

''ਬਿਨ ਗੁਰਦੇਵ, ਆਨ ਸੇਵ ਦੁਖਦਾਇਕ ਹੈ,
ਲੋਕ ਪਰਲੋਕ ਸੋਕ ਜਾਹਿ ਅਨੁਰਾਗਈ।''

ਏਸੇ ਤਰ੍ਹਾਂ ਜੋ ਆਪਣੇ ਸੱਚੇ ਗੁਰੂ ਨੂੰ ਛੱਡ ਕੇ ਹੋਰ ਦੇਵੀ ਦੇਵਤਿਆ ਜਾਂ ਪਖੰਡੀਆਂ, ਭੇਖਧਾਰੀਆਂ ਦੀ ਸੇਵਾ ਕਰਦਾ ਹੈ, ਭਾਵੇਂ ਉਹ ਸੇਵਾ ਕਿੰਨੇ ਵੀ ਪਿਆਰ, ਅਨੁਰਾਗ, ਸ਼ਰਧਾ ਨਾਲ ਕਰੇ, ਉਹਨੂੰ ਲੋਕ ਪਰਲੋਕ ਵਿਚ ਸ਼ੋਕ ਤੇ ਦੁੱਖ ਹੀ ਪਰਾਪਤ ਹੁੰਦਾ ਹੈ।

ਕਈ ਵਾਰ ਛੋਟੀ ਛੋਟੀ ਘਟਨਾਂ ਤੋਂ ਜੀਵਨ ਦੀਆਂ ਸੇਧਾਂ ਬਦਲ ਜਾਂਦੀਆਂ ਹਨ, ਸੁੱਤੇ ਭਾਗ ਜਾਗ ਪੈਂਦੇ ਹਨ। ਚੰਗੇ ਭਾਗਾਂ ਨੂੰ ਸ੍ਰੀ ਅਮਰ ਦਾਸ ਜੀ ਦੇ ਜੀਵਨ ਵਿਚ ਵੀ ਇਕ ਅਜੇਹੀ ਘਟਨਾ ਆ ਵਾਪਰੀ। ਆਖ਼ਰ ਵਿਚ ਹਰਦੁਆਰ ਤੋਂ ਵਾਪਸ ਆਉਂਦਿਆਂ ਆਪ ਜੀ ਦਾ ਮੇਲ ਇਕ ਵਿਰਕਤ ਸਾਧੂ ਨਾਲ ਹੋ ਗਿਆ। ਕੁਝ ਦਿਨ ਇਕੱਠਿਆਂ ਸਫ਼ਰ ਕੀਤਾ। ਰੁਚੀਆਂ ਮਿਲਦੀਆਂ ਸਨ, ਸੋ ਸਾਥ ਬੜਾ ਸੁਖਾਵਾਂ ਰਿਹਾ। ਦੋਵੇਂ ਬਾਸਰਕੇ ਆ ਪਹੁੰਚੇ। ਸ੍ਰੀ ਅਮਰਦਾਸ ਜੀ ਨੇ ਸਾਧੂ ਦੀ ਸੇਵਾ ਬੜੀ ਸ਼ਰਧਾ ਨਾਲ ਕੀਤੀ। ਇਕ ਦਿਨ ਸੁਭਾਵਕ ਹੀ ਸਾਧੂ ਪੁਛ ਬੈਠਾ, ''ਸ੍ਰੀ ਅਮਰਦਾਸ ਜੀ ! ਆਪ ਦਾ ਗੁਰੂ ਕੌਣ ਹੈ।''

ਸ੍ਰੀ ਅਮਰਦਾਸ ਜੀ ਦੇ ਦਿਮਾਗ ਵਿਚ ਫ਼ੌਰਨ ਇਹ ਵਿਚਾਰ ਉਭਰ ਆਇਆ, ਕਿ ਤੀਰਥਾਂ 'ਤੇ ਇਸ਼ਨਾਨ ਕਰਨ ਨਾਲ ਹੀ ਕੰਮ ਨਹੀਂ ਸਰਦਾ, ਸਗੋਂ ਗੁਰੂ ਦੀ ਵੀ ਲੋੜ ਹੈ। ਇਹ ਲੋਕੁਕਤੀ ਕੰਨਾਂ ਵਿਚ ਗੂੰਜਣ ਲੱਗੀ, ਕਿ ਗੁਰੂ ਬਿਨਾਂ ਗਤੀ ਨਹੀਂ। ਉਹਨਾਂ ਉਦਾਸ ਸੁਰ ਵਿਚ ਉਤਰ ਦਿਤਾ, ''ਮਹਾਤਮਾ ਜੀ ! ਅਜੇ ਮੈਂ ਗੁਰੂ ਤਾਂ ਕੋਈ ਧਾਰਨ ਨਹੀਂ ਕੀਤਾ।''

''ਤਾਂ ਆਪ ਨਿਗੁਰੇ ਹੋ। ਮੈਨੂੰ ਆਪਣੇ ਆਪ 'ਤੇ ਅਫ਼ਸੋਸ ਹੈ, ਜਿਸ ਨੇ ਐਨੇ ਦਿਨ ਇਕ ਨਿਗੁਰੇ ਦੇ ਹੱਥ ਦਾ ਖਾ ਕੇ ਆਪਣਾ ਕਰਮ-ਧਰਮ ਸਭ ਭ੍ਰਸ਼ਟ ਕਰ ਲਿਆ ਹੈ।'' ਇਹ ਕਹਿੰਦਾ ਹੋਇਆ, ਸਾਧੂ ਓਸੇ ਵੇਲੇ ਸ੍ਰੀ ਅਮਰਦਾਸ ਜੀ ਦਾ ਘਰ ਛਡ ਕੇ ਚਲਾ ਗਿਆ।

ਸ੍ਰੀ ਅਮਰਦਾਸ ਜੀ ਦੇ ਦਿਲ 'ਤੇ ਬੜੀ ਚੋਟ ਲੱਗੀ। ਉਹਨਾਂ ਦੇ ਮਨ ਦੀ ਇਸ ਸਮੇਂ ਦੀ ਅਵਸਥਾ, ਪਿਛੋਂ ਉਹਨਾਂ ਦੀ ਆਪਣੀ ਰਚਨਾਂ ਵਿਚ ਬੜੀ ਉਘੜ ਕੇ ਸਾਮ੍ਹਣੇ ਆਈ। ਆਪ ਆਸਾ ਰਾਗ ਵਿਚ ਫ਼ੁਰਮਾਉਂਦੇ ਹਨ :

"ਨਿਗੁਰੇ ਕਉ ਗਤਿ ਕਾਈ ਨਾਹੀ।
ਅਵਗਣਿ ਮੁੱਠੇ ਚੋਟਾ ਖਾਹੀ।"

ਓਹਾ ਸਿਧਾਂਤ, ਗੁਰੂ ਬਿਨਾਂ ਗਤਿ ਨਹੀਂ। ਨਿਗੁਰੇ ਨੂੰ ਕਿਸੇ ਹਾਲਤ ਵਿਚ ਵੀ ਮੁਕਤੀ ਨਹੀਂ ਮਿਲ ਸਕਦੀ। ਉਹ ਮੰਦੇ ਕਰਮਾਂ ਵਿਚ ਫਸਿਆ ਚੋਟਾਂ ਖਾਂਦਾ ਫਿਰਦਾ ਹੈ।

ਇਕ ਹੋਰ ਥਾਂ ਆਪ ਫ਼ੁਰਮਾਉਂਦੇ ਹਨ :

"ਸਤਿਗੁਰ ਬਾਝਹੁ ਗੁਰੁ ਨਹੀ ਕੋਈ,
ਨਿਗੁਰੇ ਕਾ ਹੈ ਨਾਉ ਬੁਰਾ।"

ਨਿਗੁਰੇ ਦਾ ਤਾਂ ਨਾਂ ਲੈਣਾ ਵੀ ਬੁਰਾ ਹੈ, ਪਰ ਗੁਰੂ ਵੀ ਪੂਰਨ ਹੋਣਾ ਚਾਹੀਦਾ ਹੈ। 'ਸਤਿਗੁਰ ਬਾਝਹੁ ਗੁਰ ਨਹੀਂ ਕੋਈ' ਇਹ ਵਾਕ ਵਿਆਖਿਆ ਦਾ ਮੁਹਤਾਜ ਹੈ।

ਇਕ ਥਾਂ ਆਪ ਸਾਫ਼ ਸ਼ਬਦਾਂ ਵਿਚ ਲਿਖਦੇ ਹਨ :

"ਅੰਧੇ ਗੁਰੂ ਤੇ ਭਰਮੁ ਨ ਜਾਈ।"

ਇਸ ਤੁਕ ਵਿਚ ਇਤਿਹਾਸ ਛੁਪਿਆ ਪਿਆ ਹੈ। ਆਪ ਬਾਈ ਵਾਰ ਹਰਿਦੁਆਰ ਗਏ। ਤੀਰਥਾਂ ਉਤੇ ਜਿੱਥੇ ਕੁਛ ਪੁੰਨ ਮੰਨਿਆਂ ਜਾਂਦਾ ਹੈ, ਓਥੇ ਪਖੰਡੀ ਗੁਰੂਆਂ ਦੀ ਵੀ ਭਰਮਾਰ ਹੁੰਦੀ ਹੈ। ਉਹਨਾਂ ਦੇ ਪਾਲਤੂ ਬਟੇਰੇ, ਭਾਵ ਖ਼ੁਸ਼ਾਮਦੀ ਚੇਲੇ ਅਨਹੋਣੀਆਂ ਕਰਾਮਾਤਾਂ ਦੱਸ ਦੱਸ ਕੇ, ਸਿਫਤਾਂ ਕਰ ਕਰ ਕੇ, ਸਿੱਧੇ ਸਾਦੇ ਲੋਕਾਂ ਨੂੰ ਭਰਮਾਉਂਦੇ ਫਿਰਦੇ ਹਨ। ਸ੍ਰੀ ਅਮਰਦਾਸ ਜੀ ਦਾ ਵੀ ਅਜੇਹੇ ਕਈ ਪੁਰਸ਼ਾਂ ਨਾਲ ਵਾਹ ਪਿਆ ਸੀ। ਓਹਾ ਵਿਚਾਰ ਉਹਨਾਂ ਦੀ ਬਾਣੀ ਵਿਚੋਂ ਮਿਲਦੇ ਹਨ :

ਆਪ ਭੇਖਧਾਰੀਆਂ ਬਾਰੇ ਫ਼ੁਰਮਾਉਂਦੇ ਹਨ :

"ਬਹੁਤੇ ਭੇਖ ਕਰੈ ਭੇਖਧਾਰੀ।
ਅੰਤਰਿ ਤ੍ਰਿਸਨਾ, ਫਿਰੈ ਅਹੰਕਾਰੀ।
ਆਪੁ ਨ ਚੀਨੈ, ਬਾਜੀਹਾਰੀ।"

ਸੰਤਾਂ ਵਾਲੇ, ਰਿਸ਼ੀਆਂ ਵਾਲੇ, ਮੁਨੀਆਂ ਵਾਲੇ ਭੇਸ ਬਣਾਉਂਦਾ ਹੈ। ਪਰ ਅੰਦਰ ਦੀ ਤ੍ਰਿਸ਼ਨਾ ਨਹੀਂ ਮਿਟਦੀ, ਅਹੰਕਾਰ ਨਹੀਂ ਜਾਂਦਾ। ਇਸ ਤਰ੍ਹਾਂ ਭੇਖ ਧਾਰਨ ਨਾਲ ਆਪਣੇ ਆਪ ਦੀ ਪਛਾਣ ਨਹੀਂ ਕਰ ਸਕਦਾ, 'ਆਪਣਾ ਮੂਲੁ ਪਛਾਣੁ' ਨਹੀਂ ਸਕਦਾ। ਇਸ ਲਈ ਜੀਵਨ ਦੀ ਬਾਜੀ ਹਾਰ ਜਾਂਦਾ ਹੈ।

ਫਿਰ ਬਸੰਤ ਰਾਗ ਵਿਚ ਲਿਖਦੇ ਹਨ :

"ਭਗਵੈ ਵੇਸਿ ਭ੍ਰਮਿ ਮੁਕਤਿ ਨ ਹੋਇ।"

ਹਜ਼ੂਰ ਦੀ ਬਾਣੀ ਵਿਚ ਅਜੇਹੇ ਕੋਈ ਪਰਮਾਣ ਮਿਲਦੇ ਹਨ। ਪਰ ਅਸੀਂ ਥੋੜਾ ਜੇਹਾ ਅੱਗੇ ਚਲੇ ਗਏ ਹਾਂ। ਅਜੇ ਤਾਂ ਸ੍ਰੀ ਅਮਰਦਾਸ ਜੀ ਨੂੰ ਗੁਰੂ ਦੀ ਭਾਲ ਹੈ। ਅੰਦਰ ਸੱਚੀ ਲਗਨ ਲੱਗ ਗਈ ਗੁਰੂ ਦੀ। ਰਾਤ ਦਿਨੇ ਕਿਸੇ ਵੇਲੇ ਚੈਨ ਨਹੀਂ। ਅੰਦਰ ਖੁੱਸਦਾ ਹੈ, ਮਨ ਤੜਪਦਾ ਹੈ। ਅੰਦਰ ਬਿਰਹਾ ਜਾਗ ਪਿਆ ਹੈ, ਹੁਣ ਚੈਨ ਕਿੱਥੇ। ਕਬੀਰ ਜੀ ਦੇ ਕਥਨ ਵਾਂਗ ਹੁਣ ਤਾਂ ਇਹ ਹਾਲਤ ਹੋ ਗਈ ਹੈ :

"ਰਾਮ ਬਿਓਗੀ ਨਾ ਜੀਐ,
ਜੀਐ, ਤ ਬਉਰਾ ਹੋਇ।"

ਸਾਰੀ ਰਾਤ ਸ੍ਰੀ ਅਮਰਦਾਸ ਜੀ ਦੀ ਜਾਗਦਿਆਂ ਬੀਤ ਗਈ। ਅੰਮ੍ਰਿਤ ਵੇਲੇ ਘਰ ਦੇ ਇਕ ਹਿੱਸੇ ਵਿਚੋਂ ਬਾਣੀ ਪੜ੍ਹਨ ਦੀ ਵਾਜ ਆਈ। ਸੁਰਤ ਓਸੇ ਪਾਸੇ ਲੱਗ ਗਈ। ਬਾਣੀ ਦੀ ਮਿੱਠੀ ਧੁਨ ਕੰਨਾਂ ਵਿਚ ਪੈਂਦੀ, ਤਾਂ ਇਉਂ ਮਹਿਸੂਸ ਹੁੰਦਾ, ਜਿਵੇਂ ਕੋਈ ਸੜਦੀ ਛਾਤੀ ਉਤੇ ਸੀਤਲ ਫਹਿਆ ਧਰ ਦੇਂਦਾ ਹੈ।

ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਜੀ, ਸ੍ਰੀ ਅਮਰਦਾਸ ਜੀ ਦੇ ਭਤੀਜੇ ਨਾਲ ਵਿਆਹੀ ਹੋਈ ਸੀ। ਉਹ ਅੰਮ੍ਰਿਤ ਵੇਲੇ ਘਰ ਦਾ

ਕੰਮ ਕਰਦੀ ਹੋਈ, ਗੁਰੂ ਨਾਨਕ ਦੇਵ ਜੀ ਦੀ ਪਵਿੱਤਰ ਬਾਣੀ ਪੜ੍ਹ ਰਹੀ ਸੀ। ਮਹਿਮਾ ਪ੍ਰਕਾਸ਼ ਤੇ ਸੂਰਜ ਪ੍ਰਕਾਸ਼ ਇਸ ਸ਼ਬਦ ਦਾ ਜ਼ਿਕਰ ਕਰਦੇ ਹਨ,

ਮਾਰੂ ਮਹਲਾ ੧, ਘਰ ੧।

''ਕਰਣੀ ਕਾਗਦੁ, ਮਨੁ ਮਸਵਾਣੀ,
ਬੁਰਾ ਭਲਾ ਦੁਇ ਲੇਖ ਪਏ।''

ਤੇ ਆਖ਼ਰੀ ਪੰਗਤੀਆਂ ਹਨ :

''ਭਇਆ ਮਨੂਰੁ ਕੰਚਨੁ ਫਿਰਿ ਹੋਵੈ, ਜੇ ਗੁਰੁ ਮਿਲੈ ਤਿਨੇਹਾ।
ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ, ਤਉ ਨਾਨਕ ਤ੍ਰਿਸਟਸਿ ਦੇਹਾ।''

ਪੂਰਾ ਸ਼ਬਦ ਪੜ੍ਹਨਾ ਹੋਵੇ, ਤਾਂ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੯੯੦ ਉਤੇ ਦਰਜ ਹੈ। ਅਸੀਂ ਏਥੇ ਸਿਰਫ਼ ਅਖ਼ੀਰਲੀਆਂ ਦੋਹਾਂ ਤੁਕਾਂ ਦੇ ਅਰਥ ਲੈਂਦੇ ਹਾਂ।

ਹਜ਼ੂਰ ਫ਼ੁਰਮਾਉਂਦੇ ਹਨ, ਜੇ ਕੋਈ ਇਜੇਹਾ ਪੂਰਨ ਗੁਰੂ ਮਿਲ ਪਵੇ, ਤਾਂ ਪਾਪਾਂ ਵਿਚ ਸੜ ਸੜ ਕੇ ਮਨੂਰ ਹੋ ਚੁੱਕਾ ਮਨ ਵੀ ਉਸ ਦੀ ਕਿਰਪਾ ਨਾਲ ਸੋਨਾ ਬਣ ਜਾਂਦਾ ਹੈ। ਉਹ ਇਕ ਅੰਮ੍ਰਿਤ ਨਾਮ, ਆਤਮਕ ਤੌਰ 'ਤੇ ਜੀਵਨ ਨੂੰ ਅਮਰ ਬਣਾ ਦੇਣ ਵਾਲਾ ਨਾਮ ਦੇ ਦੇਂਦਾ ਹੈ, ਜਿਸ ਦੀ ਬਰਕਤ ਨਾਲ ਸਰੀਰ ਟਿਕ ਜਾਂਦਾ ਹੈ, ਭਾਵ ਸਰੀਰ ਦੇ ਕਰਮ ਇੰਦਰੇ ਵਿਕਾਰਾਂ ਵੱਲੋਂ ਦੌੜਨ ਤੋਂ ਹਟ ਜਾਂਦੇ ਹਨ।

ਇਹ ਸ਼ਬਦ ਸੁਣ ਕੇ ਸ੍ਰੀ ਅਮਰਦਾਸ ਜੀ ਦੇ ਮਨ 'ਤੇ ਕੀ ਅਸਰ ਹੋਇਆ। ਭਾਈ ਸੰਤੋਖ ਸਿੰਘ ਜੀ ਸੂਰਜ ਪ੍ਰਕਾਸ਼ ਦੀ ਪਹਿਲੀ ਰਾਸ ਦੇ ਪੰਦਰ੍ਹਵੇਂ ਅੰਸੂ ਵਿਚ ਇਉਂ ਲਿਖਦੇ ਹਨ :

''ਸੁਨਿ ਕੇ ਸਤਿਗੁਰ ਸਬਦ ਕੋ ਮਨ ਭਯੋ ਹੁਲਾਸਾ।
ਮੋਹਿ ਦਸ਼ਾ ਅਸ ਅਬ ਅਹੈ, ਜਿਮ ਸ਼ਬਦ ਪ੍ਰਕਾਸਾ।
ਤਰੁਨ ਅਵਸਥਾ ਬਿਤ ਗਈ, ਬਿਰਧਾਪਨ ਪਾਵਾ।
ਲੋਹਾ ਹੁਤੋ ਮਨੂਰ ਭਾ ਕਿਤ ਕਾਜ ਨ ਆਵਾ।
ਲੋਹੇ ਕੋ ਪਾਰਸ ਛੁਵੈ ਕੰਚਨ ਹੁਇ ਜਾਈ।

ਮਮ ਮਨੂਰ ਕੋ ਗੁਰ ਮਿਲਹਿ, ਸੁਧ ਕਰਹਿ ਬਨਾਈ।"

ਬੀਬੀ ਨੇ ਬਾਣੀ ਦਾ ਭੋਗ ਪਾਇਆ, ਤਾਂ ਸ੍ਰੀ ਅਮਰਦਾਸ ਜੀ ਵੀ ਆ ਹਾਜ਼ਰ ਹੋਏ। ਉਹਨਾਂ ਬੜੇ ਸਤਕਾਰ ਨਾਲ ਪੁਛਿਆ, "ਪੁੱਤਰੀ! ਤੂੰ ਇਹ ਕਿਸ ਦੀ ਬਾਣੀ ਪੜ੍ਹ ਰਹੀ ਸੀ।"

ਮਹਿਮਾ ਪ੍ਰਕਾਸ਼ ਦੇ ਕਰਤਾ ਬਾਵਾ ਸਰੂਪ ਦਾਸ ਭੱਲੇ ਦੇ ਸ਼ਬਦਾਂ ਵਿਚ ਸੁਣੋ :

"ਤਿਸੀ ਸਮੇਂ ਤਹ ਆਏ ਭਏ ਖੜੇ।
ਹੇ ਸੁਤ, ਤੂੰ ਜਿ ਬਿਸਨ ਪਦ ਪੜੇ।
ਇਹ ਕਿਸ ਕਾ ਬਚਨ, ਕਹਾ ਤੇ ਸੁਨਾ।
ਤੁਝ ਮੁਖ ਸੁਨਿ, ਨਿਜ ਭਾਗ ਮਮ ਗਿਨਾ।
ਤਬ ਬੀਬੀ ਅਮਰੋ ਕਹਿਓ ਸੁਨਾਇ।
ਗੁਰੂ ਨਾਨਕ ਜੀ ਕਾ ਬਿਸਨ ਪਦ ਆਇ।"

ਬੀਬੀ ਅਮਰੋ ਨੇ ਬੜੇ ਆਦਰ ਨਾਲ ਸਿਰ ਝੁਕਾ ਕੇ ਕਿਹਾ, "ਪਿਤਾ ਜੀ! ਇਹ ਦੀਨ-ਦੁਨੀ ਦੇ ਮਾਲਕ ਗੁਰੂ ਨਾਨਕ ਦੇਵ ਜੀ ਦੀ ਬਾਣੀ ਹੈ।"

ਸ੍ਰੀ ਅਮਰਦਾਸ ਜੀ ਦੇ ਹੋਰ ਪੁਛਣ 'ਤੇ ਬੀਬੀ ਨੇ ਦੱਸਿਆ, ਕਿ ਗੁਰੂ ਨਾਨਕ ਦੇਵ ਜੀ ਜੋਤੀ ਜੋਤ ਸਮਾ ਗਏ ਹਨ। ਇਸ ਸਮੇਂ ਗੁਰੂ ਜੀ ਦੀ ਗੱਦੀ ਉਤੇ, ਗੁਰਦੇਵ ਦੇ ਥਾਪੇ ਹੋਏ ਮੇਰੇ ਪਿਤਾ ਜੀ ਹਨ।

ਸ੍ਰੀ ਅਮਰਦਾਸ ਜੀ ਬੋਲੇ, "ਜਿਸ ਦੀ ਭਾਲ ਸੀ, ਘਰ ਵਿਚੋਂ ਹੀ ਮਿਲ ਗਿਆ। ਲਭ ਪਿਆ ਜਿਸ ਗੁਰੂ ਦੀ ਤਲਾਸ਼ ਸੀ।"

ਅਗਲੇ ਦਿਨ ਹੀ ਸ੍ਰੀ ਅਮਰਦਾਸ ਜੀ ਬੀਬੀ ਅਮਰੋ ਨੂੰ ਨਾਲ ਲੈ ਕੇ ਖਡੂਰ ਜਾ ਪਹੁੰਚੇ। ਉਹਨਾਂ ਨੂੰ ਬਾਹਰ ਖਲ੍ਹਾਰ ਕੇ ਬੀਬੀ ਅਮਰੋ ਪਹਿਲਾਂ ਇਕੱਲੀ ਜਾ ਕੇ ਆਪਣੇ ਪਿਤਾ ਗੁਰੂ ਅੰਗਦ ਦੇਵ ਜੀ ਨੂੰ ਮਿਲੀ। ਗੁਰੂ ਜੀ ਨੇ ਅੱਗੋਂ ਪੁੱਤਰੀ ਨੂੰ ਕਿਹਾ :

"ਬਨਹਿ ਨਾ ਆਵਨਿ ਬਿਨ ਭਨੇ, ਕਯੋਂ ਚਲਿ ਕਰਿ ਆਏ।
ਜਿਨਹੁ ਸੰਗ ਆਨਯੋਂ ਹੁਤੇ, ਤਿਸ ਕਿਯੋਂ ਨਹਿੰ ਲਯਾਏ।"

ਹੇ ਬੇਟਾ ! ਤੂੰ ਬਿਨਾਂ ਬੁਲਾਏ ਕਿਉਂ ਆਈ। ਫਿਰ ਉਪਕਾਰ ਹਿਤ ਆਈ ਹੀ ਹੈਂ, ਤਾਂ ਜਿਸ ਨੂੰ ਨਾਲ ਲਿਆਈ ਹੈਂ, ਉਹਨੂੰ ਬਾਹਰ ਕਿਉਂ ਛਡ ਆਈ ਹੈਂ।

ਪਿਤਾ ਦੀ ਆਗਿਆ ਮੰਨ ਕੇ ਬੀਬੀ ਸ੍ਰੀ ਅਮਰਦਾਸ ਜੀ ਨੂੰ ਬੁਲਾ ਲਿਆਈ।

ਦੁਨੀਆਵੀ ਰਿਸ਼ਤੇ ਵੱਲੋਂ ਸ੍ਰੀ ਅਮਰਦਾਸ ਜੀ ਗੁਰੂ ਅੰਗਦ ਦੇਵ ਜੀ ਦੇ ਕੁੜਮ ਲਗਦੇ ਸਨ। ਸੋ ਸਤਕਾਰ ਵਜੋਂ ਗੁਰਦੇਵ ਸ੍ਰੀ ਅਮਰਦਾਸ ਜੀ ਨੂੰ ਮਿਲਨ ਵਾਸਤੇ ਉਠ ਖਲੋਤੇ।

''ਲਖ ਸੰਸਾਰ ਸੰਬੰਧ ਕੋ, ਹੁਏ ਸਤਿਗੁਰ ਠਾਂਢੇ।
ਗਲ ਮਿਲਬੇ ਕਹੁ ਤਯਾਰ ਭੇ, ਪਟ ਤੇ ਕਰ ਕਾਢੇ।
ਚਰਨ ਗਹੇ ਸ੍ਰੀ ਅਮਰ ਤਬ, ਬੰਧਨ ਕੋ ਠਾਨੀ।
ਉਚਿਤ ਨਹੀਂ ਗੁਰ ਮਿਲਨ ਕੇ, ਲਿਹੁ ਦਾਸ ਪਛਾਨੀ।''

ਸਰੂਪ ਦਾਸ ਦੇ ਸ਼ਬਦ ਹਨ :

''ਸਤਗੁਰ ਗਲ ਮਿਲਨੇ ਕੋ ਕਰਾ।
ਸਾਹਿਬ ਸਿਰ ਚਰਨਨ ਪਰ ਧਰਾ।''

ਸਮਾਜਕ ਬੰਧਨ ਏਨੇ ਸਖ਼ਤ ਹੁੰਦੇ ਹਨ, ਕਿ ਕਈ ਵਾਰ ਉਹਨਾਂ ਨੂੰ ਤੋੜ ਕੇ ਧਰਮ ਦੇ ਰਾਹ ਪੈਣਾ ਬੜਾ ਔਖਾ ਕੰਮ ਹੁੰਦਾ ਹੈ।

ਅੱਜ ਸਿੱਖ ਘਰਾਣੇ ਵਿਚ ਜਨਮੇ ਪੁਰਸ਼ ਦਾ ਅੰਮ੍ਰਿਤ ਛਕ ਕੇ ਗੁਰੂ ਦੀ ਗੋਦ ਵਿਚ ਬੈਠਣ ਦਾ ਹੱਕਦਾਰ ਬਣਨਾ ਸਗੋਂ ਇੱਜ਼ਤ ਵਾਲਾ ਕਰਮ ਹੈ। ਪਰ ਉਸ ਵੇਲੇ, ਜਦੋਂ ਅਜੇ ਸਿੱਖੀ ਵਜੂਦ ਵਿਚ ਆਈ ਹੀ ਸੀ, ਕਰਮ-ਕਾਂਡੀ ਸਨਾਤਨੀ ਲੋਕ ਗੁਰੂ ਨਾਨਕ ਦੇਵ ਜੀ ਨੂੰ ਕੁਰਾਹੀਆ ਤੇ ਸਿੱਖਾਂ ਨੂੰ ਧਰਮ ਕਰਮ ਤੋਂ ਭਟਕੇ ਹੋਏ ਕਹਿੰਦੇ ਸਨ, ਸਿੱਖੀ ਨੂੰ ਧਾਰਨ ਕਰਨਾ ਸੱਚ ਮੁੱਚ ਇਕ ਦਲੇਰੀ ਭਰਿਆ ਕਦਮ ਸੀ।

ਸ੍ਰੀ ਅਮਰਦਾਸ ਜੀ ਗੁਰੂ ਅੰਗਦ ਦੇਵ ਜੀ ਦੇ ਕੁੜਮ ਲਗਦੇ ਸਨ। ਫਿਰ ਸਮਾਜਕ ਤੌਰ 'ਤੇ ਪੁੱਤਰ ਪੱਖ ਦੇ ਰਿਸ਼ਤੇਦਾਰ ਆਪਣੇ ਆਪ ਨੂੰ ਜ਼ਰਾ

ਉਰੇਰਾ ਸਮਝਦੇ ਹਨ। ਦੂਸਰੀ ਗੱਲ, ਸ੍ਰੀ ਅਮਰਦਾਸ ਜੀ ਗੁਰੂ ਅੰਗਦ ਦੇਵ ਜੀ ਨਾਲੋਂ ਉਮਰੋਂ ਪੰਝੀ ਸਾਲ ਵੱਡੇ ਸਨ। ਪਰ ਇਹਨਾ ਸਾਰੀਆਂ ਸਮਾਜਕ ਬੰਦਸ਼ਾਂ ਨੂੰ ਤੋੜ ਕੇ ਸ੍ਰੀ ਅਮਰਦਾਸ ਜੀ ਗੁਰੂ ਅੰਗਦ ਦੇਵ ਜੀ ਦੇ ਚਰਨੀ ਲਿਪਟ ਗਏ। ਉਹਨਾਂ ਦੇ ਧੁਰ ਹਿਰਦੇ ਵਿਚੋਂ ਸ਼ਬਦ ਨਿਕਲੇ "ਅੱਜ ਅਮਰਦਾਸ ਗੁਰੂ ਵਾਲਾ ਬਣ ਗਿਆ ਹੈ, ਨਿਗੁਰਾ ਨਹੀਂ ਰਿਹਾ।"

ਸਹੀ ਰਸਤਾ ਮਿਲ ਗਿਆ। ਸ੍ਰੀ ਅਮਰਦਾਸ ਜੀ ਉਸ ਰਾਹ 'ਤੇ ਪੂਰਨ ਸਿਦਕ ਭਰੋਸੇ ਨਾਲ ਤੁਰ ਪਏ। ਹਜ਼ੂਰ ਨੇ ਸਿੱਖ ਇਤਿਹਾਸ ਵਿਚ ਇਕ ਨਵੀਂ ਮਿਸਾਲ ਕਾਇਮ ਕਰ ਦਿਤੀ।

ਸੱਚੀ ਪ੍ਰੀਤ ਕਿਸ ਨੂੰ ਕਹਿੰਦੇ ਹਨ, ਭਾਈ ਲਹਿਣਾ ਜੀ ਨੇ ਦੁਨੀਆਂ ਨੂੰ ਅਮਲੀ ਤੌਰ 'ਤੇ ਇਹ ਕਰ ਵਿਖਾਇਆ ਸੀ। ਗੁਰੂ ਨਾਨਕ ਦੇਵ ਜੀ ਜੋਤੀ ਜੋਤ ਸਮਾ ਗਏ, ਤਾਂ ਇਸ ਵਿਛੋੜੇ ਦਾ ਵਰਨਣ ਗੁਰੂ ਅੰਗਦ ਦੇਵ ਜੀ ਨੇ ਇਹਨਾਂ ਸ਼ਬਦਾਂ ਵਿਚ ਕੀਤਾ :

"ਜਿਸੁ ਪਿਆਰੇ ਸਿਉ ਨੇਹੁ, ਤਿਸੁ ਆਗੈ ਮਰਿ ਚਲੀਐ।
ਧ੍ਰਿਗੁ ਜੀਵਣੁ ਸੰਸਾਰਿ, ਤਾ ਕੈ ਪਾਛੈ ਜੀਵਣਾ।"

ਆਪਣੇ ਪ੍ਰੀਤਮ ਪਿਛੋਂ ਸੰਸਾਰ ਵਿਚ ਜਿਉਣਾ ਬੇਅਰਥ ਹੈ। ਪਰ ਪਿਆਰੇ ਦੀਆਂ ਸੌਂਪੀਆਂ ਜ਼ਿੰਮੇਵਾਰੀਆਂ ਨਿਭਾਉਣ ਵਾਸਤੇ ਬਿਰਹੋਂ ਦਾ ਸੱਲ ਸਹਿ ਕੇ ਵੀ ਜਿਉਣਾ ਪੈਂਦਾ ਹੈ।

ਸਿੱਖੀ ਹੋਰ ਅੱਗੇ। ਵਧੀ ਸ੍ਰੀ ਅਮਰਦਾਸ ਜੀ ਨੇ ਜਿਸ ਸਰਧਾ ਨਾਲ ਆਪਣੇ ਗੁਰੂ ਦੀ ਸੇਵਾ ਕੀਤੀ, ਉਹ ਘਾਲਣਾ ਵੀ ਆਪਣੀ ਮਿਸਾਲ ਆਪ ਹੈ।

ਜਿਨ ਕਿਸੇ ਵੀ ਪਾਇਆ, ਸੇਵਾ ਤੋਂ ਪਾਇਆ। ਸੇਵਾ ਬਾਰੇ ਤੀਸਰੇ ਪਾਤਸ਼ਾਹ ਦੇ ਵਿਚਾਰ ਸੁਣੋ। ਆਪ ਫੁਰਮਾਉਂਦੇ ਹਨ :

"ਸਤਿਗੁਰ ਕੀ ਸੇਵਾ ਸਫਲੁ ਹੈ, ਜੇ ਕੋ ਕਰੇ ਚਿਤੁ ਲਾਇ।
ਮਨਿ ਚਿੰਦਿਆ ਫਲੁ ਪਾਵਣਾ, ਹਉਮੈ ਵਿਚਹੁ ਜਾਇ।
ਬੰਧਨ ਤੋੜੈ, ਮੁਕਤਿ ਹੋਇ, ਸਚੇ ਰਹੇ ਸਮਾਇ।"

ਪਰ ਨਾਲ ਹੀ ਆਪ ਫ਼ੁਰਮਾਉਂਦੇ ਹਨ, ਸੇਵਾ ਕਰਨੀ ਹੈ ਇਕ ਕਠਨ ਕੰਮ।

"ਸਤਿਗੁਰ ਕੀ ਸੇਵਾ ਗਾਖੜੀ, ਸਿਰੁ ਦੀਜੈ, ਆਪ ਗਵਾਇ।
ਸਬਦਿ ਮਿਲਹਿ, ਤਾ ਹਰਿ ਮਿਲੈ, ਸੇਵਾ ਪਵੈ ਸਭ ਥਾਇ।"

ਸੇਵਾ ਥਾਇਂ ਪਈ, ਤਾਂ ਸਿੱਟਾ ਨਿਕਲਿਆ :

"ਨਾਨਕ, ਗੁਰ ਤੇ ਗੁਰੁ ਹੋਇਆ, ਵੇਖਹੁ ਤਿਸ ਕੀ ਰਜਾਇ।
ਇਹੁ ਕਾਰਣੁ ਕਰਤਾ ਕਰੇ, ਜੋਤੀ ਜੋਤਿ ਸਮਾਇ।"

ਸੇਵਾ ਕਰਦਾ ਕਰਦਾ ਸਿੱਖ ਗੁਰੂ ਬਣ ਗਿਆ। ਇਹ ਸਭ ਕੁਛ ਉਸ ਦੀ ਰਜ਼ਾ ਵਿਚ ਹੈ।

ਪਰ ਇਹ ਸਭ ਕੁਛ ਪਰਾਪਤ ਹੋਇਆ ਗੁਰੂ ਦੀ ਕਿਰਪਾ ਨਾਲ। ਮਹਾਰਾਜ ਫ਼ੈਸਲਾ ਦੇਂਦੇ ਹਨ :

"ਬਿਨੁ ਗੁਰ ਮੁਕਤਿ ਨ ਪਾਈਐ,
ਨਾ ਦੁਬਿਧਾ ਮਾਇਆ ਜਾਇ।"
"ਬਿਨੁ ਸਤਿਗੁਰ ਸੇਵ ਮੁਕਤਿ ਨ ਹੋਈ।"

ਸੇਵਾ ਬਾਰੇ ਅਸੀਂ ਫਿਰ ਕਿਸੇ ਦਿਨ ਵਿਚਾਰ ਕਰਾਂਗੇ। ਹੁਣ ਭਾਈ ਗੁਰਦਾਸ ਜੀ ਦਾ ਇਕ ਕਬਿੱਤ ਕਹਿ ਕੇ ਬੱਸ ਕਰਦੇ ਹਾਂ।

"ਸਤਿਗੁਰ ਚਰਨ ਸਰਨ ਚਲ ਜਾਇ ਸਿੱਖ,
ਚਰਨ ਸਰਨ ਤਾਂ ਕੀ ਜਗ ਚਲ ਆਵਈ।
ਸਤਿਗੁਰ ਆਗਯਾ ਸਤਯ ਸਤਯ ਕਰ ਮਾਨੈ ਸਿਖ,
ਆਗਯਾ ਤਾਹਿ ਸਕਲ ਸੰਸਾਰਹਿ ਹਿਤਾਵਈ।
ਸਤਗੁਰ ਸੇਵਾ ਭਾਇ ਪ੍ਰਾਨ ਪੂਜਾ ਕਰੈ ਸਿਖ,
ਸਰਬ ਨਿਧਾਨ ਅੱਗ੍ਰ ਭਾਗ ਲਿਵ ਲਾਵਈ,
ਸਤਿਗੁਰ ਸੀਖਯਾ ਦੀਖਯਾ ਹਿਰਦੈ ਪ੍ਰਵੇਸ ਜਾਹਿ।
ਤਾਂ ਕੀ ਸੀਖ ਸੁਨਤ ਪਰਮਪਦ ਪਾਵਈ।"

ਆਖੋ, ਧੰਨ ਸੇਵਾ ਦੇ ਪੁੰਜ ਗੁਰੂ ਅਮਰਦਾਸ ਜੀ।

ਗੁਰੂ ਅਰਜੁਨੁ ਪਰਤਖ ਹਰਿ

"ਭਨਿ ਮਥੁਰਾ, ਕਛੁ ਭੇਦੁ ਨਹੀ,
ਗੁਰੁ ਅਰਜੁਨੁ ਪਰਤਖੵ ਹਰਿ।"

ਜੇ ਇਸਦਾ ਅਰਥ ਏਨਾ ਹੀ ਲਿਆ ਜਾਵੇ, ਕਿ ਅਕਾਲ ਪੁਰਖ (ਹਰਿ) ਤੇ ਗੁਰੂ ਅਰਜਨ ਵਿਚ ਕੋਈ ਭੇਦ-ਭਾਵ ਨਹੀਂ, ਦੋਵੇਂ ਇਕ ਰੂਪ ਹਨ, ਤਾਂ ਇਸ ਭਾਵ ਦੇ ਪਰਮਾਣ ਹੋਰ ਵੀ ਮਿਲ ਜਾਂਦੇ ਹਨ।

ਭਗਤ ਰਵਿਦਾਸ ਜੀ ਕਹਿੰਦੇ ਹਨ :

"ਰਵਿਦਾਸੁ ਭਣੈ, ਜੋ ਜਾਣੈ, ਸੋ ਜਾਣੁ।
ਸੰਤ ਅਨੰਤਹਿ ਅੰਤਰੁ ਨਾਹੀ।"

ਉਹ ਪੁਰਸ਼ ਸੋਜਾਣ (ਸਮਝਦਾਰ) ਹੈ, ਜੋ ਇਹ ਜਾਣ ਲੈਂਦਾ ਹੈ, ਕਿ ਅਨੰਤ ਈਸ਼ਵਰ ਤੇ ਉਸਦੇ ਭਗਤਾਂ ਵਿਚ ਕੋਈ ਅੰਤਰ, ਫਰਕ ਨਹੀਂ।

'ਓਅੰਕਾਰੁ' ਨਾਮ ਦੀ ਬਾਣੀ ਵਿਚ ਜਗਤ ਗੁਰੂ ਨਾਨਕ ਦੇਵ ਮਹਾਰਾਜ ਫ਼ੁਰਮਾਉਂਦੇ ਹਨ,

"ਜਿਨਿ ਜਾਤਾ, ਸੋ ਤਿਸਹੀ ਜੇਹਾ
ਅਤਿ ਨਿਰਮਾਇਲੁ, ਸੀਝਸਿ ਦੇਹਾ।"

ਜੋ ਉਸਨੂੰ ਜਾਣ ਲੈਂਦਾ ਹੈ, ਉਹ ਓਸੇ ਵਰਗਾ ਹੋ ਜਾਂਦਾ ਹੈ, ਉਹ ਸਰੀਰ ਮਾਇਆ ਦੀ ਮੈਲ ਤੋਂ ਰਹਿਤ ਹੋ ਕੇ ਜੀਵਨ ਮੁਕਤ ਹੋ ਜਾਂਦਾ ਹੈ।

ਗੁਰੂ ਰਾਮਦਾਸ ਜੀ ਦਾ ਮਹਾਵਾਕ ਹੈ :

"ਨਾਨਕ, ਹਰਿਜਨ ਹਰਿ ਇਕੋ ਹੋਏ,

ਹਰਿ ਜਪਿ, ਹਰਿ ਸੇਤੀ ਰਲਿਆ।"

ਪੰਜਵੇਂ ਪਾਤਸ਼ਾਹ ਵੀ ਏਹੋ ਵਿਚਾਰ ਪਰਗਟ ਕਰਦੇ ਹਨ,

'ਜਿਨਾ ਨ ਵਿਸਰੈ ਨਾਮੁ, ਸੇ ਕਿਨੇਹਿਆ।

ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ।"

ਇਕ ਥਾਂ ਮਹਾਰਾਜ ਹੋਰ ਲਿਖਦੇ ਹਨ,

"ਹਰਿ ਕਾ ਸੇਵਕ, ਸੋ ਹਰਿ ਜੇਹਾ।

ਭੇਦੁ ਨ ਜਾਣਹੁ ਮਾਣਸ ਦੇਹਾ।"

ਗੁਰੂ ਤੇਗ ਬਹਾਦਰ ਜੀ ਦਾ ਫ਼ੁਰਮਾਨ ਹੈ,

"ਜੋ ਪ੍ਰਾਨੀ ਨਿਸਿਦਿਨਿ ਭਜੈ, ਰੂਪ ਰਾਮ ਤਿਹ ਜਾਨੁ।

ਹਰਿਜਨ ਹਰਿ ਅੰਤਰੁ ਨਹੀ, ਨਾਨਕ ਸਾਚੀ ਮਾਨੁ।"

ਏਸੇ ਕਥਨ ਦੀ ਪੁਸ਼ਟੀ ਗੁਰੂ ਗੋਬਿੰਦ ਸਿੰਘ ਮਹਾਰਾਜ ਕਰਦੇ ਹਨ,

"ਹਰਿ ਹਰਿਜਨ ਦੂਈ ਏਕ ਹੈ, ਬਿਬ ਵਿਚਾਰ ਕਛੁ ਨਾਹਿ।

ਜਲ ਤੇ ਉਪਜ ਤਰੰਗ ਜਿਉ, ਜਲ ਹੀ ਬਿਖੈ ਸਮਾਹਿ।"

ਪਰ ਮਥਰਾ ਭੱਟ ਦੀ ਉਪਰਲੀ ਪੰਗਤੀ ਦੇ ਇਹ ਅਰਥ ਬਣਦੇ ਨਹੀਂ। ਇਕ ਤਾਂ ਉਸ ਵਿਚ ਆਇਆ ਸ਼ਬਦ 'ਪਰਤਖਯ' ਇਹ ਅਰਥ ਨਹੀਂ ਬਣਨ ਦੇਂਦਾ, ਤੇ ਦੂਜੇ ਉਸ ਤੋਂ ਪਹਿਲੀ ਤੁਕ ਵੀ ਹੋਰ ਅਰਥ ਦੇਂਦੀ ਹੈ।

"ਧਰਨਿ ਗਗਨ, ਨਵ ਖੰਡ ਮਹਿ, ਜੋਤਿ ਸ੍ਵਰੂਪੀ ਰਹਿਓ ਭਰਿ।

ਭਨਿ ਮਥੁਰਾ, ਕਛੁ ਭੇਦੁ ਨਹੀ, ਗੁਰੁ ਅਰਜੁਨੁ ਪਰਤਖੵ ਹਰਿ।"

ਇਸ ਦਾ ਅਰਥ ਬਣਦਾ ਹੈ, "ਹੇ ਮਥਰਾ! ਇਸ ਵਿਚ ਕੋਈ ਭੇਦ ਜਾਂ ਭੁਲੇਖਾ ਨਹੀਂ, ਗੁਰੂ ਅਰਜਨ ਆਪ ਰੱਬ ਹੈ, ਜੋ ਜੋਤਿ ਸਰੂਪ ਹੋ ਕੇ ਧਰਤੀ, ਅਕਾਸ਼, ਨੌਂ ਖੰਡਾਂ ਵਿਚ ਵਿਆਪਕ ਹੈ।" ਭਾਵ ਗੁਰੂ ਅਰਜਨ ਹੀ ਰੱਬ ਹੈ।

ਇਹ ਵਿਚਾਰ ਕੇਵਲ ਮਥਰਾ ਭੱਟ ਦਾ ਹੀ ਨਹੀਂ, ਤੇ ਨਾ ਹੀ ਇਹ ਗੱਲ ਸੁਤੇ-ਸਿਧ ਜਾਂ ਬਿਨਾਂ ਸੋਚੇ ਸਮਝੇ ਕਹੀ ਗਈ ਹੈ, ਸਗੋਂ ਬਾਕੀ ਭੱਟਾਂ

ਦੇ ਵਿਚਾਰ ਵੀ ਇਸ ਨਾਲ ਮਿਲਦੇ ਹਨ। 'ਕੀਰਤ' ਭੱਟ ਗੁਰੂ ਅਮਰਦਾਸ ਜੀ ਬਾਰੇ ਕਹਿੰਦਾ ਹੈ :

''ਆਪਿ ਨਰਾਇਣੁ ਕਲਾ ਧਾਰਿ, ਜਗ ਮਹਿ ਪਰਵਰਿਯਉ।
ਨਿਰੰਕਾਰਿ ਆਕਾਰੁ, ਜੋਤਿ ਜਗ ਮੰਡਲਿ ਕਰਯਉ।''

ਅਰਥ ਹੈ, ਗੁਰੂ ਅਮਰਦਾਸ ਜੀ ਆਪ ਹੀ ਰੱਬ (ਨਰਾਇਣ) ਹੈ, ਜੋ ਆਪਣੀ ਸਕਤੀ (ਜੋਗ ਮਾਇਆ ਦਵਾਰਾ) ਸੰਸਾਰ ਵਿਚ ਪਰਗਟ ਹੋਇਆ ਹੈ। (ਇਉਂ ਸਮਝੋ, ਕਿ) ਨਿਰੰਕਾਰ (ਨਿਰ-ਆਕਾਰ, ਜਿਸ ਦਾ ਕੋਈ ਆਕਾਰ ਨਹੀਂ) ਆਪ ਹੀ ਸਾਕਾਰ ਰੂਪ ਧਾਰ ਕੇ ਆਪਣੀ ਜੋਤ ਦੁਨੀਆਂ ਅੰਦਰ ਪਰਗਟ ਕਰ ਰਿਹਾ ਹੈ।

'ਕੱਲ' ਭੱਟ, ਜਗਤ ਗੁਰੂ ਨਾਨਕ ਮਹਾਰਾਜ ਨੂੰ ਪਿੱਛੇ ਹੋ ਬੀਤੇ 'ਅਵਤਾਰਾਂ' ਦਾ ਹੀ ਰੂਪ, ਜਾਂ ਅਵਤਾਰ ਦੱਸਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੩੯੦ ਉਤੇ ਸੱਤਵਾਂ ਸਵੱਯਾ ਹੈ :

''ਸਤਿਜੁਗਿ ਤੈ ਮਾਣਿਓ, ਛਲਿਓ ਬਲਿ, ਬਾਵਨ ਭਾਇਓ।
ਤ੍ਰੇਤੈ ਤੈ ਮਾਣਿਓ, ਰਾਮੁ ਰਘੁਵੰਸੁ ਕਹਾਇਓ।
ਦੁਆਪੁਰਿ ਕ੍ਰਿਸਨ ਮੁਰਾਰਿ, ਕੰਸੁ ਕਿਰਤਾਰਥੁ ਕੀਓ।
ਉਗ੍ਰਸੈਣ ਕਉ ਰਾਜੁ, ਅਭੈ ਭਗਤਹ ਜਨ ਦੀਓ।
ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ, ਅਮਰੁ ਕਹਾਇਓ।
ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ, ਆਦਿ ਪੁਰਖਿ ਫੁਰਮਾਇਓ।''

ਇਹ ਵਿਚਾਰ ਹਿੰਦੂ ਧਰਮ ਦੇ ਹਨ, ਸਿੱਖ ਸਿਧਾਂਤ ਨਾਲ ਇਹ ਮੇਲ ਨਹੀਂ ਖਾਂਦੇ। ਵੇਦਿਕ ਧਰਮ ਅਨੁਸਾਰ 'ਵਿਸ਼ਨੂ' (ਈਸ਼ਵਰ) ਦੇ ਦਸ ਅਵਤਾਰ ਮੰਨੇ ਗਏ ਹਨ : ਮੱਛ, ਕੱਛ, (ਕੱਛੂ ਕੁੰਮਾ), ਵਰਾਹ (ਸੂਰ), ਨਰਸਿੰਘ (ਜਿਸ ਦਾ ਹੇਠਲਾ ਅੱਧਾ ਧੜ ਆਦਮੀ ਦਾ ਸੀ, ਤੇ ਉਤਲਾ ਅੱਧਾ ਧੜ ਸ਼ੇਰ ਦਾ), ਵਾਮਨ (ਬਾਵਨ, ਬਵੰਜਾ ਉਂਗਲਾਂ ਕੱਦ ਵਾਲਾ, ਬਾਉਣਾ), ਪਰਸਰਾਮ, ਰਾਮ ਚੰਦਰ, ਕ੍ਰਿਸ਼ਨ, ਤੇ ਬੁੱਧ। ਇਹ ਨੌਂ ਹੋ ਚੁੱਕੇ ਹਨ, ਤੇ ਉਹਨਾਂ ਦੇ ਵਿਚਾਰ ਅਨੁਸਾਰ ਦਸਵਾਂ 'ਕਲਕੀ ਅਵਤਾਰ' (ਨਿਹ-

ਕਲੰਕ) ਅਜੇ ਹੋਣਾ ਹੈ।

ਹੁਣ ਕੱਲ ਭੱਟ ਦੇ ਸਵੱਯੇ ਦੇ ਅਰਥ ਸੁਣੋ। ਉਹ ਕਹਿੰਦਾ ਹੈ, 'ਹੇ ਗੁਰੂ ਨਾਨਕ! ਸਤਜੁਗ ਵਿਚ ਤੂੰ ਰਾਜ ਜੋਗ ਮਾਣਿਆਂ ਤੇ ਬਾਵਨ ਰੂਪ ਧਾਰ ਕੇ, (ਜੋ ਰੂਪ ਤੈਨੂੰ ਭਾਇਆ, ਚੰਗਾ ਲੱਗਾ) ਰਾਜਾ ਬਲ ਨੂੰ ਛਲਿਆ।' ਪੁਰਾਣਕ ਕਥਾ ਹੈ, ਕਿ ਰਾਜਾ ਬਲ ਨੂੰ ਛਲਨ ਵਾਸਤੇ ਵਿਸ਼ਨੂੰ (ਰੱਬ) ਬਾਉਣੇ ਪੰਡਤ ਦਾ ਰੂਪ ਧਾਰ ਕੇ ਆ ਗਿਆ, ਤੇ ਰਾਜੇ ਕੋਲੋਂ ਕੁਟੀਆ ਵਾਸਤੇ ਢਾਈ ਕਰਮਾਂ ਥਾਂ ਮੰਗੀ। ਰਾਜੇ ਨੇ ਬਚਨ ਦੇ ਦਿਤਾ, ਤਾਂ ਰੱਬ ਨੇ ਛਲ ਕੀਤਾ, ਭਾਵ ਵਡੇਰੇ ਕੱਦ ਵਾਲਾ ਰੂਪ ਧਾਰ ਕੇ ਦੋ ਕਰਮਾਂ ਵਿਚ ਉਹਦੀ ਸਾਰੀ ਧਰਤੀ ਮਿਣ ਲਈ। ਬਾਕੀ ਅੱਧ ਕਰਮ ਥਾਂ ਵਾਸਤੇ ਰਾਜਾ ਬਲ ਨੇ ਆਪਣਾ ਸਰੀਰ ਪੇਸ਼ ਕੀਤਾ। ਭਗਵਾਨ ਨੇ ਰਾਜੇ ਦੀ ਛਾਤੀ 'ਤੇ ਪੈਰ ਧਰ ਕੇ ਉਸ ਨੂੰ ਪਾਤਾਲ ਨਿਘਾਰ ਦਿਤਾ। ਰਾਜਾ ਬਲ ਨੇ ਭਗਵਾਨ ਦਾ ਪੈਰ ਫੜ ਲਿਆ, ਤੇ ਕਿਹਾ, 'ਪ੍ਰਭੂ! ਆਪਣੇ ਬਚਨ 'ਤੇ ਪੱਕੇ ਰਹੋ। ਤੁਹਾਡਾ ਵਾਹਦਾ ਹੈ, ਕਿ ਮੇਰੇ ਬੂਹੇ ਉਤੇ ਕੁਟੀਆ ਪਾਉਗੇ।' ਬ੍ਰਹਿਮਣੀ ਮਿਥਿਹਾਸ ਅਨੁਸਾਰ, ਤਿੰਨੇ ਵੱਡੇ ਦੇਵਤੇ (ਵਿਸ਼ਨੂੰ, ਬ੍ਰਹਮਾ, ਸ਼ਿਵਜੀ) ਸਾਲ ਵਿਚੋਂ ਚਾਰ ਚਾਰ ਮਹੀਨੇ ਵਾਰੀ ਨਾਲ ਉਹਦੇ ਦਵਾਰੇ 'ਤੇ ਰਹਿੰਦੇ ਹਨ।

ਭੱਟ ਕਹਿੰਦਾ ਹੈ, ਕਿ ਤ੍ਰੇਤੇ ਜੁਗ ਵਿਚ ਤੂੰ ਰਘੁਵੰਸੀ ਰਾਮ ਚੰਦਰ ਦਾ ਰੂਪ ਧਾਰ ਕੇ ਰਾਜ ਜੋਗ ਮਾਣਿਆਂ। ਦੁਆਪਰ ਵਿਚ ਤੂੰ ਭਗਵਾਨ ਕ੍ਰਿਸ਼ਨ ਮੁਰਾਰੀ ਬਣ ਕੇ ਆ ਗਿਓਂ। 'ਮੁਰ' ਨਾਮ ਦੇ ਦੈਂਤ ਨੂੰ ਮਾਰਨ ਕਰਕੇ ਕ੍ਰਿਸ਼ਨ ਜੀ ਨੂੰ ਮੁਰਾਰੀ (ਮੁਰ-ਅਰੀ, ਮੁਰ ਦਾ ਵੈਰੀ) ਕਿਹਾ ਜਾਂਦਾ ਹੈ। ਮੁਰ ਦੈਂਤ ਨੂੰ ਮਾਰਿਆ, ਤੇ ਕੰਸ ਨੂੰ ਮਾਰ ਕੇ ਕਿਰਤਾਰਥ, ਭਾਵ, ਮੁਕਤ ਕੀਤਾ। ਭਾਵ ਇਹ ਹੈ, ਕਿ ਭਗਵਾਨ ਕ੍ਰਿਸ਼ਨ ਦੇ ਹੱਥੋਂ ਮਰਨ ਕਰ ਕੇ ਪਾਪੀ ਕੰਸ ਵੀ ਮੁਕਤ ਹੋ ਗਿਆ।

ਤੂੰ ਆਪਣੇ ਨਾਨੇ ਉਗ੍ਰਸੈਣ ਨੂੰ ਰਾਜ ਤੇ ਆਪਣੇ ਭਗਤ ਜਨਾਂ ਨੂੰ ਅਭੈ ਦਾਨ ਦਿਤਾ।

ਹੇ ਗੁਰੂ ਨਾਨਕ, ਕਲਜੁਗ ਵਿਚ ਤੂੰ ਪੂਰਨ ਸ਼ਕਤੀਮਾਨ ਹੈਂ। ਗੁਰੂ ਅੰਗਦ ਦੇਵ ਤੇ ਗੁਰੂ ਅਮਰਦਾਸ ਵੀ ਤੂੰ ਹੀ ਹੈਂ। ਇਹ ਅਕਾਲਪੁਰਖ ਦਾ ਹੁਕਮ ਹੈ, ਕਿ ਗੁਰੂ ਨਾਨਕ ਦਾ ਰਾਜ ਅਟੱਲ ਤੇ ਸਦਾ ਥਿਰ ਰਹਿਣ ਵਾਲਾ ਹੈ।

ਉਪਰਲੇ ਸਾਰੇ ਪਰਮਾਣਾ ਦਾ ਨਚੋੜ ਇਹ ਹੈ, ਕਿ ਭੱਟਾਂ ਨੇ ਗੁਰੂ ਨਾਨਕ ਮਹਾਰਾਜ ਤੇ ਹੋਰ ਗੁਰੂ ਸਾਹਿਬਾਨ ਨੂੰ ਰੱਬ ਮੰਨਿਆਂ ਹੈ। 'ਗੁਰੁ ਅਰਜੁਨੁ ਪਰਤਖੁ ਹਰਿ।' ਗੁਰੂ ਅਰਜਨ ਰੱਬ ਹੈ। ਪਰ ਗੁਰੂ ਅਰਜਨ ਦੇਵ ਮਹਾਰਾਜ ਇਸ ਵਿਚਾਰ ਦਾ ਵਿਰੋਧ ਕਰਦੇ ਹਨ। ਆਪ ਭੈਰਉ ਰਾਗ ਵਿਚ ਫ਼ੁਰਮਾਉਂਦੇ ਹਨ :

"ਸਗਲੀ ਥੀਤਿ ਪਾਸਿ ਡਾਰਿ ਰਾਖੀ।
ਅਸਟਮ ਥੀਤਿ ਗੋਵਿੰਦ ਜਨਮਾਸੀ।
ਭਰਮਿ ਭੂਲੇ ਨਰ ਕਰਤ ਕਚਰਾਇਣ।
ਜਨਮ ਮਰਣ ਤੇ ਰਹਤ ਨਾਰਾਇਣ।
ਕਰਿ ਪੰਜੀਰੁ ਖਵਾਇਓ ਚੋਰ।
ਓਹੁ ਜਨਮਿ ਨ ਮਰੈ, ਰੇ ਸਾਕਤ ਢੋਰ।
ਸਗਲ ਪਰਾਧ ਦੇਹਿ ਲੋਰੋਨੀ।
ਸੋ ਮੁਖੁ ਜਲਉ, ਜਿਤੁ ਕਹਹਿ ਠਾਕੁਰੁ ਜੋਨੀ।
ਜਨਮਿ ਨ ਮਰੈ, ਨ ਆਵੈ ਨ ਜਾਇ।
ਨਾਨਕ ਕਾ ਪ੍ਰਭੁ ਰਹਿਓ ਸਮਾਇ।"

ਥੀਤਿ, ਥਿੱਤ, ਤਿਥਿ, ਦਾ ਅਰਥ ਹੈ, ਚੰਦਰਮਾ ਦੇ ਹਿਸਾਬ ਨਾਲ ਗਿਣੇ ਜਾਣ ਵਾਲੇ ਦਿਨ। ਤਾਰੀਖ਼, ਜਾਂ ਪ੍ਰਵਿਸ਼ਟਿ, ਸੂਰਜ ਤੋਂ ਗਿਣੇ ਜਾਣ ਵਾਲੇ ਦਿਨ। ਅਸੀਂ ਕਹਿੰਦੇ ਹਾਂ, ਵੀਹ ਵਿਸਾਖ। ਇਸ ਦਾ ਅਰਥ ਹੈ, ਕਿ ਸੂਰਜ ਇਕ ਰਾਸ ਤੋਂ ਦੂਸਰੀ ਰਾਸ ਵਿਚ ਬਦਲਿਆ, ਤਾਂ ਮਹੀਨਾ (ਵਿਸਾਖ) ਸ਼ੁਰੂ ਹੋ ਗਿਆ। ਸੋ ਵੀਹ ਵਿਸਾਖ ਸੂਰਜ ਦੇ ਹਿਸਾਬ ਨਾਲ ਹੈ। ਪਰ ਵਿਸਾਖ ਸੁਦੀ ਤਿੰਨ ਦਾ ਅਰਥ ਹੈ, ਵਿਸਾਖ ਵਿਚ ਆਈ ਮੱਸਿਆ

ਤੋਂ ਪਿੱਛੋਂ ਤੀਸਰਾ ਦਿਨ। ਮੱਸਿਆ ਪਿਛੋਂ ਆਉਣ ਵਾਲੀਆਂ ਪੰਦਰਾਂ ਥਿੱਤਾਂ 'ਸੁਦੀ' ਤੇ ਪੂਰਨਮਾਸ਼ੀ ਪਿਛੋਂ ਆਉਣ ਵਾਲੀਆਂ ਪੰਦਰਾਂ 'ਵਦੀ' ਅਖਵਾਉਂਦੀਆਂ ਹਨ।

ਭਗਵਾਨ ਕ੍ਰਿਸ਼ਨ ਜੀ ਦਾ ਜਨਮ ਦਿਨ ਭਾਦਰੋਂ ਵਦੀ ਅਸ਼ਟਮੀ ਨੂੰ ਹੈ। ਉਪਰਲੇ ਸ਼ਬਦ ਵਿਚ ਏਸੇ ਥਿੱਤ ਵੱਲ ਇਸ਼ਾਰਾ।

ਬਾਕੀ ਸਾਰੀਆਂ ਥਿੱਤਾਂ ਨੂੰ ਪਾਸੇ ਛਡ ਦੇਂਦਾ ਹੈਂ, ਉਹਨਾਂ ਦਿਨਾਂ ਵਿਚ ਤੈਨੂੰ ਕਦੇ ਪ੍ਰਭੂ ਯਾਦ ਨਹੀਂ ਆਉਂਦਾ। ਤੇ ਜਨਮ ਅਸ਼ਟਮੀ ਵਾਲੇ ਦਿਨ ਕਹਿੰਦਾ ਹੈਂ, ਅਜ ਰੱਬ ਜਨਮਿਆਂ ਹੈ। ਉਸ ਦਿਨ ਉਸ ਦੀ ਪੂਜਾ ਕਰਦਾ ਹੈਂ, ਨਾਮ ਜਪਦਾ ਹੈਂ, ਪੁੰਨ ਦਾਨ ਕਰਦਾ ਹੈਂ।

ਗੁਰਦੇਵ ਕਹਿੰਦੇ ਹਨ, ਭਰਮਾਂ ਭੁਲੇਖਿਆਂ ਵਿਚ ਪਏ ਹੋਏ ਲੋਕ ਕੱਚੀਆਂ ਗੱਲਾਂ ਕਰਦੇ ਹਨ। ਨਾਰਾਇਣ, ਈਸ਼ਵਰ ਤਾਂ ਜਨਮ ਮਰਨ ਤੋਂ ਰਹਿਤ ਹੈ। ਤੂੰ ਪੰਜੀਰੀ ਬਣਾ ਕੇ ਲੋਕਾਂ ਤੋਂ ਚੋਰੀ ਚੋਰੀ ਉਸ ਨੂੰ ਖੁਆਉਂਦਾ ਹੈਂ, ਭੋਗ ਲੁਆਉਂਦਾ ਹੈਂ। ਓ ਢੋਰ, ਪਸ਼ੂ, ਮਹਾਮੂਰਖ, ਉਹ ਜਨਮ ਕੇ ਮਰਦਾ ਨਹੀਂ। ਪਰ ਤੂੰ ਤਾਂ ਉਸ ਨੂੰ ਬਾਲਕ ਸਮਝਕੇ, ਪੰਘੂੜੇ ਵਿਚ ਪਾ ਕੇ ਲੋਰੀਆਂ ਦੇਂਦਾ ਹੈਂ। ਇਹ ਸਾਰਿਆਂ ਅਪਰਾਧਾਂ ਨਾਲੋਂ ਵੱਡਾ ਅਪਰਾਧ ਹੈ। ਹਜ਼ੂਰ ਫ਼ੁਰਮਾਉਂਦੇ ਹਨ, ਉਹ ਮੂੰਹ ਜਲ ਜਾਏ, ਜੋ ਕਹਿੰਦਾ ਹੈ, ਕਿ ਠਾਕੁਰ ਮਾਂ ਦੀ ਕੁੱਖ ਤੋਂ ਜਨਮਿਆਂ ਹੈ। ਗੁਰਦੇਵ ਕਹਿੰਦੇ ਹਨ, ਨਾਨਕ ਰੱਬ ਹਰ ਸਮੇਂ ਤੇ ਹਰ ਥਾਂ ਸਮਾਇਆ ਹੋਇਆ ਹੈ। ਉਹ ਨਾ ਜਨਮਦਾ ਹੈ, ਨਾ ਮਰਦਾ ਹੈ, ਨਾ ਕਿਤੋਂ ਆਉਂਦ ਹੈ, ਨਾ ਜਾਂਦਾ ਹੈ।

ਵਡਹੰਸ ਰਾਗ ਵਿਚ ਹਜ਼ੂਰ ਫ਼ੁਰਮਾਉਂਦੇ ਹਨ :

"ਆਇਨ ਜਾਵੈ, ਮੇਰਾ ਪ੍ਰਭੁ ਅਬਿਨਾਸੀ।"

ਮਾਰੂ ਦੀ ਵਾਰ ਵਿਚ ਮਹਾਰਾਜ ਫਿਰ ਇਸ ਵਿਚਾਰ ਦੀ ਪੁਸ਼ਟੀ ਕਰਦੇ ਹਨ :

"ਤੂ ਪਾਰਬ੍ਰਹਮੁ ਪਰਮੇਸਰੁ ਜੋਨਿ ਨ ਆਵਹੀ।"

ਗੁਰੂ ਨਾਨਕ ਦੇਵ ਜੀ ਰੱਬ ਦੇ ਲੱਛਣ, ਗੁਣ ਦਸਦੇ ਹਨ :

"ਅਮਰੁ, ਅਜੋਨੀ, ਜਾਤਿ ਨ ਜਾਲਾ।"

ਉਹ ਅਮਰ ਹੈ, ਕਦੇ ਮਰਦਾ ਨਹੀਂ, ਅਜੋਨੀ ਹੈ, ਮਾਤਾ ਦੀ ਕੁੱਖ ਵਿਚ ਨਹੀਂ ਆਉਂਦਾ, ਉਸ ਦੀ ਕੋਈ ਜਾਤ ਨਹੀਂ, ਨਾ ਹੀ ਉਸ ਨੂੰ ਕੋਈ ਬੰਧਨ (ਜਾਲਾ) ਹੈ।

ਗੁਰਦੇਵ ਮਾਰੂ ਰਾਗ ਵਿਚ ਫ਼ੁਰਮਾਉਂਦੇ ਹਨ :

"ਨਾ ਤਿਸੁ ਮਾਤ, ਪਿਤਾ ਸੁਤ, ਭ੍ਰਾਤਾ।"

ਜੋ ਦੇਹ ਧਾਰ ਕੇ ਜਨਮਿਆਂ ਹੈ, ਉਸ ਦੇ ਮਾਤਾ, ਪਿਤਾ, ਭਾਈ, ਪੁੱਤਰ ਹੈਨ, ਤੇ ਜਨਮ ਕਰਕੇ ਉਸ ਦੀ ਕੋਈ ਜਾਤ ਗੋਤ ਵੀ ਮੰਨੀ ਜਾਇਗੀ। ਪਰ ਰੱਬ ਅਜਨਮਾ ਹੈ, ਇਸ ਵਾਸਤੇ ਉਸ ਦੀ ਕੋਈ ਜਾਤ ਪਾਤ, ਜਾਂ ਸਾਕ ਸੰਬੰਧੀ ਨਹੀਂ।

ਗੁਰੂ ਗੋਬਿੰਦ ਸਿੰਘ ਮਹਾਰਾਜ ਦਾ ਕਥਨ ਹੈ :

"ਤਾਤ, ਮਾਤ, ਨ ਜਾਤ ਜਾਕਰ, ਜਨਮ ਮਰਣ ਬਿਹੀਨ।"

"ਆਦਿ, ਅਜੋਨਿ, ਅਜੈ, ਅਬਿਨਾਸੀ, ਤਿਹ ਪਰਮੇਸਰ ਜਾਨੋ।"

ਜਿਹੜੀ ਸ਼ਕਤੀ ਆਦਿ ਤੋਂ ਹੈ, ਅਜੋਨੀ ਹੈ, ਅਜੈ (ਨਾ ਜਿੱਤੀ ਜਾਣ ਵਾਲੀ) ਹੈ, ਅਬਿਨਾਸੀ (ਨਾ ਨਾਸ ਹੋਣ ਵਾਲੀ) ਹੈ, ਕੇਵਲ ਉਸ ਨੂੰ ਪਰਮੇਸ਼ਰ ਜਾਣੋ।

ਇਹ ਹਨ ਗੁਰੂ ਸਾਹਿਬਾਨ ਦੇ ਵਿਚਾਰ, ਭਾਵ, ਸਿੱਖ ਧਰਮ ਦਾ ਮੂਲ ਸਿਧਾਂਤ, ਕਿ ਰੱਬ ਕਦੇ ਦੇਹ ਧਾਰ ਕੇ ਨਹੀਂ ਆਉਂਦਾ, ਪਰ ਭੱਟ ਕਹਿ ਰਹੇ ਹਨ "ਗੁਰੁ ਅਰਜੁਨੁ ਪਰਤਖੁ ਹਰਿ।" ਇਸ ਦਾ ਕਾਰਨ ?

ਭੱਟ ਹਿੰਦੂ ਮੱਤ ਦੇ ਗ੍ਰੰਥਾਂ ਦੇ ਵਿਦਵਾਨ ਸਨ। ਜੇਹੋ ਜੇਹੇ ਗ੍ਰੰਥਾਂ ਦਾ ਕੋਈ ਅਧੈਨ ਕਰਦਾ ਹੈ, ਓਹ ਜੇਹੇ ਉਸ ਦੇ ਵਿਚਾਰ ਦ੍ਰਿੜ੍ਹ ਹੋ ਜਾਂਦੇ ਸਨ।

ਗੀਤਾ ਵਿਚ ਥਾਂ ਥਾਂ ਲਿਖਿਆ ਹੈ, ਭਗਵਾਨ ਕ੍ਰਿਸ਼ਨ ਰੱਬ ਹਨ। ਮਿਸਾਲ ਵਜੋਂ ਚੌਥੇ ਅਧਿਯਾਏ ਦੇ ਸਲੋਕ ੬, ੭, ੮ ਵੇਖੀਏ।

अजोऽपि सन्नव्ययात्मा भूतानामीश्वरोऽपि सन्।

प्रकृतिं स्वामधिष्ठाय संभवाम्यात्ममायया । 6 ।

ਮੇਰਾ ਜਨਮ ਪ੍ਰਿਕਿਰਤੀ ਦਵਾਰਾ ਰਚ ਮਨੁੱਖਾਂ ਵਾਂਗ ਨਹੀਂ ਹੈ। ਮੈਂ ਅਬਿਨਾਸ਼ੀ ਸਰੂਪ, ਅਜਨਮਾ ਹੋਣ 'ਤੇ ਵੀ, ਤਥਾ ਸਭ ਪ੍ਰਾਣੀਆਂ ਦਾ ਈਸ਼ਵਰ ਹੁੰਦਾ ਹੋਇਆ, ਆਪਣੀ ਪ੍ਰਕਿਰਤੀ ਨੂੰ ਅਧੀਨ ਕਰ ਕੇ, ਯੋਗ ਮਾਇਆ ਦੁਆਰਾ ਪਰਗਟ ਹੁੰਦਾ ਹਾਂ।

यदा यदा हि धर्मस्य ग्लानिर्भवति भारत ।

अभ्युत्थानमधर्मस्य तदात्मानं सृजाम्यहम् । 7 ।

ਹੇ ਭਾਰਤ (ਅਰਜਨ)! ਜਦੋਂ ਜਦੋਂ ਧਰਮ ਦੀ ਹਾਨੀ ਤੇ ਅਧਰਮ (ਪਾਪ) ਦੀ ਵਰਿਧੀ ਹੁੰਦੀ ਹੈ, ਤਦ ਤਦ ਮੈਂ ਆਪਣਾ ਰੂਪ ਧਾਰ ਕੇ ਪਰਗਟ ਹੁੰਦਾ ਹਾਂ।

परित्राणाय साधूनां विनाशाय च दुष्कृताम ।

धर्मसंस्थापनार्थाय सम्भवामि युगे युगे ।

ਸਾਧੂ ਪੁਰਸ਼ਾਂ ਦਾ ਉਧਾਰ ਕਰਨ ਵਾਸਤੇ, ਦੁਸ਼ਟਾਂ ਦਾ ਨਾਸ ਕਰਨ ਬਦਲੇ, ਤੇ ਦੁਬਾਰਾ ਧਰਮ ਦੀ ਸਥਾਪਨਾ ਕਰਨ ਵਾਸਤੇ ਮੈਂ ਹਰ ਜੁੱਗ ਵਿਚ ਪਰਗਟ ਹੁੰਦਾ ਹਾਂ।

ਇਹ ਸਨ ਵਿਚਾਰ, ਜਿਨ੍ਹਾਂ ਦਾ ਅਸਰ ਭੱਟਾਂ ਦੇ ਮਨ 'ਤੇ ਸੀ। ਉਹ ਅਵਤਾਰ-ਫ਼ਿਲਾਸਫ਼ੀ, ਭਾਵ, ਵਿਸ਼ਨੂੰ (ਰੱਬ) ਦੇ ਅਵਤਾਰ ਧਾਰ ਕੇ ਆਉਣ ਨੂੰ ਮੰਨਦੇ ਸਨ। ਉਸਤਤ ਕਰਨ ਲੱਗਿਆਂ ਗੁਰੂ ਸਾਹਿਬਾਨ ਨੂੰ ਵੀ ਉਹਨਾਂ ਵਿਸ਼ਨੂੰ ਦੇ ਅਵਤਾਰ, ਰੱਬ ਮੰਨ ਲਿਆ।

ਸਵਾਲ ਪੈਦਾ ਹੁੰਦਾ ਹੈ, ਕਿ ਜਦ ਭੱਟਾਂ ਦੀ ਰਚਨਾ ਸਿੱਖ-ਸਿਧਾਂਤ ਨਾਲ ਮੇਲ ਨਹੀਂ ਸੀ ਖਾਂਦੀ, ਤਾਂ ਗੁਰੂ ਅਰਜਨ ਦੇਵ ਜੀ ਨੇ ਉਸਨੂੰ ਗੁਰੂ ਗ੍ਰੰਥ ਸਾਹਿਬ ਵਿਚ ਥਾਂ ਕਿਉਂ ਦਿਤੀ।

ਭੱਟ ਗੁਰੂ ਘਰ ਦੇ ਮਾਂਗਤ ਸਨ ਤੇ ਸ਼ਰਧਾਲੂ ਵੀ। ਸ਼ਰਧਾਲੂ ਆਪਣੇ ਵਿਚਾਰਾਂ ਅਨੁਸਾਰ ਹੀ ਆਪਣੇ ਗੁਰੂ ਦੀ ਤਾਰੀਫ਼ ਕਰਦਾ ਹੈ। ਸੋ ਭੱਟਾਂ ਨੇ ਮਹਾਰਾਜ ਦੀ ਉਸਤਤ ਕਰਨ ਲਗਿਆਂ, ਆਪਣੇ ਵੱਲੋਂ ਵੱਡੀ ਤੋਂ ਵੱਡੀ

ਪਦਵੀ ਦਿਤੀ, ਤੇ 'ਪਰਤੱਖ ਹਰਿ' ਕਿਹਾ।

ਭਗਤਾਂ ਦੀ ਬਾਣੀ ਵਿਚ ਵੀ ਕਈ ਥਾਂਈ ਅਜੇਹੇ ਵਿਚਾਰ ਹਨ, ਜੋ ਗੁਰੂ ਮਹਾਰਾਜ ਦੇ ਸਿਧਾਂਤ ਨਾਲ ਨਹੀਂ ਮਿਲਦੇ। ਮਿਸਾਲ ਵਜੋਂ ਬਾਵਾ ਫ਼ਰੀਦ ਜੀ ਨੂੰ ਹੀ ਲੈ ਲਵੋ। ਉਹ ਪੱਕੇ ਮੁਸਲਮਾਨ ਤੇ ਇਸਲਾਮੀ ਸ਼ਰ੍ਹਾ ਦੇ ਪਾਬੰਦ ਹਨ। ਉਹ 'ਸਿਰਾਤ ਦੇ ਪੁਲ' ਦਾ ਜ਼ਿਕਰ ਕਰਦੇ ਹਨ।

"ਵਾਲਹੁ ਨਿਕੀ ਪੁਰਸਲਾਤ, ਕੰਨੀ ਨ ਸੁਣੀਆਇ।"

ਇਸਲਾਮੀ ਵਿਚਾਰ-ਧਾਰਾ ਅਨਸਾਰ ਦੋਜ਼ਖ਼ ਦੀ ਬਲਦੀ ਅੱਗ ਉਤੇ ਵਾਲ ਨਾਲੋਂ ਵੀ ਬਰੀਕ (ਤੰਗ) 'ਸਰਾਤ ਦਾ ਪੁਲ' ਹੈ, ਜਿਸ ਦੇ ਉਪਰ ਦੀ ਹਰ ਪ੍ਰਾਣੀ ਨੂੰ ਲੰਘਣਾ ਪੈਂਦਾ ਹੈ।

ਫਿਰ ਫ਼ਰੀਦ ਜੀ ਇਕ ਥਾਂ ਹੋਰ ਲਿਖਦੇ ਹਨ:

"ਗੋਰਾਂ ਸੇ ਨਿਮਾਣੀਆ ਬਹਸਨਿ ਰੂਹਾਂ ਮਲਿ।"

ਇਹ ਵੀ ਇਸਲਾਮੀ ਖ਼ਿਆਲ ਹੈ, ਕਿ ਕਿਆਮਤ ਦੇ ਰੋਜ਼ ਤਕ ਰੂਹਾਂ ਕਬਰਾਂ ਵਿਚ ਪਈਆਂ ਇਨਸਾਫ਼ ਦੀ ਉਡੀਕ ਕਰਨਗੀਆਂ। ਉਸ ਦਿਨ ਫਿਰ ਖ਼ੁਦਾ ਸਭ ਨੂੰ ਕਬਰਾਂ ਵਿਚੋਂ ਉਠਾ ਕੇ, ਉਹਨਾਂ ਦੇ ਕੀਤੇ ਅਮਲਾਂ ਮੁਤਾਬਕ ਨਿਆਂ ਕਰੇਗਾ।

ਫਿਰ ਫ਼ਰੀਦ ਪੰਜੇ ਵਕਤ ਮਸੀਤ ਵਿਚ ਜਾ ਕੇ ਨਮਾਜ਼ ਪੜ੍ਹਨੀ ਲਾਜ਼ਮੀ ਮੰਨਦਾ ਹੈ। ਨਮਾਜ਼ ਨਾ ਪੜ੍ਹਨ ਵਾਲੇ ਵਾਸਤੇ ਬੜੇ ਸਖ਼ਤ ਸ਼ਬਦ ਵਰਤਦਾ ਹੈ, 'ਕੁੱਤਾ' ਤਕ ਕਹਿੰਦਾ ਹੈ।

"ਫਰੀਦਾ, ਬੇਨਿਵਾਜਾ ਕੁਤਿਆ, ਏਹ ਨ ਭਲੀ ਰੀਤਿ।
ਕਬਹੀ ਚਲਿ ਨ ਆਇਆ, ਪੰਜੇ ਵਖਤ ਮਸੀਤਿ।
ਉਠੁ ਫਰੀਦਾ, ਉਜੂ ਸਾਜਿ, ਸੁਬਹ ਨਿਵਾਜ ਗੁਜਾਰਿ।
ਜੋ ਸਿਰੁ ਸਾਂਈ ਨਾ ਨਿਵੈ, ਸੋ ਸਿਰੁ ਕਪਿ ਉਤਾਰਿ।"

ਤਾਂ ਕੀ ਸਿਖ ਨੂੰ ਵੀ ਰੋਜ਼ ਪੰਜ ਵਾਰ ਮਸੀਤ ਵਿਚ ਜਾ ਕੇ ਨਮਾਜ਼ ਪੜ੍ਹਨੀ ਚਾਹੀਦੀ ਹੈ? ਜਿਹੜੇ ਸੱਜਣ ਕਹਿੰਦੇ ਹਨ, ਕਿ ਜੋ ਕੁਛ ਵੀ ਗੁਰੂ ਗ੍ਰੰਥ ਸਾਹਿਬ ਵਿਚ ਛਪਿਆ ਹੈ, ਉਹ ਸਭ ਕੁਛ ਸਿਖਾਂ ਵਾਸਤੇ ਮੰਨਣਾ

ਲਾਜ਼ਮੀ ਹੈ। ਉਹਨਾਂ ਨੂੰ ਇਸ ਮਸਲੇ 'ਤੇ ਵਿਚਾਰ ਕਰਨੀ ਚਾਹੀਦੀ ਹੈ।

ਇਹ ਰਚਨਾ ਸਿਰਫ਼ ਪਰਮਾਣ ਵਜੋਂ ਦਿਤੀ ਗਈ ਹੈ, ਕਿ ਜਿਵੇਂ ਫ਼ਰੀਦ ਮੁਸਲਮਾਨ ਨੂੰ ਆਪਣੀ ਸ਼ਰ੍ਹਾ ਵਿਚ ਪਕਿਆਂ ਰਹਿਣ ਦਾ ਉਪਦੇਸ਼ ਦੇਂਦਾ ਹੈ, ਸਿੱਖ ਨੂੰ ਵੀ ਓਸੇ ਤਰਾਂ ਆਪਣੇ ਧਰਮ ਵਿਚ ਪੱਕਿਆਂ ਰਹਿਣਾ ਚਾਹੀਦਾ ਹੈ।

ਕੁਛ ਹੋਰ ਭਗਤਾਂ ਦੇ ਵਿਚਾਰ ਵੀ ਸਿੱਖ ਧਰਮ ਨਾਲ ਨਹੀ ਮਿਲਦੇ। ਸਭ ਤੋਂ ਪਹਿਲਾਂ ਅਸੀਂ ਭਗਤ ਨਾਮਦੇਵ ਜੀ ਨੂੰ ਲੈਂਦੇ ਹਾਂ। ਨਾਮਦੇਵ ਜੀ ਕ੍ਰਿਸ਼ਨ ਦੇ ਪੁਜਾਰੀ ਹਨ। ਕ੍ਰਿਸ਼ਨ ਜੀ ਦੇ ਦੇਹੁਰੇ ਪੂਜਾ ਕਰਨ ਜਾਂਦੇ ਹਨ, ਪਰ ਉੱਚ-ਜਾਤੀਏ ਪੰਡਤ, ਭਗਤ ਨੂੰ ਨੀਚ ਜਾਤ ਦਾ ਕਹਿਕੇ ਦੇਹੁਰੇ ਵਿਚੋਂ ਕੱਢ ਦੇਂਦੇ ਹਨ। ਭਗਤ ਜੀ ਭਗਵਾਨ ਅੱਗੇ ਗਿਲ੍ਹਾ ਕਰਦੇ ਹਨ।

"ਹਸਤ ਖੇਲਤ ਤੇਰੇ ਦੇਹੁਰੇ ਆਇਆ।
ਭਗਤਿ ਕਰਤ ਨਾਮਾ ਪਕਰਿ ਉਠਾਇਆ।
ਹੀਨੜੀ ਜਾਤ ਮੇਰੀ, ਜਾਦਮ ਰਾਇਆ।
ਛੀਪੇ ਕੇ ਜਨਮਿ ਕਾਹੇ ਕਉ ਆਇਆ।"

ਜਾਦਮ ਰਾਇਆ, ਜਾਦਵਾਂ ਦਾ ਰਾਜਾ, ਭਗਵਾਨ ਕ੍ਰਿਸ਼ਨ। ਇਹਨਾਂ ਪੰਗਤੀਆਂ ਤੋਂ ਦੋ ਗੱਲਾਂ ਸਿਧ ਹੁੰਦੀਆਂ ਹਨ: ਇਕ, ਨਾਮਦੇਵ ਜੀ ਕ੍ਰਿਸ਼ਨ ਦੇ ਪੁਜਾਰੀ ਹਨ। ਦੂਸਰੀ, ਉਹ ਮੰਨੂ ਦੀ ਬਣਾਈ ਜਾਤਪਾਤ ਨੂੰ ਮੰਨਦੇ ਹਨ। ਕਿਉਂਕਿ ਉਹ ਜਾਤ-ਪਾਤ ਦਾ ਖੰਡਨ ਕਰਨ ਦੀ ਥਾਂ, ਇਸ ਗੱਲ ਦਾ ਗਿਲ੍ਹਾ ਕਰਦੇ ਹਨ, ਕਿ ਰਚਨਹਾਰ ਨੇ ਉਹਨਾਂ ਨੂੰ ਨੀਂਵੀਂ ਕੁਲ, ਛੀਂਬੇ ਦੇ ਘਰ ਕਿਉਂ ਪੈਦਾ ਕੀਤਾ।

ਪਰ ਸਿੱਖੀ ਜਾਤਪਾਤ ਨੂੰ ਨਹੀਂ ਮੰਨਦੀ। ਸਾਡਾ ਮਤਲਬ ਸਿੱਖੀ ਜਨਮ ਤੋਂ ਜਾਤ ਨਹੀਂ ਮੰਨਦੀ, ਸਿਰਫ਼ ਕਰਮ ਤੋਂ ਮੰਨਦੀ ਹੈ। ਗੁਰੂ ਨਾਨਕ ਦੇਵ ਜੀ ਰਾਗ ਪ੍ਰਭਾਤੀ ਵਿਚ ਲਿਖਦੇ ਹਨ,

"ਜਾਤਿ ਜਨਮੁ ਨਹ ਪੂਛੀਐ, ਸਚ ਘਰੁ ਲੇਹੁ ਬਤਾਇ।
ਸਾ ਜਾਤਿ, ਸਾ ਪਤਿ ਹੈ, ਜੇਹੇ ਕਰਮ ਕਮਾਇ।"

ਸਚ ਘਰ, ਵਾਹਿਗੁਰੂ ਦੇ ਦਰਬਾਰ, ਜਨਮ ਦੀ ਜਾਤ ਨਹੀਂ ਪੁਛੀ ਜਾਇਗੀ। ਉਥੇ ਤਾਂ ਉਹ ਜਾਤ ਮੰਨੀ ਜਾਇਗੀ, ਜੇਹੋ ਜੇਹੇ ਇਨਸਾਨ ਦੇ ਕਰਮ ਹੋਣਗੇ।

ਨਾਮਦੇਵ ਜੀ ਰੱਬ ਨੂੰ ਗਰੜ ਦੀ ਅਸਵਾਰੀ ਕਰਨ ਵਾਲਾ ਵੀ ਮੰਨਦੇ ਹਨ, ਜੋ ਇਕ ਪੁਰਾਣਕ ਮਿਥਿਹਾਸ ਹੈ।

ਭਗਤ ਜੀ ਦੇ ਜੀਵਨ ਦੀ ਇਹ ਇਕ ਪਰਚਲਤ ਕਹਾਣੀ ਹੈ, ਕਿ ਬਾਦਸ਼ਾਹ ਨੇ ਮੋਈ ਹੋਈ ਗਊ ਨੂੰ ਜ਼ਿੰਦਾ ਕਰਨ ਵਾਸਤੇ ਭਗਤ ਜੀ ਨੂੰ ਮਜਬੂਰ ਕੀਤਾ, ਤੇ ਮੁਸ਼ਕਾਂ ਜੂੜ ਕੇ ਹਾਥੀ ਅੱਗੇ ਸੁੱਟਿਆ। ਨਾਮਦੇਵ ਜੀ ਦੀ ਬਨਤੀ ਸੁਣਕੇ ਭਗਵਾਨ ਗਰੜ ਉਤੇ ਅਸਵਾਰ ਹੋ ਕੇ ਆ ਗਏ।

"ਪਾਖੰਤਣ ਬਾਜ ਬਜਾਇਲਾ।
ਗਰੁੜ ਚੜੇ ਗੋਬਿੰਦ ਆਇਲਾ।
ਅਪਨੇ ਭਗਤਿ ਪਰਿ ਕੀ ਪ੍ਰਤਿਪਾਲ।
ਗਰੜ ਚੜੇ ਆਏ ਗੋਪਾਲ।"

ਪਾਖੰਤਣ, ਖੰਭਾਂ ਦਾ ਵਾਜਾ ਵਜਾਉਂਦਾ ਰੱਬ ਗਰੜ ਉੱਤੇ ਅਸਵਾਰ ਆ ਪੁਜਾ, ਆਪਣੇ ਭਗਤ ਦੀ ਪ੍ਰਤਿਪਾਲ ਕਰਨ ਵਾਸਤੇ।

ਰੱਬ ਗਰੜ ਪੰਛੀ ਦੀ ਅਸਵਾਰੀ ਕਰਦਾ ਹੈ, ਇਹ ਵੀ ਬ੍ਰਹਿਮਣੀ ਧਰਮ ਦਾ ਵਿਚਾਰ ਹੈ, ਸਿੱਖ ਧਰਮ ਦਾ ਵਿਚਾਰ ਨਹੀਂ।

ਫਿਰ ਨਾਮਦੇਵ ਜੀ ਭਗਵਾਨ ਦੀ ਮੂਰਤੀ ਨੂੰ ਦੁੱਧ ਪਿਆਉਂਦੇ ਹਨ, ਮੂਰਤੀਆਂ ਨੂੰ ਭੋਗ ਲੁਆਉਂਦੇ ਹਨ।

"ਦੂਧ ਕਟੋਰੈ, ਗਡਵੈ ਪਾਨੀ।
ਕਪਲ ਗਾਇ ਨਾਮੈ ਦੁਹਿ ਆਨੀ।
ਦੂਧ ਪੀਉ ਗੋਬਿੰਦੇ ਰਾਇ।
ਦੂਧੁ ਪੀਉ ਮੇਰੋ ਮਨੁ ਪਤੀਆਇ।
ਨਾਹੀ ਤ ਘਰ ਕੋ ਬਾਪੁ ਰਿਸਾਇ।

ਸੋਇਨ ਕਟੋਰੀ ਅੰਮ੍ਰਿਤ ਭਰੀ।
ਲੈ ਨਾਮੈ ਹਰਿ ਆਗੈ ਧਰੀ।
ਏਕੁ ਭਗਤੁ ਮੇਰੇ ਹਿਰਦੇ ਬਸੈ।
ਨਾਮੇ ਦੇਖਿ ਨਾਰਾਇਨੁ ਹਸੈ।
ਦੂਧ ਪੀਆਇ ਭਗਤੁ ਘਰਿ ਗਇਆ।
ਨਾਮੇ ਹਰਿ ਕਾ ਦਰਸਨੁ ਭਇਆ।"

ਨਾਮਦੇਵ ਜੀ ਮੰਨਦੇ ਹਨ, ਕਿ ਰੱਬ ਉਹਨਾਂ ਦੇ ਸਾਮ੍ਹਣੇ ਦੇਹ ਧਾਰ ਕੇ ਆ ਗਿਆ। ਉਹਨਾਂ ਰੱਬ ਦਾ ਦਰਸ਼ਨ ਕੀਤਾ, ਤੇ ਰੱਬ ਨੇ ਹੱਸ ਕੇ ਭਗਤ ਹੱਥੋਂ ਦੁੱਧ ਪੀਤਾ।

ਪਰ ਸਿੱਖ ਸਿਧਾਂਤ ਅਨੁਸਾਰ ਰੱਬ ਦੇਹਧਾਰੀ ਨਹੀਂ ਹੋ ਸਕਦਾ। ਰੱਬ ਇਕ ਸ਼ਕਤੀ ਹੈ, ਸ਼ਖ਼ਸੀਅਤ ਨਹੀਂ। ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ,

"ਵਰਨਾ ਚਿਹਨਾ ਬਾਹਰਾ, ਲੇਖੇ ਬਾਜੁ ਅਲਖੁ।
ਕਿਉ ਕਥੀਐ, ਕਿਉ ਆਖੀਐ, ਜਾਪੈ ਸਚੋ ਸਚੁ।"

ਇਕ ਥਾਂ ਹੋਰ ਫ਼ੁਰਮਾਉਂਦੇ ਹਨ,

"ਅਗਮ, ਅਗੋਚਰੁ, ਰੂਪ ਨ ਰੇਖਿਆ।
ਖੋਜਤ ਖੋਜਤ ਘਟਿ ਘਟਿ ਦੇਖਿਆ।"

ਉਹ ਅਗਮ (ਜਿਸ ਤਕ ਪਹੁੰਚਿਆ ਨਾ ਜਾ ਸਕੇ), ਅਗੋਚਰ (ਜੋ ਗਿਆਨ ਇੰਦਰਿਆਂ ਰਾਹੀਂ ਨਾ ਜਾਣਿਆਂ ਜਾ ਸਕੇ) ਹੈ। ਉਸਦਾ ਕੋਈ ਰੂਪ ਜਾਂ ਸ਼ਕਲ ਨਹੀਂ। ਮਗਰ ਉਹ ਹਰ ਜੀਵ ਵਿਚ ਹੈ।

ਗੁਰੂ ਗੋਬਿੰਦ ਸਿੰਘ ਮਹਾਰਾਜ ਇਸ ਵਿਚਾਰ ਨੂੰ ਹੋਰ ਸਪਸ਼ਟ ਕਰਦੇ ਹਨ:

"ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ।
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ।"

ਨਾ ਉਸ ਦਾ ਕੋਈ ਚਿਹਨ ਚੱਕਰ ਹੈ, ਨਾ ਰੰਗ ਹੈ, ਨਾ ਜ਼ਾਤ ਪਾ

ਹੈ, ਨਾ ਉਸ ਦਾ ਕੋਈ ਖ਼ਾਸ ਰੰਗ-ਰੂਪ ਹੈ, ਨਾ ਕੋਈ ਨਕਸ਼ ਹਨ, ਨਾ ਕੋਈ ਉਚੇਚਾ ਭੇਖ ਹੈ। ਕੋਈ ਨਹੀਂ ਕਹਿ ਸਕਦਾ, ਕਿ ਉਹ ਕੇਹੋ ਜੇਹਾ ਹੈ।

''ਨ ਰਾਗੇ। ਨ ਰੰਗੇ। ਨ ਰੂਪੇ। ਨ ਰੇਖੇ।''

ਭਾਵ, ਉਸ ਦਾ ਕੋਈ ਰੂਪ-ਰੰਗ ਜਾਂ ਸ਼ਕਲ ਹੈ ਹੀ ਨਹੀਂ। ਫਿਰ ਨਾਮ ਦੇਵ ਜੀ ਨੇ ਦਰਸ਼ਨ ਕਿਸ ਦੇ ਕੀਤੇ?

ਏਥੇ ਵੀ ਓਹਾ ਸਵਾਲ ਹੈ। ਜਦ ਨਾਮਦੇਵ ਜੀ ਦੇ ਵਿਚਾਰ ਸਿੱਖ ਸਿਧਾਂਤ ਨਾਲ ਨਹੀਂ ਮਿਲਦੇ, ਤਾਂ ਉਹਨਾਂ ਦੀ ਰਚਨਾ ਪਰਵਾਨ ਕਿਉਂ ਕੀਤੀ।

ਇਕ ਮਿਸਾਲ ਵਜੋਂ। ਨਾਮਦੇਵ ਜੀ ਭਗਤੀ ਵਾਲੇ ਪਾਸੇ ਮੂਰਤੀ ਪੂਜਾ ਤੋਂ ਆਰੰਭ ਕਰਦੇ ਹਨ, ਤੇ ਪੌੜੀ ਪੌੜੀ ਚੜ੍ਹਦੇ ਚੜ੍ਹਦੇ ਅੰਤ ਨਿਰਾਕਾਰ ਨਾਲ ਜਾ ਜੁੜਦੇ ਹਨ। ਉਹਨਾਂ ਦੇ ਸ਼ਬਦ ਵਿਚ ਹੀ:

''ਹਿੰਦੂ ਪੂਜੈ ਦੇਹੁਰਾ, ਮੁਸਲਮਾਣੁ ਮਸੀਤ।
ਨਾਮੇ ਸੋਈ ਸੇਵਿਆ, ਜਹ ਦੇਹੁਰਾ ਨ ਮਸੀਤ।''

ਅਰਥ ਹੈ ਇਕ ਨਿਰ-ਆਕਾਰ ਈਸ਼ਵਰ, ਜੋ ਨਾ ਦੇਹੁਰੇ ਵਿਚ ਕੈਦ ਹੈ, ਨਾ ਮਸੀਤ ਵਿਚ।

ਇਹ ਮਨ ਦੀ ਉਚੀ ਅਵਸਥਾ ਦਾ ਸਬੂਤ ਹੈ। ਮੂਰਤੀ ਦੀ ਪੂਜਾ ਕਰਨ ਵਾਲੇ ਭਗਤ ਜੀ, ਅੰਤ ਮੂਰਤੀ ਦਾ ਖੰਡਨ ਕਰਦੇ ਹਨ। ਉਹਨਾਂ ਦੇ ਸ਼ਬਦਾਂ ਵਿਚ ਸੁਣੋ:

''ਸਤਿਗੁਰੁ ਮਿਲੈ, ਤ ਸਹਸਾ ਜਾਈ।
ਕਿਸੁ ਹਉ ਪੂਜਉ, ਦੂਜਾ ਨਦਰਿ ਨ ਆਈ।
ਏਕੈ ਪਾਥਰ ਕੀਜੈ ਭਾਉ।
ਦੂਜੈ ਪਾਥਰ ਧਰੀਐ ਪਾਉ।
ਜੇ ਉਹ ਦੇਉ, ਤ ਓਹੁ ਭੀ ਦੇਵਾ।
ਕਹਿ ਨਾਮ ਦੇਉ, ਹਮ ਹਰਿ ਕੀ ਸੇਵਾ।''

ਭਗਤੀ ਮਾਰਗ ਦਾ ਇਹ ਵੀ ਇਕ ਰਸਤਾ ਸੀ। ਮੂਰਤੀ ਪੂਜਾ ਤੋਂ

ਸ਼ੁਰੂ ਕਰ ਕੇ 'ਹਰਿ ਕੀ ਸੇਵਾ' ਤਕ ਜਾ ਪੁੱਜੇ।

ਉਰਦੂ ਦਾ ਇਕ ਸ਼ੇਅਰ ਯਾਦ ਆਇਆ :

'ਫ਼ੈਜ਼ ਪਾਉਗੇ ਬੁਤੋਂ ਸੇ ਏਕ ਦਿਨ 'ਅਕਬਰ' ਜ਼ਰੂਰ
ਯਹਿ ਮੁਹੱਬਤ ਦੇਖਨਾ ਇਸ਼ਕੇ ਖ਼ੁਦਾ ਹੋ ਜਾਇਗਾ।'

ਬੁਤ ਪੂਜਾ ਤੋਂ ਚਲ ਕੇ ਜਦ ਖ਼ੁਦਾ ਦੇ ਇਸ਼ਕ ਤਕ ਪੁੱਜ ਗਿਆ, ਤਾਂ ਨਾਮਦੇਵ ਨੇ ਮੂਰਤੀ ਪੂਜਾ ਤਿਆਗ ਦਿਤੀ। ਸਿੱਖੀ ਵਿਚ ਸਿਧਾਂਤਕ ਤੌਰ 'ਤੇ ਮੂਰਤੀ ਪੂਜਾ ਵਾਸਤੇ ਕੋਈ ਥਾਂ ਨਹੀ, ਪਰ ਸਿੱਖਾਂ ਦੇ ਘਰਾਂ ਵਿਚ ਮੂਰਤੀ ਪੂਜਾ ਸ਼ੁਰੂ ਹੋ ਗਈ ਹੈ। ਗੁਰੂ ਸਾਹਿਬਾਨ ਦੀਆਂ ਸਭ ਫ਼ਰਜ਼ੀ ਤਸਵੀਰਾਂ ਹਨ, ਮੁਸੱਵਰਾਂ ਵੱਲੋਂ ਬਣਾਈਆਂ ਹੋਈਆਂ। ਪਰ ਕੁਛ ਸਿੱਖਾਂ ਦੇ ਘਰਾਂ ਵਿਚ ਉਹਨਾਂ ਤਸਵੀਰਾਂ ਸਾਮ੍ਹਣੇ ਅਰਦਾਸ ਕੀਤੀ ਜਾਂਦੀ ਹੈ, ਮੱਥਾ ਟੇਕਦੇ ਹਨ, ਸਾਮ੍ਹਣੇ ਪਰਸਾਦ ਧਰ ਕੇ ਭੋਗ ਲੁਆਇਆ ਜਾਂਦਾ ਹੈ, ਤੇ ਫਿਰ ਉਹ 'ਸੀਤ ਪਰਸਾਦ' ਕਹਿਕੇ ਵਰਤਾਇਆ ਜਾਂਦਾ ਹੈ। ਬ੍ਰਹਿਮਣੀ ਧਰਮ ਦਾ ਅਸਰ।

ਖ਼ੈਰ, ਅਸੀਂ ਭੱਟਾਂ ਤੇ ਭਗਤਾਂ ਦੇ ਵਿਚਾਰਾਂ ਦੀ ਗੱਲ ਕਰ ਰਹੇ ਸਾਂ। ਉਪਰਲੇ ਪਰਮਾਣਾ ਨੂੰ ਸਾਮ੍ਹਣੇ ਰੱਖ ਕੇ, ਅਸੀਂ ਆਦਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਨੂੰ ਤਿੰਨਾ ਦਰਜਿਆਂ ਵਿਚ ਵੰਡ ਸਕਦੇ ਹਾਂ। ਪਹਿਲੀ ਥਾਂ ਹੈ ਗੁਰੂ ਸਾਹਿਬਾਨ ਦੀ ਮੁਖਵਾਕ ਬਾਣੀ ਦੀ। ਉਹ ਸਿੱਖ ਵਾਸਤੇ ਹਰ ਪੱਖ ਤੋਂ ਮੰਨਣ ਯੋਗ ਹੈ। ਉਹ 'ਹੁਕਮ' ਹੈ, ਜਿਸ ਬਾਰੇ 'ਕਿੰਤੂ' ਨਹੀਂ ਕੀਤਾ ਜਾ ਸਕਦਾ। ਦੂਸਰਾ ਦਰਜਾ ਹੈ, ਭਗਤਾਂ ਦੀ ਬਾਣੀ ਦਾ। ਕਿਤੇ ਭਗਤਾਂ ਦੇ ਵਿਚਾਰ ਸਿੱਖੀ ਨਾਲ ਮਿਲਦੇ ਹਨ, ਕਿਤੇ ਨਹੀਂ। ਕਿਤੇ ਕਿਤੇ ਨਿਰੋਲ ਹਿੰਦੂ ਮੱਤ ਦਾ ਪਰਚਾਰ ਹੈ। ਸੁੰਦਰ ਜੀ ਦੇ ਰਚੇ 'ਸਦ' ਨੂੰ ਵੀ ਭਗਤ ਬਾਣੀ ਹੀ ਮੰਨਿਆਂ ਜਾ ਸਕਦਾ ਹੈ। ਤੇ ਸੱਤੇ ਬਲਵੰਡ ਜਾਂ ਭੱਟਾਂ ਦੀ ਰਚਨਾ ਦਾ ਤੀਸਰਾ ਦਰਜਾ ਹੈ, ਜਿਸ ਵਿਚ ਉਹਨਾਂ ਆਪਣੇ ਢੰਗ ਨਾਲ ਗੁਰੂ ਸਾਹਿਬਾਨ ਦੀ ਉਸਤਤ ਕੀਤੀ ਹੈ।

ਬਾਣੀ ਵਿਚ ਕਿਤੇ ਕਿਤੇ ਇਤਿਹਾਸਕ ਇਸ਼ਾਰੇ ਵੀ ਹਨ। ਉਹਨਾਂ ਨੂੰ

ਸਮਝਣ ਵਾਸਤੇ ਇਤਿਹਾਸ ਦਾ ਆਸਰਾ ਲੈਣਾ ਜ਼ਰੂਰੀ ਹੈ।

ਕੱਲ੍ਹ ਭੱਟ ਗੁਰੂ ਅਰਜਨ ਦੇਵ ਬਾਰੇ ਲਿਖਦਾ ਹੈ :

''ਗੁਰ ਰਾਮਦਾਸ ਘਰਿ, ਕੀਅਉ ਪ੍ਰਗਾਸਾ।
ਸਗਲ ਮਨੋਰਥ ਪੂਰੀ ਆਸਾ।
ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ।
ਕਲ੍ਹ ਜੋੜਿ ਕਰ, ਸੁਜਸੁ ਵਖਾਣਿਓ।''

ਕੱਲ੍ਹ ਕਵੀ ਨੇ ਹਥ ਜੋੜ ਕੇ ਗੁਰੂ ਜੀ ਦਾ ਜੱਸ ਕਿਹਾ ਹੈ। ਇਸ ਵਿਚ ਗੁਹਜ ਵਾਲੀ ਤੀਸਰੀ ਪੰਗਤੀ ਹੈ,

''ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ।''

ਕੁਝ ਸਜਣ ਇਸਦੇ ਅਰਥ ਕਰਦੇ ਹਨ, ਕਿ ਗੁਰੂ ਅਰਜਨ ਦੇਵ ਨੇ ਜਨਮਦਿਆਂ ਹੀ ਬ੍ਰਹਮ (ਰੱਬ) ਨੂੰ ਪਛਾਣ ਲਿਆ, ਜਾਂ ਉਹਨਾਂ ਨੂੰ ਜਨਮ ਤੋਂ ਹੀ ਬ੍ਰਹਮ ਦੀ ਪਛਾਣ ਸੀ। ਇਹ ਗੱਲ ਵਿਚਾਰ ਗੋਚਰਾ ਹੈ।

ਗੁਰੂ ਨਾਨਕ ਦੇਵ ਜੀ ਸਮੁੱਚੇ ਤੌਰ 'ਤੇ ਮਨੁੱਖਾ ਜੀਵਨ ਬਾਰੇ ਫੁਰਮਾਉਂਦੇ ਹਨ,

''ਪਹਿਲੈ ਪਿਆਰਿ ਲਗਾ ਥਣ ਦੁਧਿ।
ਦੂਜੈ ਮਾਇ ਬਾਪ ਕੀ ਸੁਧਿ।''

ਸਭ ਤੋਂ ਪਹਿਲਾਂ ਮਨੁੱਖ ਨੂੰ ਆਪਣੀ ਖ਼ੁਰਾਕ ਦਾ ਗਿਆਨ ਹੁੰਦਾ ਹੈ, ਦੁੱਧ ਨਾਲ ਪਿਆਰ ਹੈ। ਜਨਮ ਦੇਣ ਵਾਲੇ ਮਾਤਾ ਪਿਤਾ ਦਾ ਵੀ ਗਿਆਨ ਨਹੀਂ ਹੁੰਦਾ। ਤਾਂ ਰੱਬ ਦਾ ਗਿਆਨ ਕਿਵੇਂ ਸੰਭਵ ਹੈ। ਸ਼ਰਧਾਲੂ ਕਹੇਗਾ, ਆਮ ਮਨੁੱਖ ਨੂੰ ਨਹੀਂ, ਪਰ ਗੁਰੂ ਅਰਜਨ ਦੇਵ ਜੀ ਨੂੰ ਜਨਮ ਤੋਂ ਬ੍ਰਹਮ ਦਾ ਗਿਆਨ ਸੀ। ਕਿਉਂਕਿ ਮੌਕੇ ਦੀ ਗਵਾਹੀ, ਭੱਟਾਂ ਦੀ ਲਿਖਤ ਮੌਜੂਦ ਹੈ।

ਇਸ ਪ੍ਰਸ਼ਨ ਉਤੇ ਇਤਿਹਾਸਕ ਪੱਖ ਤੋਂ ਵਿਚਾਰ ਕਰਨ ਦੀ ਲੋੜ ਹੈ (ਗੁਰੂ) ਅਰਜਨ ਦੇਵ ਜੀ ਬਾਲਕ-ਅਵਸਥਾ ਵਿਚ ਹਨ। ਹਜ਼ੂਰ ਦੇ ਮਾਤਾ, ਬੀਬੀ ਭਾਨੀ ਜੀ ਹਰ ਵੇਲੇ ਗੁਰੂ-ਪਿਤਾ ਦੀ ਸੇਵਾ ਵਿਚ ਰਹਿੰਦੇ ਹਨ। ਉਸ

ਵੇਲੇ ਗੱਦੀ ਉਤੇ ਬਿਰਾਜਮਾਨ ਹਨ ਗੁਰੂ ਅਮਰਦਾਸ ਜੀ।

ਗੁਰਦੇਵ ਦੀ ਗੈਰਹਾਜ਼ਰੀ ਵਿਚ ਬਾਲਕ ਅਰਜਨ ਦੇਵ ਜੀ ਗੁਰੂ ਮਹਾਰਾਜ ਦੇ ਸਿੰਘਾਸਣ ਉਤੇ ਚੜ੍ਹਨ ਦਾ ਯਤਨ ਕਰ ਰਹੇ ਹਨ। ਇਕ ਪੈਰ ਚੁਕ ਕੇ ਪਲੰਘ ਉਤੇ ਰਖਿਆ ਹੈ, ਤੇ ਦੂਸਰਾ ਉਪਰ ਚੁਕਣ ਦਾ ਯਤਨ ਕਰ ਰਹੇ ਹਨ। ਜਾਂ ਕੰਮ ਕਰ ਰਹੇ ਮਾਤਾ ਭਾਨੀ ਜੀ ਦੀ ਨਜ਼ਰ ਪੈ ਗਏ। ਮਾਤਾ ਜੀ ਤੋਂ ਇਹ ਅਵੱਗਿਆ ਸਹਾਰੀ ਨਾ ਗਈ। ਉਹਨਾਂ ਭੱਜ ਕੇ ਬਾਲਕ ਅਰਜਨ ਦੇਵ ਜੀ ਨੂੰ ਉਠਾ ਲਿਆ। ਕਿਉਂਕਿ ਸਿੱਖ (ਬਾਲਕ) ਨੂੰ ਗੁਰੂ ਦੇ ਸਿੰਘਾਸਣ ਉਤੇ ਬੈਠਣ ਦਾ ਹੱਕ ਨਹੀਂ। ਗੁਰੂ ਦੇ ਸਿੰਘਾਸਣ ਉਤੇ ਕੇਵਲ ਗੁਰੂ ਹੀ ਬੈਠ ਸਕਦਾ ਹੈ।

ਇਸ ਬਾਰੇ ਗੁਰੂ ਅਰਜਨ ਦੇਵ ਜੀ ਦੇ ਜੀਵਨ ਵਿਚੋਂ ਮਿਸਾਲ ਪੇਸ਼ ਹੈ। ਗੁਰੂ ਰਾਮਦਾਸ ਜੀ ਦੇ ਹੁਕਮ ਨਾਲ ਅਰਜਨ ਦੇਵ ਜੀ ਲਾਹੌਰ ਗਏ ਆਪਣੇ ਤਾਏ ਦੇ ਪੁੱਤਰ ਦੇ ਵਿਆਹ ਉਤੇ। ਗੁਰਦੇਵ ਦਾ ਹੁਕਮ ਸੀ, ਜਿੰਨਾ ਚਿਰ ਨਾ ਬੁਲਾਈਏ, ਓਨਾ ਚਿਰ ਲਾਹੌਰ ਹੀ ਰਹਿਣਾ। ਚਿਰ ਹੋ ਗਿਆ। ਮਹਾਰਾਜ ਨੇ ਬੁਲਾਇਆ ਨਾ। ਤਾਂ ਅਰਜਨ ਦੇਵ ਜੀ ਗੁਰੂ ਰਾਮਦਾਸ ਜੀ ਦੀ ਸੇਵਾ ਵਿਚ ਬੇਨਤੀ ਪੱਤਰ ਲਿਖਦੇ ਹਨ,

"ਮੇਰਾ ਮਨੁ ਲੋਚੈ ਗੁਰ ਦਰਸਨ ਤਾਈ।
ਬਿਲਪ ਕਰੇ ਚਾਤ੍ਰਿਕ ਕੀ ਨਿਆਈ।
ਤ੍ਰਿਖਾ ਨ ਉਤਰੈ, ਸ਼ਾਂਤਿ ਨ ਆਵੈ
ਬਿਨੁ ਦਰਸਨ ਸੰਤ ਪਿਆਰੇ ਜੀਉ।੧।
ਹਉ ਘੋਲੀ, ਜੀਉ ਘੋਲਿ ਘੁਮਾਈ,
ਗੁਰ ਦਰਸਨ ਸੰਤ ਪਿਆਰੇ ਜੀਉ।੧। ਰਹਾਉ।
ਤੇਰਾ ਮੁਖੁ ਸੁਹਾਵਾ ਜੀਉ, ਸਹਜ ਧੁਨਿ ਬਾਣੀ।
ਚਿਰੁ ਹੋਆ ਦੇਖੇ ਸਾਰਿੰਗਪਾਣੀ।
ਧੰਨ ਸੁ ਦੇਸੁ ਜਹਾ ਤੂੰ ਵਸਿਆ,
ਮੇਰੇ ਸਜਣ ਮੀਤ ਮੁਰਾਰੇ ਜੀਉ।੨।

ਹਉ ਘੋਲੀ, ਹਉ ਘੋਲਿ ਘੁਮਾਈ,
ਗੁਰ ਸਜਣ ਮੀਤ ਮੁਰਾਰੇ ਜੀਉ ।੧। ਰਹਾਉ ।
ਇਕ ਘੜੀ ਨਾ ਮਿਲਤੇ ਤਾਂ ਕਲਿਜੁਗ ਹੋਤਾ ।
ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ।
ਮੋਹਿ ਰੈਣਿ ਨ ਵਿਹਾਵੈ, ਨੀਦ ਨ ਆਵੈ,
ਬਿਨੁ ਦੇਖੇ ਗੁਰਦਰਬਾਰੇ ਜੀਉ ।੩।
ਹਉ ਘੋਲੀ, ਜੀਉ ਘੋਲਿ ਘੁਮਾਈ,
ਤਿਸੁ ਸਚੇ ਗੁਰ ਦਰਬਾਰੇ ਜੀਉ ।੧। ਰਹਾਉ ।
ਭਾਗੁ ਹੋਆ ਗੁਰਿ ਸੰਤੁ ਮਿਲਾਇਆ ।
ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ।
ਸੇਵ ਕਰੀ ਪਲੁ ਚਸਾ ਨ ਵਿਛੁੜਾ,
ਜਨ ਨਾਨਕ ਦਾਸ ਤੁਮਾਰੇ ਜੀਉ ।੪।
ਹਉ ਘੋਲੀ, ਜੀਉ ਘੋਲਿ ਘੁਮਾਈ,
ਜਨ ਨਾਨਕ ਦਾਸ ਤੁਮਾਰੇ ਜੀਉ ।ਰਹਾਉ।੧।''

ਸਾਰੇ ਸ਼ਬਦ ਨੂੰ ਪੂਰੇ ਧਿਆਨ ਨਾਲ ਪੜ੍ਹੋ । ਅਰਜਨ ਦੇਵ ਜੀ ਨੇ ਇਸ ਵਿਚ ਗੁਰੂ ਮਹਾਰਾਜ ਵਾਸਤੇ ਸ਼ਬਦ 'ਸੰਤ' 'ਸਜਣ', 'ਮੀਤ' 'ਮੁਰਾਰੇ' ਵਰਤੇ ਹਨ, ਪਰ ਕਿਤੇ 'ਪਿਤਾ' ਸ਼ਬਦ ਨਹੀਂ ਵਰਤਿਆ । ਆਪਣੇ ਵਾਸਤੇ ਵੀ ਹਜ਼ੂਰ ਨੇ ਸ਼ਬਦ 'ਦਾਸ' ਵਰਤਿਆ ਹੈ, ਪੁੱਤਰ ਨਹੀਂ । ਕਿਉਂਕਿ ਪਿਤਾ ਤੇ ਪੁੱਤਰ ਦੇ ਰਿਸ਼ਤੇ ਵਿਚ ਇਕ 'ਹਉਮੈਂ' ਹੈ, ਪਰ ਦਾਸ ਤੇ ਮਾਲਕ, ਜਾਂ ਸਿੱਖ ਤੇ ਗੁਰੂ ਦੇ ਰਿਸ਼ਤੇ ਵਿਚ ਹਉਮੈਂ ਨਹੀਂ । ਪੁੱਤਰ ਪਿਤਾ ਦੀ ਜਾਇਦ ਉਤੇ ਆਪਣਾ ਹੱਕ ਸਮਝਦਾ ਹੈ, ਪਰ ਸਿੱਖ ਦੀ ਓਟ ਕੇਵਲ ਗੁਰੂ ਦੀ ਬਖਸ਼ਸ਼ ਉਤੇ ਹੈ । ਪਿਤਾ ਪੁੱਤਰ ਦੇ ਰਿਸ਼ਤੇ ਦੀ ਹਉਮੈਂ ਦੇ ਕਾਰਨ ਸਿਰੀ ਚੰਦ ਜੀ ਗੁਰ ਗੱਦੀ ਦੇ ਅਧਿਕਾਰੀ ਨਾ ਮੰਨੇ ਗਏ, ਪਰ ਬਖਸ਼ਸ਼ ਦੇ ਆਸਰੇ ਸੇਵਾ ਕਰਨ ਵਾਲੇ ਲਹਿਣਾ ਜੀ ਗੁਰੂ ਅੰਗਦ ਬਣ ਗਏ ।

ਗਿਆਨ ਪ੍ਰਾਪਤ ਅਰਜਨ ਦੇਵ ਜੀ ਗੁਰੂ ਨੂੰ ਪਿਤਾ ਸ਼ਬਦ ਨਾਲ

ਸੰਬੋਧਨ ਤਕ ਨਹੀਂ ਕਰਦੇ, ਪਰ ਬਾਲਕ ਅਰਜਨ ਦੇਵ ਜੀ ਗੁਰੂ ਦੇ ਸਿੰਘਾਸਣ ਉੱਤੇ ਚੜ੍ਹ ਬੈਠਣ ਦਾ ਯਤਨ ਕਰ ਰਹੇ ਹਨ। ਹਜ਼ੂਰ ਨੂੰ ਉਸ ਉਮਰ ਵਿਚ ਗਿਆਨ ਹੁੰਦਾ, ਤਾਂ ਕੀ ਇਹ ਅਵੱਗਿਆ ਕਰਨ ਦਾ ਯਤਨ ਕਰਦੇ ? ਤਾਂ ਮੰਨਣਾ ਪਵੇਗਾ, ਕਿ ਬਾਲਕ ਅਰਜਨ ਦੇਵ ਜੀ ਨੂੰ ਜਨਮ ਤੋਂ ਹੀ ਬ੍ਰਹਮ ਦਾ ਗਿਆਨ ਨਹੀਂ ਸੀ। ਗਿਆਨ ਘਾਲਣਾ ਨਾਲ ਪ੍ਰਾਪਤ ਹੋਇਆ ਹੈ।

ਤਾਂ ਫਿਰ ਕੱਲ੍ਹ ਭਟ ਦੀ ਉਸ ਪੰਗਤੀ ਦਾ ਕੀ ਅਰਥ ਹੋਇਆ,

"ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ।"

ਇਸ ਵਿਚ ਗੁਰਮਤਿ ਦੇ ਅੱਖਰ ਤੱਤੇ ਨੂੰ ਸਿਹਾਰੀ ਲੱਗੀ ਹੋਈ ਹੈ। ਇਸਦਾ ਅਰਥ ਹੈ, ਗੁਰੂ ਦੀ ਮੱਤ ਦੁਆਰਾ, ਉਪਦੇਸ਼ ਦੁਆਰਾ, ਸਿਖਿਆ ਦੁਆਰਾ।

ਸ੍ਰੀ ਅਰਜਨ ਦੇਵ ਜੀ ਪਹਿਲੇ ਗੁਰੂ ਹਨ, ਜਿੰਨ੍ਹਾਂ ਦਾ ਜਨਮ ਸਿੱਖ ਘਰਾਣੇ ਵਿਚ ਹੋਇਆ ਹੈ। ਪਹਿਲੇ ਚੌਹਾਂ ਗੁਰੂਆਂ ਦੇ ਜਨਮ ਹਿੰਦੂ ਘਰਾਣਿਆਂ ਵਿਚ ਹੋਏ ਸਨ। ਜਿਹੜੇ ਸੰਸਕਾਰ ਉਹਨਾਂ ਨੂੰ ਵਿਰਸੇ ਵਿਚ ਮਿਲੇ, ਉਹ ਹਿੰਦੂ ਮੱਤ ਦੇ ਸਨ। ਗੁਰੂ ਨਾਨਕ ਦੇਵ ਜੀ ਨੂੰ ਜਨੇਊ ਪਾਉਣ ਵਾਸਤੇ ਮਾਪਿਆਂ ਨੇ ਜ਼ੋਰ ਲਾਇਆ, ਗੁਰੂ ਅੰਗਦ ਦੇਵ ਜੀ ਦੇਵੀ ਦੀ ਪੂਜਾ ਕਰਦੇ ਰਹੇ, ਗੁਰੂ ਅਮਰਦਾਸ ਜੀ ਤੀਰਥ ਯਾਤਰਾ ਨੂੰ ਹੀ ਕਲਿਆਣ ਦਾ ਸਾਧਨ ਮੰਨਦੇ ਰਹੇ। ਗੁਰੂ ਰਾਮਦਾਸ ਜੀ ਵੀ ਜ਼ਰਾ ਵਡੇਰੇ ਹੋ ਕੇ ਗੁਰੂ ਕੀ ਸੰਗਤ ਵਿਚ ਆਏ। ਪਰ ਗੁਰੂ ਅਰਜਨ ਦੇਵ ਦਾ ਜਨਮ ਹੀ ਪੂਰਨ ਸਿੱਖ (ਗੁਰੂ) ਰਾਮਦਾਸ ਜੀ ਦੇ ਘਰ ਹੋਇਆ। ਸੋ ਭੱਟ ਦੀ ਉਸ ਪੰਗਤੀ ਦਾ ਅਰਥ ਬਣਦਾ ਹੈ, 'ਹੇ ਗੁਰੂ ਅਰਜਨ ਦੇਵ, ਤੈਨੂੰ ਜਨਮ ਤੋਂ ਹੀ ਗੁਰਮਤਿ, ਗੁਰੂ ਦੀ ਸਿੱਖਿਆ ਦੀ ਸਹੂਲਤ ਹਾਸਲ ਸੀ।

ਇਸ ਵਾਰਤਾ ਤੋਂ ਅਸੀਂ ਇਸ ਸਿੱਟੇ 'ਤੇ ਪੁਜਦੇ ਹਾਂ, ਕਿ ਗੁਰਬਾਣੀ ਨੂੰ ਸਮਝਣ ਵਾਸਤੇ ਗੁਰ ਇਤਿਹਾਸ ਦਾ ਗਿਆਨ ਜ਼ਰੂਰੀ ਹੈ। ਇਤਿਹਾਸਕ ਜਾਣਕਾਰੀ ਤੋਂ ਬਿਨਾਂ ਅਸੀਂ ਗੁਰਬਾਣੀ ਨੂੰ ਪੂਰੀ ਤਰਾਂ ਨਹੀਂ ਸਮਝ ਸਕਦੇ।

ਐਸੇ ਮਰਨੇ ਜੋ ਮਰੈ

ਜਿੰਨਾ ਚਿਰ ਕਿਸੇ ਕੌਮ ਦਾ ਆਚਰਣ ਉੱਚਾ ਨਾ ਹੋਵੇ, ਓਨਾ ਚਿਰ ਉਹ ਕੁਰਬਾਨੀ ਨਹੀਂ ਕਰ ਸਕਦੀ। ਤੇ ਕੁਰਬਾਨੀ ਤੋਂ ਬਿਨਾਂ ਕੋਈ ਕੌਮ 'ਅਮਰ' ਨਹੀਂ ਹੁੰਦੀ।

ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਮਹਾਰਾਜ ਨੇ ਮਨੁੱਖ ਦੇ ਗਿਰੇ ਹੋਏ ਆਚਰਣ ਨੂੰ ਉਚੇਰਾ ਕਰਨ ਦਾ ਉੱਦਮ ਕੀਤਾ। ਧਰਮ ਦੇ ਨਾਮ ਥੱਲੇ ਜੋ ਭਰਮ ਪਏ ਹੋਏ ਸਨ, ਉਹਨਾਂ ਦਾ ਹਨ੍ਹੇਰਾ ਦੂਰ ਕਰਨ ਵਾਸਤੇ ਨਵੀਂ ਰੋਸ਼ਨੀ ਦਿਤੀ। ਹਜ਼ੂਰ ਨੇ ਇਕ ਨਵੇਂ ਧਰਮ ਦੀ ਬੁਨਿਆਦ ਰੱਖੀ, ਜਿਸ ਵਿਚ ਭਰਮ-ਭੁਲੇਖੇ, ਕਰਮ-ਕਾਂਡ, ਜਾਂ ਝੂਠੇ ਲਾਰੇ ਵਾਸਤੇ ਕੋਈ ਥਾਂ ਨਹੀਂ ਸੀ। ਵਰ ਸਰਾਪ ਦੇ ਵਹਿਮ ਵਿਚੋਂ ਕਢ ਕੇ ਇਕ ਨਿਰੰਕਾਰ ਦੀ ਮਹਾਨਤਾ ਦਾ ਰਸਤਾ ਵਿਖਾਇਆ। ਇਕ ਈਸ਼ਵਰ ਦੀ ਅਰਾਧਨਾ ਵਿਚ ਹੀ ਜ਼ਿੰਦਗੀ ਦਾ ਭੇਤ ਹੈ, ਇਹ ਦ੍ਰਿੜ੍ਹ ਕਰਾਇਆ :

''ਆਖਾ ਜੀਵਾ, ਵਿਸਰੈ ਮਰਿ ਜਾਉ।''

ਹਨ੍ਹੇਰੇ ਵਿਚ ਭਟਕਦੇ ਜੀਵ ਨੂੰ ਇਹ ਨਵੀਂ ਸੇਧ ਦਿਤੀ।

ਤਪ, ਸਾਧਨਾ, ਸਿਮਰਨ, ਸੰਤੋਖ, ਤੇ ਈਸ਼ਵਰ ਉਤੇ ਦ੍ਰਿੜ੍ਹ ਭਰੋਸਾ, ਏਹਾ ਗੁਣ ਮਨੁੱਖੀ ਆਚਰਣ ਨੂੰ ਉਚੇਰਾ ਕਰ ਸਕਦੇ ਹਨ। ਗੁਰਦੇਵ ਨੇ ਸਾਰਾ ਜ਼ੋਰ ਏਸੇ ਗੱਲ 'ਤੇ ਦਿਤਾ।

ਫਿਰ ਵਾਰੀ ਆਈ, ਗੁਰੂ ਅੰਗਦ ਦੇਵ ਮਹਾਰਾਜ ਦੀ। ਆਪਣੇ ਮਾਲਕ ਦਾ ਹੁਕਮ ਕਿਵੇਂ ਮੰਨੀ ਦਾ ਹੈ, ਹਜ਼ੂਰ ਨੇ ਅਮਲੀ ਤੌਰ 'ਤੇ ਕਰ

ਵਿਖਾਇਆ। 'ਹੁਕਮਿ ਰਜਾਈ ਚਲਣਾ' ਏਹਾ ਮਹਾਰਾਜ ਦੇ ਜੀਵਨ ਦਾ ਨਸ਼ਾਨਾ ਸੀ।

ਗੁਰੂ ਅਮਰਦਾਸ ਜੀ ਨੇ ਸੇਵਾ ਦਾ ਮਾਰਗ ਵਿਖਾਇਆ ਹਜ਼ੂਰ ਦੇ ਆਪਣੇ ਸ਼ਬਦਾਂ ਵਿਚ ਸੁਣੋ।

"ਹਉ ਸਤਿਗੁਰੁ ਸੇਵੀ ਆਪਣਾ,
ਇਕ ਮਨਿ ਇਕ ਚਿਤਿ ਭਾਇ।"

ਫਿਰ ਸੱਚਾ ਸੇਵਕ ਹੈ ਕੌਣ ? ਇਸ ਦਾ ਉਤਰ ਤੀਸਰੇ ਪਾਤਸ਼ਾਹ ਇਹਨਾਂ ਸ਼ਬਦਾਂ ਵਿਚ ਦੇਂਦੇ ਹਨ।

"ਸੋ ਸੇਵਕੁ ਹਰਿ ਆਖੀਐ, ਜੋ ਹਰਿ ਰਾਖੈ ਉਰਿ ਧਾਰਿ।
ਮਨੁ ਤਨੁ ਸਉਪੇ ਆਗੈ ਧਰੇ, ਹਉਮੈ ਵਿਚਹੁ ਮਾਰਿ।"

ਪ੍ਰਭੂ ਦਾ ਸੇਵਕ ਉਸ ਨੂੰ ਕਿਹਾ ਜਾ ਸਕਦਾ ਹੈ, ਜੋ ਹਰ ਸਮੇਂ ਹਰੀ ਨੂੰ ਹਿਰਦੇ ਵਿਚ ਧਾਰਨ ਕਰੀ ਰੱਖੇ। ਆਪਣੇ ਅੰਦਰੋਂ ਹਉਮੈ ਦਾ ਨਾਸ ਕਰ ਕੇ ਤਨ ਮਨ ਸਭ ਉਸ ਦੀ ਭਟਾ ਕਰ ਦੇਵੇ, ਓਸੇ ਨੂੰ ਸਉਂਪ ਦੇਵੇ।

ਇਹਨਾਂ ਪਰਮਾਣਾਂ ਤੋਂ ਮੇਰਾ ਮਨੋਰਥ ਹੈ, ਕਿ ਸਿੱਖੀ ਪੌੜੀ ਪੌੜੀ ਉਪਰ ਚੜ੍ਹੀ ਹੈ। ਹਰ ਗੁਰੂ ਨੇ ਆਪਣੀ ਜ਼ਿੰਮੇਵਾਰੀ ਪੂਰੀ ਦ੍ਰਿੜ੍ਹਤਾ ਨਾਲ ਨਿਭਾਈ ਹੈ, ਤੇ ਆਪਣੇ ਸਿੱਖ ਨੂੰ ਉਹ ਕੁਛ ਦਿਤਾ ਹੈ, ਜਿਸ ਦੀ ਸਮੇਂ ਅਨੁਸਾਰ ਲੋੜ ਸੀ।

ਹਰ ਧਰਮ ਵਾਸਤੇ ਇਕ ਆਪਣਾ ਪੱਕਾ ਕੇਂਦਰ ਹੋਣਾ ਚਾਹੀਦਾ ਹੈ। ਗੁਰੂ ਰਾਮਦਾਸ ਜੀ ਨੇ ਸਾਰਾ ਧਿਆਨ ਇਸ ਪਾਸੇ ਲਾਇਆ, ਤੇ ਸਿੱਖੀ ਦੇ ਕੇਂਦਰ ਅੰਮ੍ਰਿਤਸਰ ਦੀ ਨੀਂਹ ਧਰੀ। ਗੁਰੂ ਅਰਜਨ ਦੇਵ ਜੀ ਫ਼ੁਰਮਾਉਂਦੇ ਹਨ :

"ਅਬਿਚਲ ਨੀਵ ਧਰਾਈ ਸਤਿਗੁਰਿ
ਕਬਹੂ ਡੋਲਤ ਨਾਹੀ।"

ਫਿਰ ਵਾਰੀ ਆਈ ਗੁਰੂ ਅਰਜਨ ਦੇਵ ਜੀ ਦੀ। ਇਹ ਸਮਾਂ ਗੁਰਿਆਈ ਦੇ ਮਧ ਦਾ ਸੀ। ਸਾਡਾ ਅੱਜ ਦਾ ਲੈਕਚਰ ਵੀ ਪੰਜਵੇਂ

ਪਾਤਸ਼ਾਹ ਬਾਰੇ ਹੀ ਹੈ।

ਮਹਾਰਾਜ ਦੀ ਸਭ ਤੋਂ ਵੱਡੀ ਬਖ਼ਸ਼ਸ਼ ਹੈ, ਗੁਰੂ ਗ੍ਰੰਥ ਸਾਹਿਬ ਦੀ ਰਚਨਾ।

ਭਾਰਤ ਦੇ ਇਕ ਮਹਾਨ ਫ਼ਿਲਾਸਫ਼ਰ ਦਾ ਕਥਨ ਹੈ, "ਜਿਸ ਧਰਮ ਜਾਂ ਫ਼ਿਰਕੇ ਕੋਲ ਆਪਣਾ ਧਰਮ ਗ੍ਰੰਥ ਨਹੀਂ, ਉਹ ਉਸ ਵੇਲ ਵਾਂਗ ਹੈ, ਜਿਸ ਦੀ ਆਪਣੀ ਜੜ੍ਹ ਕੋਈ ਨਹੀਂ ਹੁੰਦੀ।"

ਤੁਸੀਂ ਦਰਖ਼ਤਾਂ ਉਤੇ ਫੈਲੀ ਹੋਈ 'ਅੰਬਰ ਵੇਲ' ਵੇਖਦੇ ਹੋ ਨਾਂ। ਉਸ ਦੀ ਆਪਣੀ ਜੜ੍ਹ ਕੋਈ ਨਹੀਂ ਹੁੰਦੀ। ਭਾਵ, ਉਹ ਧਰਤੀ ਵਿਚੋਂ ਖ਼ੁਰਾਕ ਨਹੀਂ ਲੈ ਸਕਦੀ। ਜਿਸ ਬਿਰਛ ਉਤੇ ਹੋਵੇ, ਉਹ ਉਸੇ ਦਾ ਰਸ ਚੂਸ ਕੇ ਵਧਦੀ ਫੁੱਲਦੀ ਹੈ। ਤੇ ਜਦੋਂ ਦਰਖ਼ਤ ਸੁੱਕ ਜਾਏ, ਉਹ ਵੀ ਸੁੱਕ ਜਾਂਦੀ ਹੈ।

ਸੋ, ਕਿਸੇ ਧਰਮ ਨੂੰ ਸਥਿਰ ਰੱਖਣ ਵਾਸਤੇ, ਜਾਂ ਚਿਰ-ਜੀਵੀ ਬਨਾਉਣ ਵਾਸਤੇ ਉਸ ਧਰਮ ਦਾ ਗ੍ਰੰਥ ਹੋਣਾ ਜ਼ਰੂਰੀ ਹੈ, ਜਿਸ ਤੋਂ ਚਾਨਣ ਲੈ ਕੇ ਜਗਿਆਸੂ ਮਨ ਦੇ ਭਰਮ ਦੂਰ ਕਰ ਸੱਕੇ।

ਸਿੱਖ ਧਰਮ ਦੀ ਇਹ ਲੋੜ ਗੁਰੂ ਅਰਜਨ ਦੇਵ ਜੀ ਨੇ ਆਦਿ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰ ਕੇ ਪੂਰੀ ਕਰ ਦਿਤੀ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਇਕ ਅਜੇਹਾ ਕਾਰਨਾਮਾ ਹੈ, ਜਿਸ ਦੀ ਮਿਸਾਲ ਨਹੀਂ ਮਿਲਦੀ। ਪਰ ਮੈਂ ਕਈ ਵਾਰ ਸੋਚਦਾ ਹਾਂ, ਕਿ ਜੇ ਸ਼ਹਾਦਤ ਨਾ ਵੀ ਹੁੰਦੀ, ਤਾਂ ਫਿਰ ਵੀ ਪੰਜਵੇਂ ਪਾਤਸ਼ਾਹ ਆਪਣੇ ਸਮੇਂ ਦੇ ਲਾਸਾਨੀ ਮਹਾਨ ਪੁਰਸ਼ ਸਨ। ਉਹਨਾਂ ਸਿੱਖੀ ਨੂੰ ਏਨਾਂ ਕੁਛ ਦਿਤਾ ਸੀ, ਜਿਸ ਨਾਲ ਸਿੱਖੀ ਇਕ ਪੂਰਨ ਫ਼ਿਰਕਾ ਜਾਂ ਕੌਮ ਬਣ ਗਈ ਸੀ। ਆਪਣੇ ਪਿਤਾ ਦੇ ਆਰੰਭੇ ਹੋਏ ਕਾਰਜ ਅੰਮ੍ਰਿਤਸਰ ਨੂੰ ਆਪ ਨੇ ਪੂਰਣ ਕੀਤਾ। ਇਲਾਕੇ ਵਿਚ ਹੋਰ ਕਈ ਤੀਰਥ ਰਚੇ, ਤੇ ਨਗਰ ਵਸਾਏ। ਸਾਰੀ ਸਿੱਖੀ ਨੂੰ ਬੜੇ ਸੁਚੱਜੇ ਢੰਗ ਨਾਲ ਜਥੇਬੰਦ ਕੀਤਾ। ਮੁਗ਼ਲਾਂ ਦੀ ਹਕੂਮਤ ਦੇ ਅੰਦਰ ਸਿੱਖਾਂ ਦੀ ਇਕ ਧਾਰਮਕ ਸਰਕਾਰ ਕਾਇਮ ਕਰ ਦਿਤੀ। ਸਿੱਖਾਂ ਦੇ

ਬਹੁਤੇ ਮੁਕੱਦਮੇ ਸਰਕਾਰੀ ਅਫਸਰਾਂ ਕੋਲ ਜਾਣ ਦੀ ਥਾਂ ਗੁਰੂ ਮਹਾਰਾਜ ਪਾਸ ਆਉਂਦੇ। ਗੁਰਦੇਵ ਦਾ ਫੈਸਲਾ ਦੋਵੇਂ ਧਿਰਾਂ ਬੜੀ ਖੁਸ਼ੀ ਨਾਲ ਪਰਵਾਨ ਕਰ ਲੈਂਦੀਆਂ। ਇਉਂ ਸਮਝੋ, ਕਿ ਉਸ ਸਮੇਂ ਸਾਰੇ ਭਾਰਤ ਵਿਚ ਸਿੱਖਾਂ ਦੀ ਹੀ ਇਕ ਅਜੇਹੀ ਜਥੇਬੰਦੀ ਸੀ, ਜੋ ਇਕ ਆਗੂ ਦੇ ਹੁਕਮ ਵਿਚ ਸੀ।

ਕੋਈ ਵੀ ਸ਼ਖਸੀ ਹਕੂਮਤ ਆਪਣੇ ਰਾਜ ਵਿਚ ਏਨੀ ਮਜ਼ਬੂਤ ਜਥੇਬੰਦੀ ਨੂੰ ਕਦੇ ਬਰਦਾਸ਼ਤ ਨਹੀਂ ਕਰ ਸਕਦੀ। ਜਹਾਂਗੀਰ ਦੀਆਂ ਆਪਣੀਆਂ ਲਿਖਤਾਂ ਪੜ੍ਹਨ ਤੋਂ ਪਤਾ ਲਗਦਾ ਹੈ, ਕਿ ਉਸ ਦਾ ਪੱਕਾ ਇਰਾਦਾ ਸੀ, ਇਸ ਜਥੇਬੰਦੀ ਨੂੰ ਹਿੰਦ ਵਿਚੋਂ ਸਮੂਲਚੋਂ ਮਿਟਾ ਦੇਣ ਦਾ।

ਅਕਬਰ ਦੀ ਸੁਲ੍ਹਾ-ਕੁੱਲ ਪਾਲਿਸੀ ਨੇ ਹਿੰਦੂਆਂ ਤੇ ਮੁਸਲਮਾਨਾਂ ਨੂੰ ਕਾਫੀ ਨੇੜੇ ਲੈ ਆਂਦਾ ਸੀ। ਖ਼ਾਸ ਕਰ ਜੰਗ-ਜੂ ਰਾਜਪੂਤ ਤਾਂ ਬਹੁਤ ਹੀ ਨੇੜੇ ਆ ਗਏ ਸਨ। ਪਰ ਇਸ ਮੇਲ ਮਿਲਾਪ ਤੋਂ ਤੰਗ ਦਿਲ ਮੌਲਵੀ ਬਹੁਤ ਔਖੇ ਸਨ। ਅਕਬਰ ਦੇ ਰੁਹਬ ਥੱਲੇ ਤਾਂ ਉਹਨਾਂ ਦੀ ਆਵਾਜ਼ ਦੱਬੀ ਰਹੀ, ਪਰ ਉਹਦੇ ਅੱਖਾਂ ਮੀਟਦਿਆਂ ਹੀ ਉਹਨਾਂ ਆਪਣਾ ਜ਼ਹਿਰੀਲਾ ਪਰਚਾਰ ਸ਼ੁਰੂ ਕਰ ਦਿਤਾ। ਉਸ ਦਾ ਅਸਰ ਨਵੇਂ ਤਖ਼ਤ ਨਸ਼ੀਨ—ਜਹਾਂਗੀਰ—ਉਤੇ ਬੜਾ ਪਿਆ।

ਅਕਬਰ ੧੩ ਅਕਤੂਬਰ, ੧੬੦੫ ਈ. (ਅੱਸੂ, ੧੬੬੨ ਬਿ.) ਨੂੰ ਮਰ ਗਿਆ, ਤਾਂ ਉਹਦਾ ਪੁੱਤਰ ਜਹਾਂਗੀਰ ਤਖ਼ਤ 'ਤੇ ਬੈਠਾ। ਜਹਾਂਗੀਰ ਦੇ ਆਪਣੇ ਘਰ ਵਿਚ ਉਸ ਵੇਲੇ ਫੁੱਟ ਸੀ, ਤੇ ਕਿਸੇ ਵੇਲੇ ਵੀ ਝਗੜਾ ਖੜਾ ਹੋ ਜਾਣ ਦਾ ਖ਼ਤਰਾ ਸੀ। ਇਸ ਲਈ ਉਸ ਨੇ ਇਸਲਾਮ ਦੀ ਪਰਚਾਰਕ ਸ਼੍ਰੇਣੀ, ਮੇਰਾ ਮਤਲਿਬ, ਮੁੱਲਾਂ ਮੁਲਾਣਿਆਂ ਨੂੰ ਖੁਸ਼ ਕਰਨ ਦਾ ਰਸਤਾ ਅਪਣੱ ਲਿਆ। ਵੈਸੇ ਵੀ ਜੇ ਜਹਾਂਗੀਰ ਦੇ ਜੀਵਨ ਉਤੇ ਝਾਤ ਮਾਰੀਏ, ਤਾਂ ਅਸੀਂ ਇਸ ਸਿੱਟੇ ਉਤੇ ਪੁੱਜਦੇ ਹਾਂ, ਕਿ ਉਹ ਪਹਿਲੀ ਉਮਰ ਵਿਚ ਬੜਾ ਤਅੱਸੁਬੀ ਸੀ। ਹਾਂ, ਪਿਛਲੀ ਉਮਰ ਉਹ ਕਾਫੀ ਖੁੱਲ੍ਹ-ਦਿਲਾ ਹੋ ਗਿਆ ਸੀ।

ਸਿੱਖਾਂ ਦੀ ਮਜ਼ਬੂਤ ਜਥੇਬੰਦੀ, ਤੇ ਗੁਰੂ ਅਰਜਨ ਦੇਵ ਮਹਾਰਾਜ ਦੀ ਸ਼ਖ਼ਸੀਅਤ ਜਹਾਂਗੀਰ ਦੀਆਂ ਅੱਖਾਂ ਵਿਚ ਰੜਕਣ ਲੱਗ ਪਈ। ਉਹ ਚਾਹੁੰਦਾ ਸੀ, ਕਿ ਸਿੱਖੀ ਨੂੰ ਸਮੂਲਚੋਂ ਖ਼ਤਮ ਕਰ ਦਿਤਾ ਜਾਵੇ, ਪਰ ਬਿਨਾਂ ਕਿਸੇ ਬਹਾਨੇ ਦੇ ਧੱਕਾ ਕਰ ਕੇ ਉਹ ਜ਼ਾਲਮ ਵੀ ਨਹੀਂ ਸੀ ਅਖਵਾਉਣਾ ਚਾਹੁੰਦਾ। ਤੇ ਬਹਾਨਾ ਉਹ ਨੂੰ ਛੇਤੀ ਹੀ ਮਿਲ ਗਿਆ।

ਜਹਾਂਗੀਰ ਨੂੰ ਹਕੂਮਤ ਸੰਭਾਲਿਆਂ ਅਜੇ ਛੇ-ਕੁ ਮਹੀਨੇ ਹੀ ਹੋਏ ਸਨ, ਜਾਂ ਉਹਦੇ ਵੱਡੇ ਸ਼ਾਹਜ਼ਾਦੇ ਖ਼ੁਸਰੋ ਨੇ ਬਗ਼ਾਵਤ ਕਰ ਦਿਤੀ। ਉਹਦਾ ਇਰਾਦਾ ਸਭ ਤੋਂ ਪਹਿਲਾਂ ਪੰਜਾਬ ਉਤੇ ਕਬਜ਼ਾ ਕਰਨ ਦਾ ਸੀ। ਉਹ ਆਪਣੇ ਹਿਮਾਇਤੀ ਅਫ਼ਸਰ ਤੇ ਥੋੜੀ ਜੇਹੀ ਫ਼ੌਜ ਲੈ ਕੇ ਲਾਹੌਰ ਵੱਲ ਤੁਰ ਪਿਆ। ਜਹਾਂਗੀਰ ਨੂੰ ਸਮੇਂ ਸਿਰ ਪਤਾ ਲੱਗ ਗਿਆ। ਉਹ ਚੋਖੀ ਫ਼ੌਜ ਲੈ ਕੇ ਮਗਰੇ ਲੱਗ ਤੁਰਿਆ।

ਜਹਾਂਗੀਰ ਦੇ ਡਰ ਕਾਰਨ ਲਾਹੌਰ ਦੇ ਅਫ਼ਸਰਾਂ ਨੇ ਸ਼ਾਹਜ਼ਾਦੇ ਦਾ ਸਾਥ ਨਾ ਦਿਤਾ। ਏਧਰੋਂ ਨਿਰਾਸ ਹੋ ਕੇ ਸ਼ਾਹਜ਼ਾਦਾ ਕੁਛ ਭਰੋਸੇ ਯੋਗ ਸਾਥੀਆਂ ਨੂੰ ਨਾਲ ਲੈ ਕੇ ਕਾਬਲ ਨੂੰ ਹੋ ਤੁਰਿਆ। ਕਿਸਮਤ ਨੇ ਉਹਦਾ ਸਾਥ ਨਾ ਦਿੱਤਾ। ਝਨਾਂ ਪਾਰ ਕਰਨ ਲੱਗਾ ਉਹ ਸਣੇ ਸਾਥੀਆਂ ਪਕੜ ਲਿਆ ਗਿਆ, ਤੇ ਵਾਪਸ ਲਾਹੌਰ ਲਿਆਂਦਾ ਗਿਆ। ਏਨੇ ਚਿਰ ਤਕ ਜਹਾਂਗੀਰ ਲਾਹੌਰ ਆ ਪੁੱਜਾ ਸੀ।

ਮੁਕੱਦਮਾ ਜਹਾਂਗੀਰ ਦੇ ਪੇਸ਼ ਹੋਇਆ। ਖ਼ੁਸਰੋ ਪੁੱਤਰ ਸੀ। ਇਸ ਵਾਸਤੇ ਉਸ ਨੂੰ ਕੁਛ ਸਮਾਂ ਨਜ਼ਰਬੰਦੀ ਵਿਚ ਰੱਖਣ ਦਾ ਹੁਕਮ ਦਿਤਾ ਗਿਆ। ਪਰ ਉਹਦੇ ਸਾਰੇ ਸਾਥੀ ਬੜੇ ਤਸੀਹੇ ਦੇ ਕੇ ਮਾਰੇ ਗਏ। ਉਸ ਦੇ ਵੱਡੇ ਹਮਾਇਤੀ ਹੁਸੈਨ ਬੇਗ ਤੇ ਅਬਦੁੱਲ ਅਜ਼ੀਜ਼ ਆਦਿ ਕੁਛ ਸਿਰਕਰਦਾ ਬੰਦਿਆਂ ਨੂੰ ਗਧਿਆਂ ਤੇ ਗਊਆਂ ਦੀਆਂ ਖੱਲਾਂ ਵਿਚ ਮੜ੍ਹ ਦਿਤਾ ਗਿਆ, ਜਿੱਥੇ ਉਹ ਭੁੱਖੇ ਤਿਹਾਏ ਸੁੱਕ ਸੁੱਕ ਕੇ ਮਰ ਗਏ।

ਖ਼ੁਸਰੋ ਦਾ ਵਿਰੋਧ ਕਰਨ ਵਾਲਿਆਂ ਨੂੰ ਇਨਾਮ ਦਿਤੇ ਗਏ। ਸ਼ੇਖ਼ ਫ਼ਰੀਦ ਬੁਖ਼ਾਰੀ ਨੂੰ ਮੁਰਤਜ਼ਾ ਖ਼ਾਨ ਦਾ ਖ਼ਿਤਾਬ ਦੇ ਕੇ ਉਸ ਦਾ ਅਹੁਦਾ

ਵਧਾਇਆ ਗਿਆ।

ਜਹਾਂਗੀਰ ੩੯ ਦਿਨ ਲਾਹੌਰ ਰਿਹਾ। ਉਹ ਲਾਹੌਰੋਂ ਤੁਰਨ ਵਾਲਾ ਸੀ, ਜਾਂ ਉਸਦੇ ਸਾਮ੍ਹਣੇ ਗੁਰੂ ਅਰਜਨ ਦੇਵ ਮਹਾਰਾਜ ਦੀ ਸ਼ਕਾਇਤ ਆ ਗਈ, ਕਿ ਮਹਾਰਾਜ ਨੇ ਬਾਗ਼ੀ ਖ਼ੁਸਰੋ ਦੀ ਮਦਦ ਕੀਤੀ ਹੈ।

ਸਵਾਲ ਪੈਦਾ ਹੁੰਦਾ ਹੈ, ਕਿ ਇਹ ਸ਼ਕਾਇਤ ਕਰਨ ਵਾਲੇ ਕੌਣ ਸਨ। ਇਹਨਾਂ ਦਾ ਮੋਹਰੀ ਸੀ ਮਹਾਰਾਜ ਦਾ ਸਕਾ ਭਾਈ ਪ੍ਰਿਥੀਚੰਦ। (ਪ੍ਰਿਥੀਚੰਦ ਗੁਰੂ ਰਾਮਦਾਸ ਜੀ ਦਾ ਵੱਡਾ ਸਾਹਿਬਜ਼ਾਦਾ ਸੀ। ਇਸ ਵਾਸਤੇ ਉਹ ਗੁਰਗੱਦੀ ਉਤੇ ਆਪਣਾ ਜਮਾਂਦਰੂ ਹੱਕ ਸਮਝਦਾ ਸੀ। ਪਰ ਗੁਰੂ ਨਾਨਕ ਦੀ ਗੱਦੀ ਵੱਡਾ ਪੁੱਤਰ ਹੋਣ ਕਰ ਕੇ ਨਹੀਂ, ਗੁਣਾਂ ਕਰ ਕੇ ਪਰਾਪਤ ਹੁੰਦੀ ਸੀ। ਸੋ ਗੁਣਾਂ ਦੇ ਆਧਾਰ ਉਤੇ ਪੰਜਵੇਂ ਗੁਰੂ ਅਰਜਨ ਦੇਵ ਜੀ ਥਾਪੇ ਗਏ। ਪ੍ਰਿਥੀ ਚੰਦ ਨੇ ਇਸ ਦਾ ਬੜਾ ਵਿਰੋਧ ਕੀਤਾ। ਏਥੋਂ ਤਕ, ਕਿ ਉਹ ਆਪਣੇ ਪਿਤਾ—ਗੁਰੂ ਰਾਮਦਾਸ ਜੀ—ਨਾਲ ਵੀ ਝਗੜਿਆ। ਇਸ ਦਾ ਸਬੂਤ ਚੌਥੇ ਪਾਤਸ਼ਾਹ ਦੀ ਬਾਣੀ ਵਿਚੋਂ ਮਿਲਦਾ ਹੈ।

"ਕਾਹੇ ਪੂਤ, ਝਗਰਤ ਹਉ ਸੰਗਿ ਬਾਪ।
ਜਿਨ ਕੇ ਜਣੇ ਬਡੀਰੇ ਤੁਮ ਹਉ,
ਤਿਨ ਸਿਉ ਝਗਰਤ ਪਾਪ।"

ਇਹ ਝਗੜਾ ਤਾਂ ਚੌਥੇ ਪਾਤਸ਼ਾਹ ਨਾਲ ਹੋਇਆ। ਚੌਥੇ ਪਾਤਸ਼ਾਹ ਦੇ ਜੋਤੀ ਜੋਤ ਸਮਾ ਜਾਣ ਪਿਛੋਂ ਪ੍ਰਿਥੀ ਚੰਦ ਨੇ ਅੰਤਮ ਕਿਰਿਆ ਸਮੇਂ ਇਕੱਠੇ ਹੋਏ ਭਾਈਚਾਰੇ ਵਿਚ ਵੀ ਆਪਣਾ ਹੱਕ ਜਤਾਇਆ ਤੇ ਗੁਰਿਆਈ ਦੀ ਮੰਗ ਕੀਤੀ। ਪਰ ਗੁਰੂ ਰਾਮਦਾਸ ਜੀ ਦੇ ਫ਼ੈਸਲੇ ਨੂੰ ਭਾਈਚਾਰਾ ਉਲਟਾ ਨਾ ਸਕਿਆ।

ਪ੍ਰਿਥੀ ਚੰਦ ਫਿਰ ਵੀ ਚੁੱਪ ਕਰਕੇ ਨਹੀਂ ਬੈਠਾ। ਉਹ ਬਾਦਸ਼ਾਹ ਅਕਬਰ ਦੇ ਦਰਬਾਰ ਤਕ ਪੁੱਜਾ। ਅਕਬਰ ਨੇ ਵੀ ਉਹਦੀ ਦਰਖ਼ਾਸਤ ਨਾ ਮੰਨੀ। ਉਹਨੇ ਸਾਫ਼ ਜਵਾਬ ਦੇ ਦਿਤਾ, ਕਿ ਗੁਰਿਆਈ ਦਾ ਫ਼ੈਸਲਾ ਸਰਕਾਰ ਦੇ ਕਾਨੂੰਨ ਅਧੀਨ ਨਹੀਂ। ਜੋ ਗੁਰੂ ਰਾਮਦਾਸ ਜੀ ਫ਼ੈਸਲਾ ਕਰ

ਗਏ ਹਨ, ਉਹ ਦਰੁਸਤ ਹੈ।

ਫਿਰ ਪ੍ਰਿਥੀਏ ਨੇ ਸੁਲਹੀ ਖ਼ਾਨ ਦਾ ਆਸਰਾ ਲਿਆ। ਗੁਰਦੇਵ ਤਕ ਪਹੁੰਚਣ ਤੋਂ ਪਹਿਲਾਂ ਹੀ ਸੁਲਹੀ ਖ਼ਾਨ ਭੱਠੇ ਵਿਚ ਸੜਕੇ ਮਰ ਗਿਆ।

ਪ੍ਰਿਥੀ ਚੰਦ ਨੇ ਅਜ ਵੀ ਖੋਟੀ ਮੱਤ ਨਾ ਤਿਆਗੀ। ਫਿਰ ਉਹ ਸੁਲਹੀ ਖ਼ਾਨ ਦੇ ਭਤੀਜੇ ਸੁਲਭੀ ਖ਼ਾਨ ਨੂੰ ਚੜ੍ਹਾ ਲਿਆਇਆ। ਸੁਲਭੀ ਖ਼ਾਨ ਰਾਹ ਵਿਚ ਇਕ ਨੌਕਰ ਹੱਥੋਂ ਮਾਰਿਆ ਗਿਆ।

ਜਹਾਂਗੀਰ ਤਖ਼ਤ 'ਤੇ ਬੈਠਾ, ਤਾਂ ਪ੍ਰਿਥੀ ਚੰਦ ਨੇ ਫਿਰ ਸਿਰ ਉਠਾਇਆ। ਇਸ ਸਮੇਂ ਤਕ ਉਹਨੂੰ ਇਕ ਹੋਰ ਸਹਾਇਕ ਮਿਲ ਗਿਆ ਸੀ। ਇਹ ਸੀ ਚੰਦੂ ਲਾਲ।

ਸਿਖ ਪਰਚਾਰਕਾਂ ਨੇ ਵਧੇਰੇ ਚੰਦੂ ਦੀ ਕਹਾਣੀ ਨੂੰ ਹੀ ਪਰਚਾਰਿਆ ਹੈ। ਚੰਦੂ ਲਾਲ ਦੇ ਲਾਗੀ ਅੰਮ੍ਰਿਤਸਰ ਆਏ ਤੇ ਸਾਹਿਬਜ਼ਾਦਾ ਹਰਿਗੋਬਿੰਦ ਸਾਹਿਬ ਨੂੰ ਪਸੰਦ ਕਰ ਗਏ। ਚੰਦੂ ਇਹ ਖ਼ਬਰ ਸੁਣ ਕੇ ਖ਼ੁਸ਼ ਨਾ ਹੋਇਆ, ਕਿ ਉਹਦੀ ਕੰਨਿਆਂ ਦਾ ਰਿਸ਼ਤਾ ਇਕ ਫ਼ਕੀਰ (ਗੁਰੂ) ਦੇ ਸਾਹਿਬਜ਼ਾਦੇ ਨਾਲ ਹੋਵੇ। ਉਹਨੇ ਮਾਇਆ-ਮੱਤੇ ਨੇ ਹਉਮੈਂ ਵਿਚ ਕਹਿ ਦਿਤਾ, "ਇਹ ਤਾਂ ਚੁਬਾਰੇ ਦੀ ਇੱਟ ਮੋਰੀ ਨੂੰ ਲਾਉਣ ਵਾਲੀ ਚੋਣ ਕਰ ਆਏ ਹੋ।"

ਚੰਦੂ ਭਾਵੇਂ ਇਸ ਰਿਸ਼ਤੇ 'ਤੇ ਖ਼ੁਸ਼ ਨਹੀਂ ਸੀ, ਪਰ ਸਨਾਤਨੀ ਖ਼ਿਆਲਾਂ ਦੇ ਅਸਰ ਥੱਲੇ ਉਸ ਦੀ ਪਤਨੀ ਇਹ ਰਿਸ਼ਤਾ ਛੱਡਣ ਵਾਸਤੇ ਤਿਆਰ ਨਹੀਂ ਸੀ। ਉਹਦੀ ਦਲੀਲ ਸੀ, ਕਿ ਮੇਰੀ ਕੰਨਿਆਂ ਵਾਸਤੇ ਪੰਡਤ ਇਕ ਵਰ ਚੁਣ ਆਏ ਹਨ। ਹਿੰਦੂ ਕੰਨਿਆਂ ਵਾਸਤੇ ਦੂਸਰਾ ਵਰ ਨਹੀਂ ਭਾਲਿਆ ਜਾ ਸਕਦਾ। ਸਭ ਪਾਸੇ ਸੋਚ ਕੇ ਚੰਦੂ ਨੇ ਕੰਨਿਆਂ ਦਾ ਸ਼ਗਨ ਦੇ ਕੇ ਆਪਣੇ ਲਾਗੀਆਂ ਨੂੰ ਤੋਰ ਦਿਤਾ।

ਲਾਗੀਆਂ ਦੇ ਪਹੁੰਚਣ ਤੋਂ ਪਹਿਲਾਂ ਹੀ ਦਿੱਲੀ ਦੇ ਸਿੱਖਾਂ ਦਾ ਬੇਨਤੀ ਪੱਤਰ ਮਹਾਰਾਜ ਪਾਸ ਅੰਮ੍ਰਿਤਸਰ ਪਹੁੰਚ ਗਿਆ। ਚੰਦੂ ਲਾਲ ਦੇ ਕੌੜੇ ਸ਼ਬਦਾਂ ਦਾ ਹਵਾਲਾ ਦੇ ਕੇ ਸੰਗਤਾਂ ਨੇ ਬੇਨਤੀ ਕੀਤੀ ਸੀ, ਕਿ ਅਜੇਹੇ ਹੰਕਾਰੀ ਪੁਰਸ਼ ਦਾ ਰਿਸ਼ਤਾ ਨਾ ਲਿਆ।

ਮਾਇਆ ਦੀ ਹਉਮੈਂ ਵਾਲੇ ਨੂੰ ਮਹਾਰਾਜ ਨੇ ਅੰਨ੍ਹਾ-ਬੋਲਾ ਤਕ ਕਿਹਾ ਹੈ।

"ਮਾਇਆਧਾਰੀ ਅਤਿ ਅੰਨਾ ਬੋਲਾ।
ਸਬਦੁ ਨ ਸੁਣਈ, ਬਹੁ ਰੋਲ ਘਚੋਲਾ।"

ਗੁਰੂ ਮਹਾਰਾਜ ਨੇ ਦਿੱਲੀ ਦੇ ਸਿੱਖਾਂ ਦੀ ਪੱਤਰਕਾ ਸਾਰੀ ਸੰਗਤ ਨੂੰ ਪੜ੍ਹ ਸੁਣਾਈ। ਸਾਰੀ ਸੰਗਤ ਨੇ ਵੀ ਦਿੱਲੀ ਦੀ ਸੰਗਤ ਦੀ ਰਾਏ ਦੀ ਹਾਮੀ ਭਰੀ, ਤੇ ਜ਼ੋਰਦਾਰ ਸ਼ਬਦਾਂ ਵਿਚ ਬੇਨਤੀ ਕੀਤੀ, ਕਿ ਅਜੇਹੇ ਹੰਕਾਰੀ ਨਾਲ ਰਿਸ਼ਤਾ ਨਹੀਂ ਗੰਢਣਾ ਚਾਹੀਦਾ। ਮਹਾਰਾਜ ਨੇ ਸੰਗਤ ਦੀ ਇਹ ਬੇਨਤੀ ਪਰਵਾਨ ਕਰ ਲਈ।

ਓਸੇ ਵੇਲੇ ਨੱਗਰ ਡੱਲਾ ਦੇ ਰਹਿਣ ਵਾਲੇ ਭਾਈ ਨਾਰਾਇਣ ਦਾਸ ਨੇ ਆਪਣੀ ਸਪੁੱਤਰੀ ਦਮੋਦਰੀ ਜੀ ਦਾ ਸ਼ਗਨ ਸਾਹਿਬਜ਼ਾਦਾ ਹਰਿਗੋਬਿੰਦ ਦੀ ਝੋਲੀ ਵਿਚ ਪਾ ਦਿਤਾ।

ਚੰਦੂ ਦੀ ਕੰਨਿਆਂ ਦਾ ਰਿਸ਼ਤਾ ਪੱਕਾ ਨਹੀਂ ਸੀ ਹੋਇਆ। ਸਿਰਫ਼ ਉਹਦੇ ਲਾਗੀ ਸਾਹਿਬਜ਼ਾਦੇ ਨੂੰ ਵੇਖ ਕੇ ਚਲੇ ਗਏ ਸਨ। ਉਹ ਸ਼ਗਨ ਲੈ ਕੇ ਅੰਮ੍ਰਿਤਸਰ ਪੁੱਜੇ, ਤਾਂ ਸੰਗਤਾਂ ਦੇ ਫ਼ੈਸਲੇ ਅਨੁਸਾਰ ਗੁਰੂ ਮਹਾਰਾਜ ਨੇ ਉਹ ਰਿਸ਼ਤਾ ਪਰਵਾਨ ਕਰਨ ਤੋਂ ਇਨਕਾਰ ਕਰ ਦਿਤਾ। ਰਿਸ਼ਤਾ ਪੱਕਾ ਕਰਨ ਪਿੱਛੋਂ ਨਹੀਂ ਤੋੜਿਆ, ਸਗੋਂ ਰਿਸ਼ਤਾ ਪਰਵਾਨ ਹੀ ਨਹੀਂ ਕੀਤਾ। ਲਾਗੀ ਖ਼ਾਲੀ ਮੁੜ ਗਏ। ਇਸ ਘਟਨਾ ਨੇ ਚੰਦੂ ਲਾਲ ਨੂੰ ਗੁਰੂ ਮਹਾਰਾਜ ਦਾ ਜਾਨੀ-ਦੁਸ਼ਮਣ ਬਣਾ ਦਿਤਾ।

ਇਹਨਾਂ ਦੋਹਾਂ ਤੋਂ ਬਿਨਾਂ ਤੰਗ-ਦਿਲ ਮੌਲਵੀ ਤੇ ਪੰਡਤ ਵੀ ਸਿੱਖੀ ਦੇ ਤੇ ਗੁਰੂ ਮਹਾਰਾਜ ਦੇ ਵਿਰੋਧੀ ਸਨ। ਉਹ ਸਾਰੇ ਅਜੇਹੇ ਸਮੇਂ ਦੀ ਤਾੜ ਵਿਚ ਸਨ, ਜਦ ਗੁਰੂ ਮਹਾਰਾਜ ਉਤੇ ਵਾਰ ਕੀਤਾ ਜਾ ਸੱਕੇ।

ਉਹਨਾਂ ਤੱਕਿਆ, ਕਿ ਖ਼ੁਸਰੋ ਦੀ ਮਦਦ ਕਰਨ ਵਾਲਿਆਂ ਨਾਲ ਬਾਦਸ਼ਾਹ ਬਹੁਤ ਨਾਰਾਜ਼ ਹੈ, ਤਾਂ ਉਹਨਾਂ ਗੁਰੂ ਮਹਾਰਾਜ ਦੇ ਵਿਰੁਧ ਝੂਠੀ ਸ਼ਕਾਇਤ ਕਰ ਦਿਤੀ। ਇਹ ਸ਼ਕਾਇਤ ਕਰਨ ਵਾਲੇ ਪ੍ਰਿਥੀ ਚੰਦ, ਚੰਦੂ

ਲਾਲ, ਕੁਛ ਪੰਡਤ ਤੇ ਮੌਲਵੀ ਹੋ ਸਕਦੇ ਹਨ। ਸ਼ਕਾਇਤ ਇਹ ਸੀ, ਕਿ ਦਰਿਆ ਬਿਆਸ ਪਾਰ ਕਰ ਕੇ ਖ਼ੁਸਰੋ ਗੋਇੰਦਵਾਲ ਰਿਹਾ ਹੈ। ਉਸ ਸਮੇਂ ਗੁਰੂ ਅਰਜਨ ਦੇਵ ਜੀ ਨੇ ਖ਼ੁਸਰੋ ਨੂੰ ਮਿਲ ਕੇ, ਉਸ ਨੂੰ ਬਾਦਸ਼ਾਹੀ ਦੀ ਅਸੀਸ ਦਿਤੀ ਹੈ, ਤੇ ਨਾਲੇ ਮਾਲੀ ਮਦਦ ਕੀਤੀ ਹੈ।

ਬਾਦਸ਼ਾਹ ਅੱਗੇ ਹੀ ਕਿਸੇ ਬਹਾਨੇ ਦੀ ਤਲਾਸ਼ ਵਿਚ ਸੀ। ਸੋ, ਉਹਨੇ ਬਿਨਾਂ ਪੜਤਾਲ ਕੀਤਿਆਂ ਹੀ ਗੁਰੂ ਮਹਾਰਾਜ ਦੀ ਗ੍ਰਿਫ਼ਤਾਰੀ ਦਾ ਹੁਕਮ ਦੇ ਦਿਤਾ। ਕਿਸੇ ਇਤਿਹਾਸਕਾਰ ਦੀ ਗਵਾਹੀ ਦੀ ਥਾਂ ਸਾਡੇ ਸਾਮ੍ਹਣੇ ਜਹਾਂਗੀਰ ਦੀ ਆਪਣੀ ਲਿਖਤ ਮੌਜੂਦ ਹੈ। 'ਤੁਜ਼ਕਿ ਜਹਾਂਗੀਰੀ' ਵਿਚ ਜਹਾਂਗੀਰ ਆਪ ਲਿਖਦਾ ਹੈ :

"ਦਰਿਆ ਬਿਆਸ ਦੇ ਕਨਾਰੇ, ਗੋਇੰਦਵਾਲ ਵਿਚ, ਪੀਰਾਂ ਤੇ ਬਜ਼ੁਰਗਾਂ ਦੇ ਭੇਸ ਵਿਚ (ਗੁਰੂ) ਅਰਜਨ ਨਾਮ ਦਾ ਇਕ ਹਿੰਦੂ ਰਹਿੰਦਾ ਸੀ। ਉਸ ਨੇ ਬਹੁਤ ਸਾਰੇ ਹਿੰਦੂਆਂ, ਸਗੋਂ ਮੂਰਖ ਤੇ ਬੇਸਮਝ ਮੁਸਲਮਾਨਾਂ ਨੂੰ ਵੀ ਆਪਣੀ ਰਹਿਤ ਤੇ ਤਰੀਕਿਆਂ ਦਾ ਸ਼ਰਧਾਲੂ ਬਣਾ ਕੇ, ਆਪਣੀ ਬਜ਼ੁਰਗੀ ਤੇ ਪੀਰੀ ਦਾ ਢੋਲ ਬਹੁਤ ਉੱਚਾ ਵਜਾਇਆ ਹੋਇਆ ਸੀ। ਲੋਕ ਉਸ ਨੂੰ ਗੁਰੂ ਕਹਿੰਦੇ ਸਨ। ਸਭ ਪਾਸਿਆਂ ਤੋਂ ਫ਼ਰੇਬੀ ਤੇ ਠੱਗੀ ਪਸੰਦ ਲੋਕ ਉਸ ਪਾਸ ਆਉਂਦੇ, ਉਸ ਉਤੇ ਪੂਰਨ ਭਰੋਸਾ ਪਰਗਟ ਕਰਦੇ। ਤਿੰਨ-ਚਾਰ ਪੀਹੜੀਆਂ ਤੋਂ ਉਹਨਾਂ ਦੀ ਇਹ ਦੁਕਾਨ ਗਰਮ ਸੀ (ਚੱਲ ਰਹੀ ਸੀ)। ਢੇਰ ਚਿਰ ਤੋਂ ਮੇਰੇ ਦਿਲ ਵਿਚ ਇਹ ਖ਼ਿਆਲ ਆ ਰਿਹਾ ਸੀ, ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕਰ ਦੇਣਾ ਚਾਹੀਦਾ ਹੈ। ਜਾਂ ਉਸ ਨੂੰ (ਗੁਰੂ ਨੂੰ) ਮੁਸਲਮਾਨਾਂ ਦੇ ਮਜ਼ਹਬ ਵਿਚ ਲੈ ਆਉਣਾ ਚਾਹੀਦਾ ਹੈ। ਇਹਨਾਂ ਦਿਨਾਂ ਵਿਚ ਹੀ ਖ਼ੁਸਰੋ ਦਰਿਆ ਪਾਰ ਹੋਇਆ। ਇਸ ਜਾਹਿਲ ਆਦਮੀ ਨੇ ਇਰਾਦਾ ਕੀਤਾ, ਕਿ ਉਸ ਦੇ ਨੇੜੇ ਰਹੇ। ਗੁਰੂ ਦੇ ਰਹਿਣ ਦੀ ਥਾਂ ਦੇ ਨੇੜੇ ਹੀ ਖ਼ੁਸਰੋ ਨੇ ਪੜਾਉ ਕੀਤਾ। ਇਹ ਉਸ ਨੂੰ ਮਿਲਿਆ, ਤੇ ਕੋਈ ਮਿਥੀਆਂ ਹੋਈਆਂ ਗੱਲਾਂ ਉਸ ਨਾਲ ਕੀਤੀਆਂ, ਤੇ ਕੇਸਰ ਦੀ ਇਕ ਉਂਗਲੀ ਉਸ ਦੇ ਮੱਥੇ ਉਤੇ ਲਾਈ, ਜਿਸ ਨੂੰ ਹਿੰਦੂ ਤਿਲਕ ਕਹਿੰਦੇ ਹਨ, ਤੇ ਚੰਗਾ ਸਗਨ

ਮੰਨਦੇ ਹਨ। ਜਦ ਇਹ ਗੱਲ ਮੇਰੇ ਕੰਨੀ ਪਈ, ਤੇ ਮੈਂ ਅੱਗੇ ਹੀ ਇਹਨਾਂ ਦੇ ਝੂਠ ਨੂੰ ਜਾਣਦਾ ਸਾਂ, ਮੈਂ ਹੁਕਮ ਦਿਤਾ, ਕਿ ਉਸ ਨੂੰ ਮੇਰੇ ਹਾਜ਼ਰ ਕੀਤਾ ਜਾਵੇ। ਉਸ ਦਾ ਘਰ ਘਾਟ ਤੇ ਬੱਚੇ ਮੁਰਤਜ਼ਾ ਖ਼ਾਨ ਦੇ ਹਵਾਲੇ ਕਰ ਦਿਤੇ, ਉਸ ਦਾ ਮਾਲ ਅਸਬਾਬ ਜ਼ਬਤ ਕਰ ਕੇ ਉਸ ਨੂੰ 'ਸਿਆਸਤ' ਤੇ 'ਯਾਸਾ' ਦੇ ਕਾਨੂੰਨ ਅਧੀਨ ਸਜ਼ਾ ਦੇਣ ਦਾ ਹੁਕਮ ਦਿਤਾ।''

ਸਿਆਸਤ ਤੇ ਯਾਸਾ ਦੇ ਅਧੀਨ ਸਜ਼ਾ ਦੇਣ ਦਾ ਅਰਥ ਹੈ: ਡਰਾਉਣ ਧਮਕਾਉਣ ਤੇ ਤਸੀਹੇ ਦੇ ਕੇ ਕਤਲ ਕਰਨ ਦਾ ਹੁਕਮ।

ਇਸ ਲਿਖਤ ਦੇ ਹੁੰਦਿਆਂ ਵੀ ਕੋਈ ਕਹੇਗਾ, ਕਿ ਮਹਾਰਾਜ ਦੀ ਸ਼ਹਾਦਤ ਵਿਚ ਜਹਾਂਗੀਰ ਦਾ ਕੋਈ ਹੱਥ ਨਹੀਂ ਸੀ? ਸੋ ਮਹਾਰਾਜ ਦਾ ਅਸਲੀ ਕਾਤਲ ਜਹਾਂਗੀਰ ਬਾਦਸ਼ਾਹ ਆਪ ਸੀ।

ਇਕ ਮਿਸਾਲ ਹੋਰ ਦੇਂਦੇ ਹਾਂ। ਕੁਝ ਤਾਰੀਖ਼ਦਾਨਾਂ ਵੱਲੋਂ ਜਹਾਂਗੀਰ ਦੇ ਇਨਸਾਫ਼ ਦਾ ਬੜਾ ਢੰਡੋਰਾ ਪਿੱਟਿਆ ਜਾਂਦਾ ਹੈ। ਇਸ ਸ਼ਹਾਦਤ ਨਾਲ ਇਹ ਪੋਲ ਵੀ ਖੁੱਲ੍ਹ ਜਾਇਗਾ।

ਖ਼ੁਸਰੋ ਥਾਨੇਸਰ ਪਹੁੰਚਿਆ, ਤਾਂ ਓਥੋਂ ਦਾ ਪਰਸਿੱਧ ਮੁਸਲਮਾਨ ਫ਼ਕੀਰ ਖ਼ਵਾਜਾ ਨਜ਼ਾਮੁੱਦੀਨ ਸ਼ਾਹਜ਼ਾਦੇ ਨੂੰ ਮਿਲਿਆ। ਉਹਨੇ ਸ਼ਾਹਜ਼ਾਦੇ ਦੇ ਹੱਕ ਵਿਚ ਬਾਕਾਇਦਾ ਦੁਆ ਕੀਤੀ, ਭਾਵ, ਉਸ ਨੂੰ ਬਾਦਸ਼ਾਹੀ ਦੀ ਅਸੀਸ ਦਿਤੀ। ਇਸ ਦਾ ਮਨੋਰਥ ਸੀ, ਕਿ ਉਸ ਦੇ ਸਾਰੇ ਮੁਰੀਦ ਸ਼ਾਹਜ਼ਾਦੇ ਦੀ ਮਦਦ 'ਤੇ ਹਨ।

ਜਹਾਂਗੀਰ ਨੂੰ ਪਤਾ ਲੱਗਾ, ਤਾਂ ਉਹਨੇ ਖ਼ਵਾਜਾ ਨਜ਼ਾਮੁੱਦੀਨ ਨੂੰ ਪਕੜ ਮੰਗਵਾਇਆ। ਦੋਸ਼ ਸਾਬਤ ਹੋਣ ਉਤੇ ਉਸ ਨੂੰ ਭਾਰਤ ਵਿਚੋਂ ਕਢ ਦਿਤਾ, ਤੇ ਸਰਕਾਰੀ ਖ਼ਰਚ ਉਤੇ ਮੱਕੇ ਭੇਜ ਦਿਤਾ। ਇਹ ਹੈ ਜਹਾਂਗੀਰੀ ਇਨਸਾਫ਼। ਜਿਸ ਸ਼ਕਾਇਤ ਬਦਲੇ ਗੁਰੂ ਅਰਜਨ ਦੇਵ ਜੀ ਨੂੰ ਮੌਤ ਦੀ ਸਜ਼ਾ ਦਿਤੀ ਜਾਂਦੀ ਹੈ, ਓਸੇ ਸ਼ਕਾਇਤ ਬਦਲੇ ਇਕ ਮੁਸਲਮਾਨ ਫ਼ਕੀਰ ਨੂੰ ਸਿਰਫ਼ ਦੇਸ-ਨਿਕਾਲਾ ਦਿਤਾ ਜਾਂਦਾ ਹੈ।

ਜਹਾਂਗੀਰ ਹੁਕਮ ਦੇ ਕੇ ਦਿੱਲੀ ਨੂੰ ਪਰਤ ਗਿਆ।

ਮੁਰਤਜ਼ਾ ਖ਼ਾਂ ਗੁਰੂ ਮਹਾਰਾਜ ਨੂੰ ਗ੍ਰਿਫ਼ਤਾਰ ਕਰ ਕੇ ਲਾਹੌਰ ਲੈ ਆਇਆ। ਮਹਾਰਾਜ ਦੇ ਨਾਲ ਪੰਜ ਸਿਖ ਆਏ : ਭਾਈ ਜੇਠਾ, ਪਿਰਾਣਾ, ਪੈੜਾ, ਲੰਗਾਹ ਤੇ ਬਿਧੀ ਚੰਦ। ਮੁਰਤਜ਼ਾ ਖ਼ਾਂ ਨੂੰ ਚਾਹੀਦਾ ਸੀ, ਕਿ ਉਹ ਮੁਕੱਦਮੇ ਦੀ ਆਪ ਪੜਤਾਲ ਕਰਦਾ। ਪਰ ਉਹਨੇ ਪਹਿਲਾਂ ਮਿਥੀ ਗੋਂਦ ਅਨੁਸਾਰ ਗੁਰੂ ਮਹਾਰਾਜ ਨੂੰ ਚੰਦੂ ਲਾਲ ਦੇ ਹਵਾਲੇ ਕਰ ਦਿਤਾ।

ਠੀਕ ਹੈ, ਸਾਰਾ ਗੁਨਾਹ ਚੰਦੂ ਦਾ ਨਹੀਂ, ਜਹਾਂਗੀਰ ਦਾ ਵਧੇਰੇ ਹੈ, ਪਰ ਚੰਦੂ ਨੂੰ ਵੀ ਇਸ ਪਾਪ ਤੋਂ ਬਰੀ ਨਹੀਂ ਕੀਤਾ ਜਾ ਸਕਦਾ। ਹਜ਼ੂਰ ਨੂੰ ਤਸੀਹੇ ਦੇਣ ਦੀ ਸਾਰੀ ਜ਼ਿੰਮੇਵਾਰੀ ਚੰਦੂ ਦੀ ਹੈ।

ਚੰਦੂ ਨੇ ਮਹਾਰਾਜ ਸਾਮ੍ਹਣੇ ਤਿੰਨ ਸ਼ਰਤਾਂ ਰੱਖੀਆਂ।

੧. ਗੁਰੂ ਮਹਾਰਾਜ ਮੁਸਲਮਾਨ ਹੋ ਜਾਣ।

੨. ਗੁਰੂ ਗ੍ਰੰਥ ਸਾਹਿਬ ਵਿਚ ਹਜ਼ਰਤ ਮੁਹੰਮਦ ਦੀ ਤਾਰੀਫ਼ ਦੇ ਕੁਛ ਸ਼ਬਦ ਲਿਖ ਦੇਣ।

੩. ਸਾਹਿਬਜ਼ਾਦੇ ਵਾਸਤੇ ਉਸ ਦੀ ਕੰਨਿਆਂ ਦਾ ਰਿਸ਼ਤਾ ਪਰਵਾਨ ਕਰ ਲੈਣ।

ਚੰਦੂ ਦਾ ਇਰਾਦਾ ਗੁਰੂ ਮਹਾਰਾਜ ਦੀ ਜਾਨ ਲੈਣ ਦਾ ਨਹੀਂ ਸੀ। ਉਹ ਚਾਹੁੰਦਾ ਸੀ, ਕਿ ਗੁਰੂ ਜੀ ਮੁਸਲਮਾਨ ਹੋ ਜਾਣ, ਤੇ ਉਸ ਦੀ ਕੰਨਿਆਂ ਦਾ ਰਿਸ਼ਤਾ ਪਰਵਾਨ ਕਰ ਲੈਣ। ਇਸ ਵਿਚ ਉਸ ਦਾ ਦੂਹਰਾ ਲਾਭ ਸੀ। ਗੁਰਦੇਵ ਦੇ ਮੁਸਲਮਾਨ ਹੋ ਜਾਣ ਨਾਲ ਬਾਦਸ਼ਾਹ ਦਾ ਗੁੱਸਾ ਆਪਣੇ ਆਪ ਦੂਰ ਹੋ ਜਾਣਾ ਸੀ, ਤੇ ਨਾਲ ਹੀ ਗੁਰੂ ਨਾਨਕ ਦੀ ਗੱਦੀ ਖ਼ਾਲੀ ਹੋ ਜਾਣੀ ਸੀ। ਜਿਸ ਦਾ ਅਰਥ ਸੀ, ਕਿ ਸਾਹਿਬਜ਼ਾਦਾ ਹਰਿਗੋਬਿੰਦ ਨੇ ਉਸੇ ਸਮੇਂ ਸਿੱਖਾਂ ਦਾ ਗੁਰੂ ਬਣ ਜਾਣਾ ਸੀ। ਇਸ ਤਰ੍ਹਾਂ ਚੰਦੂ ਦੀ ਕੰਨਿਆਂ ਦੀ ਪਦਵੀ ਕਿੰਨੀ ਵਧ ਜਾਣੀ ਸੀ।

ਮਹਾਰਾਜ ਨੇ ਇਹਨਾਂ ਵਿਚੋਂ ਕੋਈ ਵੀ ਸ਼ਰਤ ਪਰਵਾਨ ਨਾ ਕੀਤੀ। ਫਿਰ ਚੰਦੂ ਤਸੀਹੇ ਦੇਣ ਦੀਆਂ ਧਮਕੀਆਂ ਦੇਣ ਲੱਗ ਗਿਆ। ਉਤਰ ਵਿਚ ਮਹਾਰਾਜ ਨੇ ਬੜੀ ਸ਼ਾਂਤ ਸੁਰ ਵਿਚ ਕਿਹਾ, "ਪੁਰਖਾ! ਕਿਸੇ ਲਾਲਚ ਜਾਂ

ਭੈ ਵਿਚ ਆ ਕੇ ਆਪਣਾ ਧਰਮ ਤਿਆਗਣਾ ਸਭ ਤੋਂ ਵੱਡੀ ਕਾਇਰਤਾ ਹੈ। ਸਗੋਂ ਈਸ਼ਵਰ ਵੱਲੋਂ ਬੇ-ਮੁੱਖਕ ਹੈ। ਸਾਨੂੰ ਗੁਰੂ ਨਾਨਕ ਦਾ ਧਰਮ ਆਪਣੀ ਜਾਨ ਨਾਲੋਂ ਵੀ ਪਿਆਰਾ ਹੈ। ਸੋ, ਜਾਨ ਤਾਂ ਹਾਜ਼ਰ ਹੈ, ਪਰ ਧਰਮ ਨਹੀਂ ਤਿਆਗ ਸਕਦੇ। ਬਾਕੀ ਗੱਲ ਰਹੀ, ਗੁਰੂ ਗ੍ਰੰਥ ਸਾਹਿਬ ਵਿਚ ਮੁਹੰਮਦ ਜੀ ਦੀ ਤਾਰੀਫ਼ ਲਿਖਣੀ। ਇਹ ਵੀ ਸਾਡੇ ਵੱਸ ਦੀ ਗੱਲ ਨਹੀਂ। ਅਕਾਲਪੁਰਖ ਨੇ ਜੋ ਸਾਥੋਂ ਲਿਖਵਾਇਆ ਹੈ, ਅਸਾਂ ਓਹਾ ``ਛ ਲਿਖਿਆ ਹੈ। ਕਿਸੇ ਹੋਰ ਦੇ ਦਬਾਅ ਥੱਲੇ ਅਸੀਂ ਆਪਣੇ ਵਿਚਾਰ ਨਹੀਂ ਬਦਲ ਸਕਦੇ।"

ਇਸ ਬਾਰੇ ਹਜ਼ੂਰ ਦਾ ਆਪਣਾ ਫ਼ੁਰਮਾਨ ਹੈ:

"ਬੋਲੇ ਸਾਹਿਬ ਕੇ ਭਾਣੈ। ਦਾਸੁ ਬਾਣੀ ਬ੍ਰਹਮੁ ਵਖਾਣੈ।"

ਏਸੇ ਵਿਚਾਰ ਦੇ ਹੋਰ ਵੀ ਪਰਮਾਣ ਮਿਲਦੇ ਹਨ, ਜਿਵੇਂ ਸਿਰੀ ਰਾਗ ਵਿਚ:

"ਬੋਲਾਇਆ ਬੋਲੀ ਖਸਮ ਦਾ।"

ਫਿਰ ਹਜ਼ੂਰ ਸੁਖਮਨੀ ਸਾਹਿਬ ਵਿਚ ਫ਼ੁਰਮਾਉਂਦੇ ਹਨ:

"ਜਿਉ ਬੁਲਾਵਹੁ, ਤਿਉ ਨਾਨਕ ਦਾਸ ਬੋਲੈ।"

"ਤੇ ਤੀਸਰਾ ਸਵਾਲ!" ਮਹਾਰਾਜ ਨੇ ਬੜੇ ਕੋਮਲ ਸ਼ਬਦਾਂ ਵਿਚ ਕਿਹਾ, "ਤੇਰੀ ਕਨਿਆਂ ਨਾਲ ਸਾਨੂੰ ਕੋਈ ਨਾਰਾਜ਼ਗੀ ਨਹੀਂ। ਪਰ ਉਸ ਦਾ ਰਿਸ਼ਤਾ ਨਾ ਲੈਣ ਦਾ ਫ਼ੈਸਲਾ ਸੰਗਤ ਦਾ ਹੈ, ਸਾਡਾ ਨਹੀਂ। ਅਸੀਂ ਗੁਰੂ ਨਾਨਕ ਦੀ ਸੰਗਤ ਦਾ ਫ਼ੈਸਲਾ ਨਹੀਂ ਬਦਲ ਸਕਦੇ। ਤੇ ਜੋ ਤੂੰ ਤਸੀਹੇ ਦੇਣ ਦੀ ਗੱਲ ਕੀਤੀ ਹੈ, ਉਸ ਬਾਰੇ ਅਸੀਂ ਹਰ ਤਰ੍ਹਾਂ ਤਿਆਰ ਹਾਂ। ਆਤਮਾ ਅਮਰ ਹੈ:

"ਮਰਣਹਾਰੁ ਇਹ ਜੀਅਰਾ ਨਾਹੀ।"

"ਤੇ ਸਰੀਰ ਪੰਜ-ਤੱਤ ਦਾ ਪੁਤਲਾ ਹੈ। ਧਰਮ ਦੀ ਰੱਖਿਆ ਬਦਲੇ ਇਸ ਨੂੰ ਕੁਛ ਕਸ਼ਟ ਸਹਿਣੇ ਵੀ ਪੈਣ, ਤਾਂ ਕੀ ਡਰ। ਅਸੀਂ ਤਿਆਰ ਹਾਂ।"

ਦੂਸਰੇ ਬਾਰੇ ਰਾਏ ਕਾਇਮ ਕਰਨ ਲੱਗਿਆਂ, ਹਰ ਮਨੁੱਖ ਆਪਣੇ ਸੁਭਾਉ

ਅਨੁਸਾਰ ਸੋਚਦਾ ਹੈ। ਜਿਹੜਾ ਕਸ਼ਟ ਸਾਨੂੰ ਆਪ ਨੂੰ ਅਸਹਿ ਜਾਪਦਾ ਹੈ, ਅਸੀਂ ਸਮਝਦੇ ਹਾਂ, ਉਹ ਦੂਸਰਾ ਵੀ ਨਹੀਂ ਸਹਾਰ ਸਕੇਗਾ।

ਚੰਦੂ ਨੇ ਹੁਕਮ ਦੇ ਦਿਤਾ, ਕਿ ਗੁਰੂ ਮਹਾਰਾਜ ਨੂੰ ਦੇਗ ਵਿਚ ਬਿਠਾ ਕੇ ਉਬਾਲ ਦਿਤਾ ਜਾਵੇ। ਉਹ ਸੋਚਦਾ ਸੀ,ਕਿ ਜਦੋਂ ਮਾਸ ਸੜਨ ਲੱਗੇਗਾ ਤਾਂ ਮਹਾਰਾਜ ਆਪੇ ਮੇਰੀਆਂ ਸ਼ਰਤਾਂ ਮੰਨ ਜਾਣਗੇ।

ਮਹਾਰਾਜ ਨੂੰ ਦੇਗ ਵਿਚ ਬਿਠਾ ਕੇ ਹੇਠਾਂ ਅੱਗ ਬਾਲ ਦਿਤੀ ਗਈ। ਸਹਿਜ ਸਹਿਜ ਗਰਮ ਹੁੰਦਾ ਹੁੰਦਾ ਪਾਣੀ ਉਬਲਨ ਲੱਗ ਪਿਆ। ਏਥੋਂ ਤਕ, ਕਿ ਹਜ਼ੂਰ ਦਾ ਕੋਮਲ ਸਰੀਰ ਸਾਰਾ ਛਾਲਿਆਂ ਨਾਲ ਭਰ ਗਿਆ। ਚੰਦੂ ਸਾਹਮਣੇ ਖਲਾ ਸਭ ਕੁਛ ਵੇਖ ਰਿਹਾ ਸੀ। ਗੁਰਦੇਵ ਨੂੰ ਉਸ ਹੱਦ ਤਕ ਉਬਾਲਿਆ ਗਿਆ, ਕਿ ਲੋੜ ਪਈ 'ਤੇ ਹਜ਼ੂਰ ਨੂੰ ਫਿਰ ਬਚਾਇਆ ਜਾ ਸੱਕੇ।

ਚੰਦੂ ਦੇ ਹੁਕਮ ਨਾਲ ਮਹਾਰਾਜ ਨੂੰ ਦੇਗ ਵਿਚੋਂ ਕਢ ਲਿਆ ਗਿਆ। ਚੰਦੂ ਨੇ ਧਮਕੀ ਭਰੀ ਸੁਰ ਵਿਚ ਕਿਹਾ, "ਆਪ ਨੇ ਵੇਖ ਲਿਆ, ਕਿ ਆਪ ਨੂੰ ਕਿਨ੍ਹਾਂ ਤਸੀਹਿਆਂ ਦਾ ਸਾਮ੍ਹਣਾ ਕਰਨਾ ਪੈ ਸਕਦਾ ਹੈ ? ਮੈਂ ਆਪ ਜੀ ਨੂੰ ਸੋਚਣ ਵਾਸਤੇ ਇਕ ਦਿਨ ਦੀ ਮੁਹਲਤ ਦੇਂਦਾ ਹਾਂ। ਮੇਰੀਆਂ ਸ਼ਰਤਾਂ ਮੰਨ ਜਾਉਗੇ, ਤਾਂ ਸ਼ਾਹੀ ਹਕੀਮਾਂ ਦੀ ਮਦਦ ਨਾਲ ਦੋ-ਚਾਰ ਦਿਨ ਵਿਚ ਆਪ ਨੂੰ ਅਰੋਗ ਕਰ ਲਿਆ ਜਾਵੇਗਾ। ਤੇ ਨਹੀਂ ਤਾ ਭਲਕੇ ਏਸੇ ਥਾਂ 'ਤੇ ਤੱਤੀ ਤੱਵੀ ਉਤੇ ਬਿਠਾ ਕੇ, ਉਪਰੋਂ ਸੜਦੀ ਰੇਤ ਪਾ ਕੇ ਮੌਤ ਦੇ ਘਾਟ ਉਤਾਰ ਦਿਤਾ ਜਾਵੇਗਾ।"

ਹਜ਼ੂਰ ਨੇ ਓਸੇ ਤਰ੍ਹਾਂ ਠਰ੍ਹੰਮੇ ਨਾਲ ਉਤਰ ਦਿਤਾ, "ਪੁਰਖਾ! ਰੱਬ ਵਾਲੇ ਰੋਜ਼ ਰੋਜ਼ ਨਹੀਂ ਸੋਚਿਆ ਕਰਦੇ। ਅਸਾਂ ਓਸੇ ਦਿਨ ਸਭ ਕੁਛ ਸੋਚ ਲਿਆ ਸੀ, ਜਿਸ ਦਿਨ ਗੁਰੂ ਦਾ ਲੜ ਫੜਿਆ ਸੀ। ਸਾਡੇ ਗੁਰਦੇਵ ਦਾ ਹੁਕਮ ਹੈ :

"ਹੁਕਮਿ ਰਜਾਈ ਚਲਣਾ।"

"ਸੋ ਅਸੀਂ ਉਸ ਰਜ਼ਾਈ ਦੇ ਹੁਕਮ ਵਿਚ ਸਭ ਕੁਛ ਸਹਿਣ ਲਈ

ਤਿਆਰ ਹਾਂ। ਤੂੰ ਆਪਣੇ ਮਨ ਦੀ ਕਰ ਲੈ।"

ਉਸ ਸਮੇਂ ਅਜੇਹੇ ਕਾਰੇ ਆਮ ਲੋਕਾਂ ਦੇ ਸਾਮ੍ਹਣੇ ਕੀਤੇ ਜਾਂਦੇ ਸਨ, ਤਾਂਕਿ ਜਨਤਾ ਦੇ ਮਨ ਉੱਤੇ ਸਰਕਾਰ ਦਾ ਭੈ ਬਣਿਆਂ ਰਹੇ। ਗੁਰਦੇਵ ਨੂੰ ਤਸੀਹੇ ਦੇਣ ਵਾਸਤੇ ਵੀ ਉਹ ਖੁੱਲ੍ਹਾ ਥਾਂ ਚੁਣਿਆ ਗਿਆ, ਜਿਥੇ ਇਸ ਵੇਲੇ ਗੁਰਦਵਾਰਾ ਡੇਹਰਾ ਸਾਹਿਬ ਮੌਜੂਦ ਹੈ।

ਜੇਠ ਦਾ ਮਹੀਨਾ, ਕਹਿਰ ਦੀ ਗਰਮੀ, ਲੋਹ ਹੇਠ ਅੱਗ ਦੇ ਭਾਂਬੜ ਬਲ ਰਹੇ ਸਨ। ਲਾਗੇ ਹੀ ਕੜ੍ਹਾਹੀ ਵਿਚ ਰੇਤ ਤਪਾ ਕੇ ਲਾਲ ਕੀਤੀ ਹੋਈ ਸੀ। ਪੁਲੀਸ ਦੇ ਪਹਿਰੇ ਵਿਚ ਗੁਰਦੇਵ ਨੂੰ ਸਾਮ੍ਹਣੇ ਲਿਆਂਦਾ ਗਿਆ। ਹਜ਼ਾਰਾਂ ਲੋਕ ਉਦਾਲੇ ਵੇਖਣ ਵਾਲੇ ਖਲੋ ਸਨ। ਵਰਤਣ ਵਾਲਾ ਭਾਣਾ ਵੇਖ ਕੇ ਹਜ਼ੂਰ ਨੂੰ ਭਗਤ ਕਬੀਰ ਜੀ ਦਾ ਕਥਨ ਯਾਦ ਆ ਗਿਆ।

ਗੁਰਦੁਆਰਾ ਰਾਮਸਰ ਵਿਚ ਬੈਠੇ ਮਹਾਰਾਜ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰ ਰਹੇ ਸਨ। ਹਜ਼ੂਰ ਲਿਖਵਾ ਰਹੇ ਸਨ, ਤੇ ਭਾਈ ਗੁਰਦਾਸ ਜੀ ਲਿਖ ਰਹੇ ਸਨ। ਮਹਾਰਾਜ ਬੋਲਦੇ ਬੋਲਦੇ ਦੋ ਪਲ ਰੁਕ ਗਏ। ਭਾਈ ਗੁਰਦਾਸ ਜੀ ਨੇ ਕਿਹਾ, "ਮਹਾਰਾਜ! ਅੱਗੇ ਹੁਕਮ।"

ਹਜ਼ੂਰ ਨੇ ਫੁਰਮਾਇਆ, "ਗੁਰੂ ਸਵਾਰੇ ਭਾਈ ਸਾਹਿਬ! ਮਨੁੱਖ ਜਾਤੀ ਦੇ ਸਾਮ੍ਹਣੇ ਭਗਤ ਕਬੀਰ ਜੀ ਨੇ ਬਹੁਤ ਵੱਡਾ ਸਵਾਲ ਰਖ ਦਿਤਾ ਹੈ। ਅਸੀਂ ਓਸੇ ਬਾਰੇ ਸੋਚ ਰਹੇ ਹਾਂ। ਭਗਤ ਜੀ ਲਿਖਦੇ ਹਨ।

"ਕਬੀਰ, ਮਰਤਾ ਮਰਤਾ ਜਗੁ ਮੂਆ, ਮਰਿ ਭੀ ਨ ਜਾਨਿਆ ਕੋਇ
ਐਸੇ ਮਰਨੇ ਜੋ ਮਰੈ, ਬਹੁਰਿ ਨ ਮਰਨਾ ਹੋਇ।"

"ਇਨਸਾਨ ਜਨਮਦਾ ਹੈ, ਤੇ ਮਰ ਜਾਂਦਾ ਹੈ। ਏਸੇ ਤਰ੍ਹਾਂ ਪੀੜ੍ਹੀਆਂ ਦੀਆਂ ਪੀੜ੍ਹੀਆਂ ਚੱਲ ਗਈਆਂ ਹਨ, ਜੁੱਗ ਬੀਤ ਗਏ ਹਨ। ਭਗਤ ਜੀ ਕਹਿੰਦੇ ਹਨ, ਪਰ ਮਰਨ ਦੀ ਜਾਚ ਕਿਸੇ ਨੂੰ ਨਹੀਂ ਆਈ। ਅਸੀਂ ਸੋਚ ਰਹੇ ਹਾਂ, ਉਹ ਕੇਹੋ ਜਹਾ ਮਰਨਾ ਹੈ, ਜਿਸ ਪਿਛੋਂ ਫਿਰ ਕਦੇ ਮਰਨਾ ਨਾ ਪਵੇ।"

ਚੰਦੂ ਦਾ ਹੁਕਮ ਹੋਇਆ, ਗੁਰੂ ਜੀ ਨੂੰ ਇਸ ਤੱਤੀ ਤਵੀ ਉਤੇ ਬਿਠਾ

ਦਿਤਾ ਜਾਵੇ।

ਸੜਦੀ ਲੋਹ ਉਤੇ ਚੌਂਕੜਾ ਮਾਰਦਿਆਂ ਗੁਰਦੇਵ ਨੇ ਦੁਹਰਾਇਆ, "ਕਬੀਰ!

"ਐਸੇ ਮਰਨੇ ਜੋ ਮਰੈ, ਬਹੁਰਿ ਨ ਮਰਨਾ ਹੋਇ।"

ਲਗਭਗ ੧੯੪੦ ਈ. ਦੀ ਗੱਲ ਹੈ, ਮੈਂ ਢਾਡੀ ਜਥੇ ਨਾਲ ਇਹ ਪ੍ਰਸੰਗ ਕਹਿ ਰਿਹਾ ਸਾਂ। ਇਕ ਸਜਣ ਨੇ ਮੇਰੇ ਉਤੇ ਸਵਾਲ ਕਰ ਦਿਤਾ।

"ਹਜ਼ਰਤ ਇਬਰਾਹੀਮ ਨੂੰ 'ਖ਼ਲੀਲ ਅੱਲਾਹ', ਯਾਨੀ 'ਖ਼ੁਦਾ ਦਾ ਦੋਸਤ' ਮੰਨਿਆਂ ਜਾਂਦਾ ਹੈ। ਨਮਰੂਦ ਨੇ ਹਜ਼ਰਤ ਨੂੰ ਅੰਗਿਆਰਾਂ ਦੇ ਫ਼ਰਸ਼ ਉਤੇ ਸੁਟਾ ਦਿਤਾ। ਖ਼ੁਦਾ ਇਹ ਕਿਵੇਂ ਬਰਦਾਸ਼ਤ ਕਰ ਲੈਂਦਾ, ਕਿ ਉਸਦਾ ਦੋਸਤ ਅੱਗ ਵਿਚ ਸੜੇ। ਸੋ ਅੱਲਾਹ ਤਾਲਾ ਨੇ ਅੰਗਿਆਰਾ ਨੂੰ ਫੁੱਲਾਂ ਵਿਚ ਬਦਲ ਦਿਤਾ। ਪੰਡਤ ਕਹਿੰਦਾ ਹੈ, ਪ੍ਰਹਿਲਾਦ ਈਸ਼ਵਰ ਦਾ ਭਗਤ ਸੀ। ਹਰਨਾਕਸ਼ ਨੇ ਪ੍ਰਹਿਲਾਦ ਨੂੰ ਤਪੇ ਹੋਏ ਥੰਮ੍ਹ ਨਾਲ ਜੱਫੀ ਪਾਉਣ ਵਾਸਤੇ ਕਿਹਾ, ਤਾਂ ਈਸ਼ਵਰ ਦੀ ਕਿਰਪਾ ਨਾਲ ਸੜਦਾ ਥੰਮ੍ਹ ਠੰਢਾ ਹੋ ਗਿਆ। ਜੇ ਗੁਰੂ ਅਰਜਨ ਦੇਵ ਜੀ ਅਕਾਲ ਪੁਰਖ ਦੇ ਭਗਤ ਸਨ, ਪਿਆਰੇ ਸਨ, ਤਾਂ ਉਹਨਾਂ ਦੀ ਸਹਾਇਤਾ ਵਾਸਤੇ ਨਿਰੰਕਾਰ ਕਿਉਂ ਨਾ ਬਹੁੜਿਆ। ਉਹਨਾਂ ਦੀ ਸੜਦੀ ਲੋਹ ਠੰਢੀ ਕਿਉਂ ਨਾ ਹੋਈ।"

ਮੈਂ ਉਤਰ ਦਿਤਾ, "ਭਲੇ ਪੁਰਸ਼! ਕਹੋ, ਤਾਂ ਉਤਰ ਦੇਣ ਤੋਂ ਪਹਿਲਾਂ ਮੈਂ ਕੁਛ ਪੁੱਛ ਲਵਾਂ?"

ਉਸਨੇ ਕਿਹਾ, "ਕਿਉਂ ਨਹੀਂ। ਪੁੱਛੋ।"

ਮੈਂ ਕਿਹਾ, "ਸਾਲਾਨਾ ਇਮਤਿਹਾਨ ਤੋਂ ਪਹਿਲਾਂ ਸਕੂਲਾਂ ਦਾ ਮੁਆਇਨਾ ਕਰਨ ਇਨਸਪੈਕਟਰ ਆਇਆ ਕਰਦੇ ਹਨ। ਉਹ ਸਾਰੀ ਜਮਾਤ ਨੂੰ ਇਕੱਠਾ ਸਵਾਲ ਲਿਖਾਉਂਦੇ ਹਨ। ਉਹਨਾਂ ਸਿਰਫ਼ ਇਹ ਵੇਖਣਾ ਹੁੰਦਾ ਹੈ, ਕਿ ਕਿੰਨਿਆਂ ਵਿਚੋਂ ਕਿੰਨੇ ਵਿਦਿਆਰਥੀਆਂ ਦੇ ਸਵਾਲ ਠੀਕ ਹਨ। ਸਹੀ ਅਰਥਾਂ ਵਿਚ ਇਹ ਉਸਤਾਦ ਦਾ ਇਮਤਿਹਾਨ ਹੁੰਦਾ ਹੈ, ਵਿਦਿਆਰਥੀਆਂ ਦਾ ਨਹੀਂ। ਇਨਸਪੈਕਟਰ ਸਵਾਲ ਲਿਖਾ ਦੇਂਦਾ

ਹੈ, ਤੇ ਉਸਤਾਦ ਨਿਗਰਾਨੀ ਕਰਨ ਦੇ ਬਹਾਨੇ ਲੜਕਿਆਂ ਦੀ ਪਾਲ ਵਿਚ ਫਿਰਦਾ ਉਹਨਾਂ ਦੀਆਂ ਸਲੇਟਾਂ ਉਤੇ ਤਕਦਾ ਰਹਿੰਦਾ ਹੈ। ਉਹ ਵੇਖਦਾ ਹੈ, ਇਕ ਵਿਦਿਆਰਥੀ ਦਾ ਸਵਾਲ ਗਲਤ ਹੈ। ਉਸਤਾਦ ਪਿਛੋਂ ਠੱਡਾ ਮਾਰ ਕੇ ਕਹਿੰਦਾ ਹੈ, 'ਸਿੱਧਾ ਹੋ ਕੇ ਬੈਠ ਉਇ! ਕਿਧਰ ਝਾਕਦਾ ਏਂ'। ਅਗਲੇ ਮੁੰਡ ਵੱਲੇ ਵਖ।' ਲੜਕਾ ਸਮਝ ਲੈਂਦਾ ਹੈ, ਕਿ ਉਹਦਾ ਸਵਾਲ ਗਲਤ ਹੈ। ਉਹ ਅਗਲੇ ਲੜਕੇ ਵੱਲੇ ਵੇਖ ਕੇ ਆਪਣਾ ਸਵਾਲ ਠੀਕ ਕਰ ਲੈਂਦਾ ਹੈ।

"ਦੂਸਰੀ ਜਮਾਤ ਦਾ ਉਸਤਾਦ ਮਾਣ ਨਾਲ ਕਹਿੰਦਾ ਹੈ, 'ਇਨਸ-ਪੈਕਟਰ ਸਾਹਿਬ! ਮੈਂ ਕਮਰੇ ਵਿਚ ਨਹੀਂ ਜਾਣਾ। ਆਪ ਸਵਾਲ ਲਿਖਾਉ ਮੈਨੂੰ ਆਪਣੇ ਸ਼ਾਗਿਰਦਾਂ ਉਤੇ ਮਾਣ ਹੈ, ਕਿ ਇਹ ਆਪਣੀ ਹਿੰਮਤ ਨਾਲ ਆਪ ਜੀ ਦੇ ਹਰ ਸਵਾਲ ਦਾ ਉੱਤਰ ਦੇਣ ਦੇ ਯੋਗ ਹਨ।'

"ਦੋਹਾਂ ਜਮਾਤਾਂ ਦੇ ਲੜਕੇ ਪਾਸ ਹੋ ਗਏ। ਹੁਣ ਆਪ ਦੱਸੋ, ਜਿਹੜੇ ਵਿਦਿਆਰਥੀ ਉਸਤਾਦ ਦੀ ਸਹਾਇਤਾ ਨਾਲ ਪਾਸ ਹੋਏ, ਉਹ ਵਡਿਆਈ ਦੇ ਹੱਕਦਾਰ ਹਨ, ਜਾਂ ਜਿਹੜੇ ਬਿਨਾਂ ਕਿਸੇ ਦੀ ਮਦਦ ਦੇ ਆਪਣੀ ਹਿੰਮਤ ਨਾਲ ਪਾਸ ਹੋਏ, ਉਹ।"

ਸਵਾਲ ਕਰਨ ਵਾਲੇ ਨੂੰ ਮੰਨਣਾ ਪਿਆ, ਕਿ ਜਿਹੜੇ ਆਪਣੀ ਹਿੰਮਤ ਨਾਲ ਪਾਸ ਹੋਏ ਹਨ, ਉਹ ਵਧੇਰੇ ਵਡਿਆਈ ਦੇ ਹੱਕਦਾਰ ਹਨ।

ਮੈਂ ਕਿਹਾ, "ਏਹਾ ਹੈ ਤੁਹਾਡੇ ਸਵਾਲ ਦਾ ਜਵਾਬ। ਖ਼ੁਦਾ ਨੂੰ ਯਕੀਨ ਨਹੀਂ ਸੀ, ਕਿ ਹਜ਼ਰਤ ਇਬਰਾਹੀਮ ਅੱਗ ਦੇ ਸਾੜ ਨੂੰ ਬਰਦਾਸ਼ਤ ਕਰ ਲੈਣਗੇ। ਇਸ ਵਾਸਤੇ ਖ਼ੁਦਾ ਨੇ ਅੰਗਿਆਰਾਂ ਨੂੰ ਫੁੱਲਾਂ ਵਿਚ ਬਦਲ ਦਿਤਾ। ਭਾਵ, ਉਸ ਉਸਤਾਦ ਵਾਂਗ ਖ਼ੁਦਾ ਨੇ ਆਪਣੇ ਦੋਸਤ ਦੀ ਉਚੇਰੀ ਮਦਦ ਕੀਤੀ। ਜਿਸਦਾ ਸਿੱਟਾ, ਅੱਜ ਤਕ ਇਸਲਾਮ ਨੇ ਇਬਰਾਹੀਮ ਦੀ ਕਹਾਣੀ ਨੂੰ ਦੁਹਰਾਉਣ ਵਾਲਾ ਹੋਰ ਪੈਦਾ ਨਹੀਂ ਕੀਤਾ। ਬੇਸ਼ਕ ਸਰ ਇਕਬਾਲ ਨੇ ਬੜਾ ਸੁੰਦਰ ਸ਼ੇਅਰ ਲਿਖਿਆ ਹੈ, ਜਾਂ ਦੂਸਰੇ ਸ਼ਬਦਾਂ ਵਿਚ ਤੜ੍ਹ ਮਾਰੀ ਹੈ:

'ਆਗ ਹੈ, ਔਲਾਦਿ ਇਬਰਾਹੀਮ ਹੈ, ਨਮਰੂਦ ਹੈ,
ਕਿਆ ਕਿਸੀ ਕੋ ਫਿਰ ਕਿਸੀ ਕਾ ਇਮਤਹਾਂ ਮਕਸੂਦ ਹੈ ?'

ਪਰ ਇਹ ਸ਼ੇਅਰ ਹੀ ਰਹਿ ਗਿਆ ਹੈ। ਇਤਿਹਾਸ ਇਸਦੀ ਪ੍ਰੋੜ੍ਹਤਾ ਨਹੀਂ ਕਰ ਸਕਿਆ। ਸਗੋਂ ਅੱਗ ਵਿਚ ਸੜ ਕੇ ਮਰਨਾ ਮੁਸਲਮਾਨ ਵਾਸਤੇ ਬਹੁਤ ਵੱਡਾ ਗੁਨਾਂਹ ਮਿਥ ਲਿਆ ਗਿਆ ਹੈ।

"ਦੂਸਰੀ ਕਹਾਣ । ਮੌਲਵੀ ਨਾਲੋਂ ਪੰਡਤ ਚਤਰ ਨਿਕਲਿਆ ਹੈ। ਉਹਨੇ ਸਾਫ਼ ਮੰਨ ਲਿਆ, ਕਿ ਪ੍ਰਹਿਲਾਦ ਦਾ ਮਨ ਡੋਲ ਗਿਆ ਸੀ। ਭਗਵਾਨ ਕੀੜੀ ਦਾ ਰੂਪ ਧਾਰ ਕੇ ਥੰਮ੍ਹ ਉਤੇ ਤੁਰਿਆ, ਤਦ ਪ੍ਰਹਿਲਾਦ ਨੇ ਜੱਫੀ ਪਾਈ।"

ਹਰ ਹਾਲ ਇਹ ਦੋਵੇਂ ਮਹਾਪੁਰਸ਼ ਰਿਆਇਤੀ ਪਾਸ ਹਨ। ਪਰ ਗੁਰੂ ਅਰਜਨ ਦੇਵ ਮਹਾਰਾਜ ਨੇ ਕੋਈ ਰਿਆਇਤ ਨਹੀਂ ਚਾਹੀ। ਅੱਗ ਦਾ ਗੁਣ ਹੈ ਸਾੜਨਾ। ਉਹ ਪੂਰੇ ਜੋਬਨ ਵਿਚ ਬਲਦੀ ਰਹੇ। ਹੇਠੋਂ ਤੱਤੀ ਲੋਹ ਤੇ ਉਪਰੋਂ ਤੱਤੀ ਰੇਤ ਸਰੀਰ ਨੂੰ ਸਾੜੇ ਪਈ। ਤੇ ਲੋਹ ਉਤੇ ਬੈਠੇ ਗੁਰੂ ਅਰਜਨ ਦੇਵ ਮਹਾਰਾਜ ਕਹੀ ਜਾਣ:

"ਤੇਰਾ ਕੀਆ ਮੀਠਾ ਲਾਗੈ।
ਹਰਿਨਾਮੁ ਪਦਾਰਥੁ ਨਾਨਕੁ ਮਾਂਗੈ।"

ਇਕ ਬੜਾ ਜ਼ਰੂਰੀ ਸਵਾਲ ਹੋਰ ਹੈ। ਗੁਰੂ ਮਹਾਰਾਜ ਨੂੰ 'ਸ਼ਹੀਦਾਂ ਦਾ ਸਿਰਤਾਜ' ਕਿਹਾ ਜਾਂਦਾ ਹੈ। ਕਿਉਂ ?

ਸੰਸਾਰ ਵਿਚ ਦੋ ਤਰਾਂ ਦੇ ਸ਼ਹੀਦ ਮੰਨੇ ਜਾਂਦੇ ਹਨ: ਇਕ ਉਹ, ਜੋ ਮੈਦਾਨਿ ਜੰਗ ਵਿਚ ਲੜਦੇ ਹੋਏ ਵੀਰ-ਗਤੀ ਪਰਾਪਤ ਕਰ ਜਾਂਦੇ ਹਨ। ਉਹਨਾਂ ਉਤੇ ਵੀ ਕੌਮ ਨੂੰ ਬੜਾ ਮਾਣ ਹੁੰਦਾ ਹੈ। ਉਹਨਾਂ ਦੀ ਗਿਣਤੀ ਵੀ ਬਹੁਤ ਹੈ। ਦੂਸਰੇ ਹੁੰਦੇ ਹਨ ਸ਼ਾਂਤਮਈ ਸ਼ਹੀਦ। ਇਹ ਉਂਗਲੀਆਂ 'ਤੇ ਗਿਣੇ ਜਾਣ ਜੋਗੇ ਹਨ।

ਵੇਖਣਾ ਇਹ ਹੈ, ਕਿ ਇਹਨਾਂ ਵਿਚੋਂ ਕਿਸੇ ਸ਼ਹੀਦ ਨੇ ਸਰੀਰਕ ਤੌਰ 'ਤੇ ਕਿੰਨਾ ਕਸ਼ਟ ਉਠਾਇਆ ਹੈ।

ਕਿਸੇ ਜ਼ਮਾਨੇ ਵਿਚ ਮੌਤ ਦੀ ਸਜ਼ਾ ਵਾਲੇ ਨੂੰ ਜ਼ਹਿਰ ਦੇ ਕੇ ਮਾਰਿਆ ਜਾਂਦਾ ਸੀ। ਜ਼ਹਿਰ ਵਿਚ ਸ਼ਹਿਦ ਮਿਲਾ ਕੇ ਉਸਨੂੰ ਸੁਆਦੀ ਬਣਾ ਦਿਤਾ ਜਾਂਦਾ ਸੀ। ਜ਼ਹਿਰ ਦੇ ਅਸਰ ਨਾਲ ਮਨੁੱਖ ਮੌਤ ਤੋਂ ਪਹਿਲਾਂ ਬੇਹੋਸ਼ ਹੋ ਜਾਂਦਾ ਸੀ। ਪਹਿਲਾਂ ਨਸ਼ਾ, ਫਿਰ ਬੇਹੋਸ਼ੀ, ਤੇ ਫਿਰ ਮੌਤ।

ਅੱਜ ਦੀ ਸਾਊ ਦੁਨੀਆਂ ਵਿਚ ਵੀ ਮੌਤ ਦੀ ਸਜ਼ਾਂ ਪਰਚਲਤ ਹੈ, ਕਿਤੇ ਫਾਂਸੀ ਰਾਹੀਂ, ਕਿਤੇ ਗੋਲੀ ਨਾਲ ਜਾਂ ਤਲਵਾਰ ਨਾਲ ਤੇ ਕਿਤੇ ਬਿਜਲੀ ਦੀ ਕਰੰਟ ਨਾਲ। ਮੌਤ ਤਾਂ ਹੈ, ਪਰ ਸਰੀਰਕ ਕਸ਼ਟ ਘੱਟ ਤੋਂ ਘੱਟ ਹੈ।

ਪਰ ਗੁਰੂ ਅਰਜਨ ਦੇਵ ਮਹਾਰਾਜ ਨੂੰ ਪਹਿਲਾਂ ਦੇਗ ਵਿਚ ਉਬਾ-ਲਿਆ ਗਿਆ ਹੈ, ਤੇ ਫਿਰ ਤੱਤੀ ਲੋਹ ਉਤੇ ਸਾੜਿਆ ਗਿਆ ਹੈ, ਹੇਠੋਂ ਲੋਹ ਸਾੜ ਰਹੀ ਹੈ, ਤੇ ਉਤੋਂ ਸੜਦੀ-ਬਲਦੀ ਰੇਤ ਕੋਮਲ ਬਦਨ ਉਤੇ ਪੈ ਰਹੀ ਹੈ। ਪਰ ਰੱਬ ਵਾਲੇ ਰੱਬ ਨਾਲ ਜੁੜੇ ਬੈਠੇ ਹਨ, ਮੂੰਹੋਂ 'ਸੀ' ਤਕ ਨਹੀਂ। "ਦੁਖ ਵਿਚਿ ਸੁਖ ਮਨਾਈ" ਵਾਲੀ ਅਵਸਥਾ ਹੈ।

ਸਾਰੇ ਸ਼ਹਿਰ ਵਿਚ ਤਰਥੱਲੀ ਮੱਚ ਗਈ। ਰੱਬ ਦੇ ਭੈ ਵਾਲੇ ਤ੍ਰਾਹ ਤ੍ਰਾਹ ਕਰ ਰਹੇ ਸਨ। ਖ਼ਬਰ ਸੁਣ ਕੇ ਸਾਈਂ 'ਮੀਆਂ ਮੀਰ' ਆਪ ਚੱਲ ਕੇ ਆਏ। ਇਹ ਜੱਗੋਂ ਬਾਹਰਾ ਅਤਿਆਚਾਰ ਵੇਖ ਕੇ ਮੀਆਂ ਮੀਰ ਜੀ ਦੇ ਨੇਤਰ ਭਰ ਆਏ। ਉਹਨਾਂ ਆਹ ਦਾ ਨਾਅਰਾ ਮਾਰਿਆ ਤੇ ਦੋਵੇਂ ਹੱਥ ਉਠਾ ਕੇ ਅੱਲਾਹ ਅੱਗੇ ਸ਼ਿਕਵਾ ਕੀਤਾ।

ਸ਼ਾਂਤੀ ਦੇ ਪੁੰਜ ਗੁਰਦੇਵ ਉਹਨਾਂ ਨੂੰ ਧੀਰਜ ਦੇਂਦੇ ਹੋਏ ਬੋਲੇ, "ਸਾਈਂ ਜੀ! ਅੱਲਾਹ ਵਾਲਿਆਂ ਨੂੰ ਅੱਲਾਹ ਅੱਗੇ ਸ਼ਿਕਵੇ ਨਹੀਂ ਕਰਨੇ ਚਾਹੀਦੇ। ਸਾਡਾ ਤਾਂ ਮੱਤ ਹੈ:

"ਜਿਥੈ ਰਖਹਿ, ਬੈਕੁੰਠੁ ਤਿਥਾਈ"

ਸਾਈਂ ਮੀਆਂ ਮੀਰ ਇਹ ਧੀਰਜ ਵੇਖ ਕੇ ਹੈਰਾਨ ਰਹਿ ਗਿਆ। ਉਹਨੇ ਸਿਰ ਝੁਕਾ ਕੇ ਬੜੀ ਸ਼ਰਧਾ ਨਾਲ ਕਿਹਾ, "ਗੁਰੂ ਅਰਜਨ ਖ਼ੁਦਾ ਰੂਪ ਤੇ ਖ਼ੁਦਾ ਵਾਂਗ ਅਡੋਲ ਹੈ। ਇਹ ਸਹਿਜ ਅਵਸਥਾ ਨੂੰ ਪਹੁੰਚਿਆ

ਹੋਇਆ ਦੁਨਿਆਵੀ ਦੁੱਖ ਸੁਖ ਤੋਂ ਉਚੇਰਾ ਹੈ।"

ਚੌਥੇ ਪਾਤਸ਼ਾਹ ਨੇ ਸਿਧਾਂਤ ਵਜੋਂ ਇਕ ਵਾਕ ਕਿਹਾ ਹੈ :

"ਸੋ ਡਰੈ ਜਿ ਪਾਪ ਕਮਾਵਦਾ, ਧਰਮੀ ਵਿਗਸੇਤੁ।'

ਗੁਰੂ ਅਰਜਨ ਦੇਵ ਮਹਾਰਾਜ ਏਨੇ ਤਸੀਹੇ ਸਹਿ ਕੇ ਵੀ ਅਡੋਲ ਤੇ ਸ਼ਾਂਤ ਹਨ, ਪਰ ਪਾਪ ਕਮਾਉਣ ਵਾਲਾ ਚੰਦੂ ਲਾਲ ਤੰਗ ਪੈ ਗਿਆ ਹੈ। ਉਹ ਇਸ ਖੇਡ ਨੂੰ ਛੇਤੀ ਸਮ ਪਤ ਕਰਨ ਵਾਸਤੇ ਸੋਚ ਰਿਹਾ ਹੈ।

ਉਸ ਵੇਲੇ ਦਰਿਆ ਰਾਵੀ ਦੀ ਇਕ ਸ਼ਾਖ ਕਿਲ੍ਹੇ ਦੇ ਨਾਲ ਦੀ ਵਗਦੀ ਸੀ। ਭਾਈ ਬਿਧੀ ਚੰਦ ਕਿਲ੍ਹੇ ਦੀ ਕੰਧ ਉਤਰੀ ਘੋੜਾ ਟਪਾਉਂਦਾ ਹੈ, ਤਾਂ ਸਿੱਧਾ ਦਰਿਆ ਵਿਚ ਛਾਲ ਮਾਰਦਾ ਹੈ।

ਸੜੇ ਹੋਏ ਥਾਂ ਉਤੇ ਠੰਢਾ ਪਾਣੀ ਪੈ ਜਾਵੇ, ਤਾਂ ਜਲਨ ਕਈ ਗੁਣਾਂ ਵਧ ਜਾਂਦੀ ਹੈ। ਇਹ ਸੋਚ ਕੇ ਚੰਦੂ ਨੇ ਜਲਾਦਾਂ ਰਾਹੀਂ ਮਹਾਰਾਜ ਨੂੰ ਲੋਹ ਉਤੋਂ ਉਠਵਾ ਕੇ ਰਾਵੀ ਦੇ ਠੰਢੇ ਪਾਣੀ ਵਿਚ ਸੁਟਵਾ ਦਿਤਾ।

ਇਤਿਹਾਸਕਾਰ ਸੋਹਨ ਲਾਲ ਆਪਣੀ ਪਰਸਿੱਧ ਕਤਾਬ "ਉਮਦਾਹਤ-ਤਵਾਰੀਖ" ਵਿਚ ਲਿਖਦਾ ਹੈ, "ਬਾਅਦ ਅਜ਼ ਜ਼ਹੂਰਿ ਬਾਅਜ਼ਿ ਮੁਕੱਦਮਾਤਿ ਨਾ-ਮੁਲਾਇਮ, ਜ਼ਾਤਿ ਆਲੀ ਰਾ ਦਰ ਬਹਿਰ ਰਾਵੀ ਅੰਦਾਖ਼ਤੰਦ।"

ਅਰਥ ਹੈ, ਕੁਛ ਤਸੀਹੇ ਦੇਣ ਪਿਛੋਂ ਉਸ ਮਹਾਂਨਪੁਰਸ਼ (ਗੁਰੂ) ਨੂੰ ਦਰਿਆ ਰਾਵੀ ਵਿਚ ਸੁਟਿਆ ਗਿਆ।

ਮਹਾਰਾਜ ਨੂੰ ਦਰਿਆ ਵਿਚ ਸੁੱਟਣ ਦਾ ਹਵਾਲਾ ਗਿਆਨੀ ਰਤਨ ਸਿੰਘ ਭੰਗੂ ਵੀ ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਦੇਂਦਾ ਹੈ :

"ਕੇਯਾ ਗੁਰ ਅਰਜਨ ਦਰਿਯਾਇ ਨ ਬੋੜਿਯ ?"

ਅਰਥ ਬੜਾ ਸਾਫ ਹੈ, ਕਿ ਗੁਰੂ ਅਰਜਨ ਦੇਵ ਜੀ ਨੂੰ ਦਰਿਆ ਰਾਵੀ ਵਿਚ ਸੁੱਟਿਆ ਗਿਆ।

ਸਰੀਰ ਦਾ ਆਪਣਾ ਹੀ ਧਰਮ ਹੈ। ਸੜੇ ਹੋਏ ਸਰੀਰ ਉਤੇ ਠੰਢਾ ਪਾਣੀ ਪਿਆ, ਤਾਂ ਸਰੀਰ ਫਟ ਗਿਆ, ਤੇ ਆਤਮਾ ਪਰਮਾਤਮਾ ਵਿਚ ਅਭੇਦ ਹੋ ਗਈ। ਮਹਾਂਵਾਕ ਹੈ :

"ਜਿਉ ਜਲ ਮਹਿ ਜਲੁ ਆਇ ਖਟਾਨਾ ।
ਤਿਉ ਜੋਤੀ ਸੰਗਿ ਜੋਤਿ ਸਮਾਨਾ ।"

ਗੁਰੂ ਮਹਾਰਾਜ ਸੁਕਰਵਾਰ, ਜੇਠ ਸੁਦੀ ਚਾਰ, ਮਿਤੀ ਦੋ ਹਾੜ, ੧੬੬੩ ਬਿ. ਨੂੰ, ਤਿਰਤਾਲੀ ਸਾਲ, ਇਕ ਮਹੀਨਾ, ਤੇ ਪੰਦਰਾਂ ਦਿਨ ਸੰਸਾਰ ਵਿਚ ਰਹਿ ਕੇ ਜੋਤੀ ਜੋਤ ਸਮਾ ਗਏ ।

ਹੁਣ ਸਿਰਫ ਇਕ ਗੱਲ ਹੋਰ ਕਹਿਕੇ ਸਮਾਪਤ ਕਰਦੇ ਹਾਂ । ਕਈਆਂ ਸੱਜਣਾਂ ਦੇ ਮੂੰਹੋਂ ਸੁਣਿਆਂ, ਜਦ ਮਹਾਰਾਜ ਲੋਹ ਦੇ ਤਸੀਹੇ ਸਹਿ ਕੇ ਵੀ ਨਾ ਡੋਲੇ, ਤਾਂ ਚੰਦੂ ਨੇ ਮਹਾਰਾਜ ਦੇ ਸਾਮਣੇ ਗਊ ਦੀ ਖੱਲ ਲਿਆ ਰਖੀ, ਤੇ ਕਿਹਾ, ਜੇ ਹੁਣ ਵੀ ਮੇਰੀ ਸ਼ਰਤ ਨਹੀਂ ਮੰਨੋਗੇ, ਤਾਂ ਇਸ ਖੱਲ ਵਿਚ ਮੜ੍ਹ ਦਿਤੇ ਜਾਉਗੇ । ਮਹਾਰਾਜ ਨੇ ਸੋਚਿਆ, ਗਊ ਦੀ ਖੱਲ ਵਿਚ ਮੜ੍ਹੇ ਜਾਣ ਨਾਲ ਤਾਂ ਧਰਮ ਭ੍ਰਸ਼ਟ ਹੋ ਜਾਏਗਾ । ਹਜ਼ੂਰ ਨੇ ਇਕ ਬਹਾਨਾ ਲਾਇਆ, ਸਾਨੂੰ ਪਹਿਲਾਂ ਰਾਵੀ ਵਿਚ ਇਸ਼ਨਾਨ ਕਰ ਲੈਣ ਦਿਹੋ, ਫਿਰ ਤੁਹਾਡੀ ਗੱਲ ਦਾ ਉਤਰ ਦੇਵਾਂਗੇ । ਇਸ਼ਨਾਨ ਕਰਨ ਦੇ ਬਹਾਨੇ ਮਹਾਰਾਜ ਰਾਵੀ ਵਿਚ ਟੁੱਭੀ ਲਾ ਕੇ ਜੋਤੀ ਜੋਤ ਸਮਾ ਗਏ ।

ਇਹ ਕਹਾਣੀ ਕਿਸੇ ਪੰਡਤ ਦੀ ਸ਼ਰਾਰਤ ਮਾਲੂਮ ਹੁੰਦੀ ਹੈ । ਪੰਡਤ ਦੇ ਧਰਮ ਨਾਲ ਗਊ ਦਾ ਬੜਾ ਗੂੜ੍ਹਾ ਸੰਬਧ ਹੈ । ਉਸ ਨੇ ਸਿਖਾਂ ਉਤੇ ਇਹ ਅਸਰ ਪਾਉਣ ਦਾ ਜਤਨ ਕੀਤਾ ਹੈ, ਕਿ ਵੇਖੋ, ਗੁਰੂ ਮਹਾਰਾਜ ਨੇ ਗਊ ਦਾ ਕਿੰਨਾ ਸਤਕਾਰ ਕੀਤਾ ਹੈ । ਗਊ ਦੀ ਖਲ ਨਾਲ ਛੋਹਣਾ ਪਰਵਾਨ ਨਹੀਂ ਕੀਤਾ, ਪਰ ਆਪਣੀ ਜਾਨ ਦੇ ਦਿਤੀ ਹੈ । ਪਰ ਉਸ ਮੂਰਖ—ਜਾਂ ਚਾਲਾਕ—ਨੇ ਗਊ ਦੀ ਵਡਿਆਈ ਕਰਦਿਆਂ ਗੁਰੂ ਮਹਾਰਾਜ ਦਾ ਕਿੰਨਾ ਅਪਮਾਨ ਕਰ ਦਿਤਾ ਹੈ । ਉਸ ਦੀ ਗੱਲ ਨੂੰ ਸੱਚੀ ਮੰਨ ਲਈਏ, ਤਾਂ ਅਰਥ ਇਹ ਨਿਕਲਨਗੇ, ਕਿ ਤਸੀਹਾਂ ਤੋਂ ਡਰ ਕੇ ਮਹਾਰਾਜ ਜਾਣ ਬੁੱਝ ਕੇ ਰਾਵੀ ਵਿਚ ਟੁੱਭੀ ਲਾ ਕੇ ਜੋਤੀ ਜੋਤ ਸਮਾ ਗਏ । ਵਿਰੋਧੀ ਕਹੇਗਾ, ਮਹਾਰਾਜ ਨੇ ਆਤਮਘਾਤ ਕਰ ਲਿਆ । ਇਹ ਅਗਿਆਨਤਾ ਵੱਸ ਘੜੀ ਗਈ ਨਹੀਂ ਜਾਪਦੀ, ਸਗੋਂ ਗਿਣ-ਮਿਥ ਕੇ ਕੀਤੀ ਗਈ ਸ਼ਰਾਰਤ ਮਾਲੂਮ ਹੁੰਦੀ ਹੈ ।

ਅੱਜ ਲੋੜ ਹੈ, ਅਸੀਂ ਆਪਣੇ ਇਤਿਹਾਸ ਨੂੰ ਸੁਚੱਜੇ ਢੰਗ ਨਾਲ ਹਰ ਪੱਖ ਸੋਧ ਕੇ ਲੋਕਾਂ ਦੇ ਸਾਮ੍ਹਣੇ ਲਿਆਈਏ।

ਚੰਦੂ ਵਰਗਾ ਕੱਟੜ ਹਿੰਦੂ ਗਊ ਦੀ ਖੱਲ ਮੰਗਵਾ ਕੇ ਆਪਣੀ ਬਰਾਦਰੀ ਵਿਚ ਬਦਨਾਮ ਹੋਣ ਦਾ ਖ਼ਤਰਾ ਮੁੱਲ ਨਹੀਂ ਸੀ ਲੈ ਸਕਦਾ।

ਅਸਲੀਅਤ ਇਹ ਹੈ, ਗੁਰੂ ਮਹਾਰਾਜ ਨੂੰ ਰਾਵੀ ਵਿਚ ਜ਼ਬਰਦਸਤੀ ਸੁੱਟਿਆ ਗਿਆ ਹੈ। ਇਸ ਕਥਨ ਦੇ ਹੱਕ ਵਿਚ ਅਸੀਂ ਦੋ ਪਰਸਿੱਧ ਇਤਿਹਾਸਕਾਰਾਂ ਦੀਆਂ ਗਵਾਹੀਆਂ ਦੇ ਆਏ ਹਾਂ।

ਗੁਰੂ ਮਹਾਰਾਜ ਸ਼ਾਂਤਮਈ ਸ਼ਹੀਦਾਂ ਦੇ ਸਿਰਤਾਜ ਸਨ। ਜਿਨ੍ਹਾਂ ਭਾਣੇ ਵਿਚ ਰਹਿ ਕੇ ਏਨੇ ਕਸ਼ਟ ਸਹਾਰ ਕੇ ਸ਼ਹੀਦੀ ਪਰਾਪਤ ਕੀਤੀ।

ਸਭ ਸੰਗਤ ਮਿਲ ਕੇ ਆਖੋ

"ਜਪਉ ਜਿਨ ਅਰਜੁਨ ਦੇਵ ਗੁਰੂ,
ਫਿਰਿ ਸੰਕਟ ਜੋਨਿ ਗਰਭ ਨ ਆਯਉ।"

੨੦—੨—੮੦

ਸੰਸਾਰ ਦੀ ਮਹਾਨ ਇਸਤਰੀ
ਮਾਤਾ ਗੁਜਰੀ ਜੀ

ਇਕ ਵਾਰ ਕਿਸੇ ਵਿਦਵਾਨ ਪੁਰਸ਼ ਦਾ ਇਕ ਲੇਖ ਪੜ੍ਹਿਆ: "ਭਾਰਤ ਦੀਆਂ ਦੋ ਮਹਾਨ ਇਸਤਰੀਆਂ।" ਉਸਨੇ ਇਕ ਭਗਵਾਨ ਰਾਮ ਚੰਦਰ ਜੀ ਦੀ ਧਰਮ ਪਤਨੀ ਮਾਤਾ ਸੀਤਾ ਜੀ ਦਾ ਨਾਮ ਲਿਖਿਆ, ਤੇ ਇਕ ਮਹਾਤਮਾ ਬੁੱਧ ਜੀ ਦੀ ਧਰਮ ਪਤਨੀ ਯਸ਼ੋਧਰਾ ਦਾ। ਇਹਨਾਂ ਦੋਹਾਂ ਦੇਵੀਆਂ ਦੇ 'ਮਹਾਨ' ਹੋਣ ਬਾਰੇ ਕੋਈ ਕਿੰਤੂ ਨਹੀਂ ਕਰ ਸਕਦਾ। ਹਰ ਇਨਸਾਫ਼ ਪਸੰਦ ਪੁਰਸ਼ ਉਹਨਾਂ ਨੂੰ 'ਮਹਾਨ' ਮੰਨੇਗਾ। ਪਰ ਲੇਖਕ ਨੇ ਅਜੇਹੇ ਢੰਗ ਨਾਲ ਆਪਣੇ ਵਿਚਾਰ ਪਰਗਟ ਕੀਤੇ, ਕਿ ਇਹਨਾਂ ਵਰਗੀ ਮਹਾਨ ਇਸਤਰੀ ਭਾਰਤ ਵਿਚ ਹੋਰ ਕੋਈ ਨਹੀਂ ਹੋਈ।

ਇਸ ਰਾਏ ਦੇ ਸਬੰਧ ਵਿਚ ਮੇਰੇ ਵਿਚਾਰ ਹਨ, ਕਿ ਮਾਤਾ ਗੁਜਰੀ ਜੀ, ਕੇਵਲ ਭਾਰਤ ਦੀ ਹੀ ਨਹੀਂ, ਸਾਰੇ ਸੰਸਾਰ ਦੀ ਮਹਾਨ ਇਸਤਰੀ ਸੀ ਆਓ, ਹੁਣ ਇਸ ਸਚਾਈ ਨੂੰ ਇਤਿਹਾਸ ਦੀ ਰੋਸ਼ਨੀ ਵਿਚ ਵੇਖੀਏ।

ਮਾਤਾ ਸੀਤਾ ਜੀ ਰਾਜ ਕੁਮਾਰੀ ਸਨ, ਤੇ ਰਾਜੇ ਦੀ ਹੀ ਨੋਂਹ। ਜਨਮ ਤੋਂ ਹੀ ਉਹਨਾਂ ਨੂੰ ਸਾਰੇ ਸਰੀਰਕ ਸੁਖ ਪਰਾਪਤ ਸਨ। ਕੇਕਈ ਦੁਸ਼ਮਣੀ ਨਾ ਕਰਦੀ, ਤਾਂ ਈਸ਼ਵਰ ਵੱਲੋਂ ਉਹਨਾਂ ਨੂੰ ਸੁਖੀ ਤੇ ਪਿਆਰ ਭਰਿਆ ਜੀਵਨ ਬਿਤਾਉਣ ਦੀ ਹਰ ਸਹੂਲਤ ਮਿਲੀ ਹੋਈ ਸੀ।

ਫਿਰ ਮਹਾਰਾਜ ਦਸ਼ਰਥ ਵੱਲੋਂ ਕੇਵਲ ਰਾਮ ਚੰਦਰ ਜੀ ਨੂੰ ਬਨਬਾਸ

ਦਾ ਹੁਕਮ ਮਿਲਿਆ ਸੀ। ਸੀਤਾ ਜੀ ਚਾਹੁੰਦੇ, ਤਾਂ ਉਹ ਪੇਕੇ ਘਰ ਜਾਂ ਸਾਹੁਰੇ ਘਰ ਆਰਾਮ ਨਾਲ ਰਹਿ ਸਕਦੇ ਸਨ। ਉਹ ਪਤੀ ਨਾਲੋਂ ਵਿਛੜਨਾ ਪਰਵਾਨ ਕਰ ਲੈਂਦੇ, ਤਾਂ ਬਾਕੀ ਸਾਰੇ ਦੁਨਿਆਵੀ ਸੁਖ ਮਿਲ ਸਕਦੇ ਸਨ। ਪਰ ਇਕ ਸਤੀ ਇਸਤਰੀ ਵਾਸਤੇ ਇਹ ਸੌਦਾ ਬਹੁਤ ਮਹਿੰਗਾ ਸੀ।

ਗੁਰੂ ਅਰਜਨ ਦੇਵ ਮਹਾਰਾਜ ਇਸ ਦੇਸ ਦੀ ਸਤੀ ਇਸਤਰੀ ਦੇ ਮਨ ਦੀ ਅਵਸਥਾ ਬਾਰੇ ਇਉਂ ਫੁਰਮਾਉਂਦੇ ਹਨ।

"ਜਲ ਥਲ ਨੀਰਿ ਭਰੇ, ਸੀਤਲ ਪਵਣ ਝੁਲਾਰਦੇ।
ਸੇਜੜੀਆ ਸੋਇੰਨ ਹੀਰੇ ਲਾਲ ਜੜੰਦੀਆ।
ਸੁਭਰ ਕਪੜ ਭੋਗ, ਨਾਨਕ ਪਿਰੀ ਵਿਹੂਣੀ ਤਤੀਆ।"

ਹਰ ਦੇਸ ਅੰਦਰ ਮੌਸਮ ਨਾਲ ਪਿਆਰ ਦਾ ਬੜਾ ਸੰਬੰਧ ਹੈ। ਭਾਰਤ ਗਰਮ ਦੇਸ ਹੈ। ਬਰਖਾ ਰੁੱਤ ਵਿਚ ਆਸਮਾਨ ਉਤੇ ਕਾਲੀਆਂ ਘੱਟਾਂ, ਹੋ ਰਹੀ ਬੂੰਦਾਂ-ਬਾਂਦੀ, ਟੋਏ ਟੋਭੇ ਪਾਣੀ ਨਾਲ ਭਰੇ ਹੋਏ ਕਿੰਨੇ ਪਿਆਰੇ ਲਗਦੇ ਹਨ। ਹਜ਼ੂਰ ਫੁਰਮਾਉਂਦੇ ਹਨ, ਮਾਰੂਥਲ ਜਲ ਨਾਲ ਭਰਿਆ ਹੋਵੇ, ਪਾਣੀ ਨੂੰ ਛੂਹੰਦੀ ਹੋਈ ਠੰਢੀ ਪੌਣ ਰੁਮਕਦੀ ਹੋਵੇ। ਅਜੇਹੇ ਸੁਹਾਉਣੇ ਮੌਸਮ ਵਿਚ ਹੀਰਿਆਂ ਤੇ ਲਾਲਾਂ ਨਾਲ ਜੜੀਆਂ ਸੁੰਦਰ ਸੇਜਾਂ ਹੋਣ। ਹਰ ਤਰਾਂ ਦੇ ਭੋਗ ਪਦਾਰਥ, ਵੰਨ-ਸੁਵੰਨੇ ਕੱਪੜੇ ਹੋਣ। ਇਸਤਰੀਆਂ ਦਾ ਸੁਭਾਵਕ ਹੀ ਕਪੜਿਆਂ ਨਾਲ ਮੋਹ ਵਧੇਰੇ ਹੁੰਦਾ ਹੈ। ਫਿਰ ਹਜ਼ੂਰ 'ਸੁਭਰ' ਸ਼ਬਦ ਵਰਤਦੇ ਹਨ। 'ਸੁਭਰ' ਉਹ ਲਾਲ ਰੰਗ ਦਾ ਕਪੜਾ ਹੁੰਦਾ ਹੈ, ਜੋ ਵਿਆਹ ਸਮੇਂ ਕੰਨਿਆ ਉਪਰ ਦਿਤਾ ਜਾਂਦਾ ਹੈ। ਇਹ ਸੁਹਾਗ ਦੀ ਨਸ਼ਾਨੀ ਮੰਨਿਆਂ ਜਾਂਦਾ ਹੈ। ਸਮਝਦਾਰ ਬੀਬੀਆਂ ਸਾਰੀ ਉਮਰ ਆਪਣੇ ਸ਼ਗਨਾਂ ਦੇ ਸੁਭਰ ਨੂੰ ਸੰਭਾਲ ਕੇ ਰਖਦੀਆਂ ਹਨ। ਮਹਾਰਾਜ ਕਹਿੰਦੇ ਹਨ, ਕਿ ਸੁਹਾਗਵਤੀ ਵੀ ਹੋਵੇ, ਸਿਰ ਦਾ ਸੁਭਰ ਕਾਇਮ ਹੋਵੇ। ਇਹ ਸਭ ਕੁਛ ਹੁੰਦਿਆਂ ਹੋਇਆਂ ਥੋੜੇ ਸਮੇਂ ਵਾਸਤੇ ਵੀ ਪਤੀ ਦਾ ਵਿਛੋੜਾ ਹੋਵੇ, ਤਾਂ 'ਪਿਰੀ ਵਿਹੂਣੀ ਤਤੀਆ।' ਪਤੀ ਤੋਂ ਬਿਨਾਂ ਸਭ ਕੁਛ ਤੱਤਾ ਲਗਦਾ ਹੈ, ਤਨ ਮਨ ਸਾੜਦਾ ਹੈ। ਸਭ ਸੁਖ ਦੇ ਸਾਧਨ ਦੁਖਦਾਈ ਬਣ ਜਾਂਦੇ ਹਨ।

ਇਕ ਥਾਂ ਕਾਨੜਾ ਰਾਗ ਵਿਚ ਮਹਾਰਾਜ ਫੁਰਮਾਉਂਦੇ ਹਨ :

"ਵਾਰਿ ਵਾਰਉ ਅਨਿਕ ਡਾਰਉ ।
ਸੁਖੁ ਪ੍ਰਿਅ ਸੁਹਾਗ ਪਲਕ ਰਾਤ ।
ਕਨਿਕ ਮੰਦਰ, ਪਾਟ ਸੇਜ,
ਸਖੀ, ਮੋਹਿ ਨਾਹਿ ਇਨ ਸਿਉ ਤਾਤ ।
ਮੁਕਤ, ਲਾਲ, ਅਨਿਕ ਭੋਗ,
ਬਿਨੁ ਨਾਮ ਨਾਨਕ ਹਾਤ,
ਰੂਖੋ ਭੋਜਨੁ, ਭੂਮਿ ਸੈਨ, ਸਖੀ,
ਪ੍ਰਿਅ ਸੰਗਿ ਸੂਖਿ ਬਿਹਾਤ ।"

ਮੈਂ ਆਪਣੇ ਸੁਹਾਗ, ਪਤੀ ਪਿਆਰੇ ਨਾਲ ਗੁਜ਼ਾਰੀ ਰਾਤ ਦੇ ਇਕ ਪਲ ਉਤੋਂ ਅਨੇਕਾਂ ਸੁਖ ਕੁਰਬਾਨ ਕਰ ਦਿਆਂ । ਸੋਨੇ ਦੇ ਮੰਦਰ, ਪੱਟ ਦੀ ਸੇਜ ਆਦਿ ਸੰਸਾਰਕ ਸੁਖ, ਹੇ ਸਹੇਲੀ ! ਮੈਨੂੰ ਇਹਨਾਂ ਨਾਲ ਕੋਈ ਲਗਾਉ ਨਹੀਂ । ਮੋਤੀ, ਲਾਲ ਤੇ ਇਸ ਕਿਸਮ ਦੇ ਹੋਰ ਅਨੇਕਾਂ ਭੋਗ ਪਦਾਰਥ, ਨਾਨਕ (ਮਹਾਰਾਜ) ਕਹਿੰਦੇ ਹਨ, ਪਤੀ ਪਰਮੇਸ਼ਰ ਦੇ ਨਾਮ ਬਿਨਾਂ ਇਹ ਸਭ ਕੁਝ ਤਾਂ ਆਤਮਾ ਦੀ ਹੱਤਿਆ ਕਰਨ ਵਾਲੇ ਹਨ । ਪਰ ਸਭ ਕਾਸੇ ਦੇ ਮੁਕਾਬਲੇ 'ਤੇ, ਧਰਤੀ 'ਤੇ ਸੌਣਾ ਮਿਲੇ, ਰੁੱਖੀ ਰੋਟੀ ਖਾਣ ਨੂੰ ਮਿਲੇ, ਪਰ ਪਤੀ ਦਾ ਸੰਗ ਨਸੀਬ ਹੋਵੇ, ਤਾਂ ਹੇ ਸਖੀਏ ! ਮੈਂ ਸਮਝਾਂਗੀ, ਕਿ ਮੇਰੀ ਪਰਮ ਸੁਖ ਵਿਚ ਬੀਤ ਰਹੀ ਹੈ ।

ਸੀਤਾ ਜੀ ਨੇ ਪਤੀ ਦਾ ਸੰਗ ਨਹੀਂ ਤਿਆਗਿਆ । ਪਰ ਸਾਰੇ ਦੁਨਿਆਵੀ ਸੁੱਖ ਤਿਆਗ ਦਿਤੇ । ਮਹਿਲ ਮੰਦਰ ਤਿਆਗ ਦਿਤੇ, ਰੇਸ਼ਮੀ ਬਸਤਰ ਤੇ ਹੀਰਿਆਂ ਜੜੇ ਗਹਿਣੇ ਤਿਆਗ ਦਿਤੇ, ਤੇ ਬਨਵਾਸੀ ਸੰਤਣੀਆਂ ਵਾਲੇ ਸਾਦਾ ਬਸਤਰ ਪਹਿਨ ਕੇ ਪਤੀ ਦੇ ਸਾਥ ਬਨਵਾਸ ਕੱਟਣ ਵਾਸਤੇ ਪਰਛਾਂਵੇਂ ਵਾਂਗ ਨਾਲ ਤੁਰ ਪਈ । ਸੁਖ ਤਿਆਗ ਕੇ ਦੁੱਖ ਪਰਵਾਨ ਕਰ ਲਏ । ਇਹ ਹੈ ਮਾਤਾ ਸੀਤਾ ਜੀ ਦੀ ਮਹਾਨਤਾ ।

ਦੂਸਰੀ ਮਹਾਨ ਇਸਤਰੀ ਹੈ, ਮਾਤਾ ਯਸ਼ੋਧਰਾ । ਮਹਾਤਮਾ ਬੁੱਧ

ਬਣਨ ਦੀ ਤਮੰਨਾ ਪਿਛੇ ਰਾਜਕੁਮਾਰ ਸੁੱਤੀ ਪਈ ਯਸ਼ੋਧਰਾ ਨੂੰ ਛੱਡ ਕੇ ਚਲਾ ਗਿਆ। ਯਸ਼ੋਧਰਾ ਦਾ ਆਸਰਾ ਰਹਿ ਗਿਆ ਪੰਜ ਕੁ ਮਹੀਨੇ ਦਾ ਪੁੱਤਰ 'ਰਾਹੁਲ।' ਉਸੇ ਦੇ ਆਸਰੇ ਯਸ਼ੋਧਰਾ ਨੇ ਜੀਵਨ ਗੁਜ਼ਾਰ ਲਿਆ। ਠੀਕ ਹੈ, ਯਸ਼ੋਧਰਾ ਨੂੰ ਪਤੀ ਦੇ ਨਾਲ ਰਾਜ-ਸਿੰਘਾਸਣ 'ਤੇ ਬੈਠਣਾ ਨਸੀਬ ਨਹੀਂ ਹੋਇਆ। ਪਰ ਉਸਨੂੰ ਮਾਤਾ ਸੀਤਾ ਵਰਗਾ ਤਿਆਗ ਨਹੀਂ ਮੰਨਿਆ ਜਾ ਸਕਦਾ। ਕਿਉਂਕਿ ਇਸ ਵਿਚ ਮਾਤਾ ਯਸ਼ੋਧਰਾ ਦਾ ਆਪਣਾ ਦਖ਼ਲ ਕੋਈ ਨਹੀਂ। ਫਿਰ ਵੀ ਉਹਨੇ ਇਸ ਬਿਪਤਾ ਨੂੰ ਬੜੇ ਸਿਦਕ ਨਾਲ ਸਹਾਰਿਆ ਹੈ। ਉਹ ਵਡਿਆਈ ਦੀ ਹੱਕਦਾਰ ਹੈ। ਰਾਜ ਸਿੰਘਾਸਣ 'ਤੇ ਨਹੀਂ ਬੈਠ ਸਕੀ, ਪਰ ਉਹਨੂੰ ਆਸ ਹੈ, ਕਿ ਇਕ ਦਿਨ ਉਹ ਰਾਜਮਾਤਾ ਜ਼ਰੂਰ ਬਣੇਗੀ, ਜਦ ਉਸਦਾ ਪੁੱਤਰ ਰਾਹੁਲ ਤਖ਼ਤ 'ਤੇ ਬੈਠੇਗਾ।

ਉਸਦੀ ਦੂਸਰੀ ਵਡਿਆਈ ਹੈ, ਕਿ ਉਸਦੇ ਪਤੀ ਨੇ ਮਹਾਤਮਾ ਬੁੱਧ ਬਣ ਕੇ ਜਦ ਆਪਣੇ ਨਵੇਂ ਧਰਮ ਦਾ ਪਰਚਾਰ ਸ਼ੁਰੂ ਕੀਤਾ, ਤਾਂ ਯਸ਼ੋਧਰਾ ਨੇ ਆਪਣਾ ਪੁਰਾਣਾ ਵੈਦਕ ਧਰਮ ਤਿਆਗ ਕੇ ਆਪਣੇ ਪਤੀ ਦਾ ਨਵਾਂ ਧਰਮ ਧਾਰਨ ਕਰ ਲਿਆ। ਮਹਾਤਮਾ ਬੁੱਧ ਦੀ ਪਹਿਲੀ ਚੇਲੀ ਯਸ਼ੋਧਰਾ ਹੀ ਬਣੀ। ਇਹ ਵੀ ਸੁਭਾਵਕ ਹੀ ਹੈ। ਭਾਰਤ ਦੀ ਇਸਤਰੀ ਆਪਣੇ ਪਤੀ ਨੂੰ ਪਰਮੇਸ਼ਰ ਮੰਨਦੀ ਹੈ, ਸਵਾਮੀ ਕਹਿੰਦੀ ਹੈ, ਤਾਂ ਆਪਣੇ ਪਤੀ ਦਾ ਧਰਮ ਧਾਰਨ ਵਿਚ ਉਸਨੂੰ ਕਿਸੇ ਮਾਨਸਕ ਉਲਝਣ ਦਾ ਸਾਮ੍ਹਣਾ ਨਹੀਂ ਕਰਨਾ ਪੈਂਦਾ। ਫਿਰ ਵੀ ਮਾਤਾ ਯਸ਼ੋਧਰਾ ਮਹਾਨ ਹੈ। ਮਹਾਨ ਪਤੀ ਦੀ ਸਤੀ ਇਸਤਰੀ ਦਾ ਸਾਰਾ ਭਾਰਤ ਸਤਕਾਰ ਕਰਦਾ ਹੈ।

ਹੁਣ ਮਾਤਾ ਗੁਜਰੀ ਜੀ ਦੀ ਜੀਵਨ ਕਥਾ ਉਤੇ ਧਿਆਨ ਮਾਰੋ। ਉਹ ਇਕ ਸਾਧਾਰਨ ਮਾਪਿਆਂ ਦੀ ਕੰਨਿਆਂ ਸੀ। ਇਸ ਤੋਂ ਵੱਧ ਉਹਨੂੰ ਵਿਰਸੇ ਵਿਚ ਕੋਈ ਵਡਿਆਈ ਨਹੀਂ ਮਿਲੀ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਛੋਟੇ ਸਾਹਿਬਜ਼ਾਦੇ ਦੇ ਲੜ ਲੱਗਣ ਕਰਕੇ ਕੁਛ ਸਤਕਾਰ ਮਿਲਿਆ। ਪਰ ਇਹ ਕੋਈ ਬਹੁਤਾ ਨਹੀਂ ਸੀ। ਮੇਰਾ ਭਾਵ, ਜੋ ਸਤਕਾਰ ਉਹਨਾਂ ਜੀਵਨ ਭਰ ਘਾਲਣਾ ਘਾਲ ਕੇ ਪਰਾਪਤ ਕੀਤਾ, ਉਸਦੇ ਟਾਕਰੇ ਉਤੇ ਨਾਮ

ਮਾਤਰ ਸੀ।

ਮਾਤਾ ਗੁਜਰੀ ਜੀ ਦੇ ਪਿਤਾ ਦਾ ਨਾਮ ਲਾਲ ਚੰਦ (ਸੁਭਿਖੀ ਖੱਤਰੀ) ਤੇ ਮਾਤਾ ਦਾ ਬਿਸ਼ਨ ਕੌਰ ਸੀ। ਇਸ ਤੋਂ ਇਹ ਵੀ ਸਿੱਧ ਹੁੰਦਾ ਹੈ, ਕਿ ਅੰਮ੍ਰਿਤ ਪਰਚਾਰ ਤੋਂ ਪਹਿਲਾਂ ਵੀ ਪੰਜਾਬ ਵਿਚ ਬੀਬੀਆਂ ਦੇ ਨਾਮ ਨਾਲ 'ਕੌਰ' ਸ਼ਬਦ ਲਾਉਣ ਦਾ ਰਿਵਾਜ ਸੀ।

ਸਾਹਿਬਜ਼ਾਦਾ ਤੇਗ਼ ਬਹਾਦਰ ਜੀ ਦਾ ਵਿਆਹ ੧੫ ਅੱਸੂ, ੧੬੮੯ ਬਿ. ਨੂੰ ਕਰਤਾਰਪੁਰ ਵਿਚ ਹੋਇਆ। ਉਸ ਵੇਲੇ ਹਜ਼ੂਰ ਦੀ ਉਮਰ ਲਗਭਗ ਸਾਢੇ ਗਿਆਰਾਂ ਸਾਲ ਦੀ ਸੀ। ਆਪ ਦੇ ਮਹਿਲ ਮਾਤਾ ਗੁਜਰੀ ਜੀ ਦੀ ਉਮਰ ਮਹਾਰਾਜ ਨਾਲੋਂ ਦੋ ਸਾਲ ਘੱਟ ਸੀ।

ਆਉਣ ਵਾਲੇ ਸਮੇਂ ਦੀ ਲੋੜ ਨੂੰ ਮੁੱਖ ਰੱਖ ਕੇ ਗੁਰੂ ਅਰਜਨ ਦੇਵ ਜੀ ਨੇ ਆਪਣੇ ਸਾਹਿਬਜ਼ਾਦੇ ਨੂੰ ਬਚਪਨ ਤੋਂ ਹੀ ਅੱਖਰੀ ਵਿੱਦਿਆ ਦੇ ਨਾਲ ਸ਼ਸਤਰ ਵਿਦਿਆ ਵੀ ਸਿਖਾਈ ਸੀ। ਜਿਸਦਾ ਸਿੱਟਾ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਸੰਸਾਰ ਦੇ ਇਕ ਮਹਾਨ ਯੋਧੇ ਹੋਏ।

ਅੱਗੋ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਪਰਵਾਰ ਦੇ ਹਰ ਬਾਲਕ ਨੂੰ ਬਚਪਨ ਤੋਂ ਹੀ ਸ਼ਸਤਰ ਵਿੱਦਿਆ ਸਿਖਾਉਣ ਦਾ ਪ੍ਰਬੰਧ ਕੀਤਾ ਹੋਇਆ ਸੀ। ਪੈਂਦੇ ਖ਼ਾਂ ਦੇ ਵਿਰੁੱਧ ਕਰਤਾਰਪੁਰ ਦਾ ਯੁੱਧ ਹੋਇਆ। ਉਸ ਵੇਲੇ ਤੇਗ਼ ਬਹਾਦਰ ਜੀ ਦੀ ਸਭੋ ਤੇਰਾਂ ਕੁ ਸਾਲ ਉਮਰ ਸੀ। ਪਰ ਉਸ ਲੜਾਈ ਵਿਚ ਹਜ਼ੂਰ ਇਸ ਬਹਾਦਰੀ ਨਾਲ ਲੜੇ, ਕਿ ਵੱਡੇ ਵੱਡੇ ਯੋਧੇ ਵੇਖ ਕੇ ਹੈਰਾਨ ਰਹਿ ਗਏ। ਗੁਰੂ ਹਰਿਗੋਬਿੰਦ ਸਾਹਿਬ ਨੇ ਪਰਸੰਨ ਹੋ ਕੇ ਆਪਣੇ ਗਾਤਰੇ ਦੀ ਸਿਰੀ ਸਾਹਿਬ ਸਾਹਿਬਜ਼ਾਦਾ ਤੇਗ਼ ਬਹਾਦਰ ਜੀ ਨੂੰ ਸਿਰੋਪਾਉ ਵਜੋਂ ਬਖ਼ਸ਼ੀ।

ਲੜਾਈ ਜਿੱਤੀ ਗਈ, ਪਿਤਾ ਵੱਲੋਂ ਸਿਰੋਪਾਉ ਵੀ ਮਿਲ ਗਿਆ, ਪਰ ਲੜਾਈ ਵਿਚ ਮਰਨ ਵਾਲਿਆਂ ਤੇ ਤੜਫਦੇ ਘਾਇਲਾਂ ਵਲ ਵੇਖ ਕੇ ਬਾਬਾ ਤੇਗ਼ ਬਹਾਦਰ ਜੀ ਦਾ ਦਿਲ ਭਰ ਆਇਆ। ਆਖ਼ਰ ਇਨਸਾਨ ਇਨਸਾਨ ਦਾ ਲਹੂ ਕਿਉਂ ਵਹਾਉਂਦਾ ਹੈ। ਆਪ ਜੀ ਦੇ ਕੋਮਲ ਦਿਲ

ਉਤੇ ਇਸਦਾ ਏਨਾ ਅਸਰ ਹੋਇਆ, ਕਿ ਆਪ ਨੇ ਗੁਰਦੇਵ ਦੀ ਬਖ਼ਸ਼ਸ਼ ਸਮਝਕੇ ਸ਼ਸਤਰ ਤਾਂ ਨਾ ਤਿਆਗੇ,ਪਰ ਜੀਵਨ ਦਾ ਰਸਤਾ ਬਦਲ ਲਿਆ। ਮਨ ਪ੍ਰਭੂ ਭਗਤੀ ਵੱਲ ਬਹੁਤਾ ਝੁਕ ਗਿਆ ਤੇ ਆਪ ਸਿਮਰਨ ਵਿਚ ਲੀਨ ਹੋ ਗਏ।

ਯੁੱਧ ਦੇ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਕੀਰਤਪੁਰ ਚਲੇ ਗਏ, ਧੀਰ ਮੱਲ ਕਰਤਾਰ ਪੁਰ ਹੀ ਰਿਹਾ, ਤੇ ਸਾਹਿਬਜ਼ਾਦਾ ਤੇਗ ਬਹਾਦਰ ਜੀ ਆਪਣੇ ਨਾਨਕੇ ਪਿੰਡ ਬਕਾਲਾ ਆ ਗਏ। ਹਜ਼ੂਰ ਦੇ ਮਾਤਾ ਨਾਨਕੀ ਜੀ ਤੇ ਮਹਿਲ ਗੁਜਰੀ ਜੀ ਆਪ ਦੇ ਨਾਲ ਸਨ।

ਨੱਗਰ ਬਕਾਲੇ ਵਿਚ ਮਹਾਰਾਜ ਨੇ ਲਗਭਗ ਤੀਹ ਸਾਲ ਨਿਰੰਕਾਰ ਦੀ ਭਗਤੀ ਕੀਤੀ। ਏਸੇ ਤਪ ਦਾ ਸਦਕਾ ਅੱਜ ਨੱਗਰ ਬਕਾਲਾ 'ਬਾਬਾ ਬਕਾਲਾ' ਅਖਵਾਉਂਦਾ ਹੈ। ਛੋਟਾ ਜੇਹਾ ਕੱਚਾ ਮਕਾਨ ਸੀ, ਜਿਸਦੇ ਪਿਛਲੇ ਕਮਰ ਵਿਚ ਬੈਠੇ ਮਹਾਰਾਜ ਰਾਤ ਦਿਨੇ ਤਪ ਕਰਦੇ ਰਹਿੰਦੇ ਸਨ। ਮਾਤਾ ਗੁਜਰੀ ਜੀ ਹਰ ਵੇਲੇ ਪਤੀ ਦੀ ਸੇਵਾ ਵਿਚ ਰਹਿੰਦੇ ਸਨ। ਮਾਤਾ ਨਾਨਕੀ ਜੀ ਆਏ ਸੇਵਕਾਂ ਨੂੰ ਮਿਲਦੇ ਤੇ ਘਰ ਦਾ ਪ੍ਰਬੰਧ ਕਰਦੇ। ਪਿੰਡ ਦੀ ਕੰਨਿਆਂ 'ਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਮਹਿਲ ਹੋਣ ਦੇ ਨਾਤੇ ਸਾਰਾ ਨਗਰ ਤੇ ਆਸ ਪਾਸ ਦੇ ਸ਼ਰਧਾਲੂ ਮਾਤਾ ਜੀ ਦਾ ਬੜਾ ਆਦਰ ਕਰਦੇ ਸਨ। ਫਿਰ ਨੌਜਵਾਨ ਬਾਬਾ ਤੇਗ ਬਹਾਦਰ ਜੀ ਏਸੇ ਉਮਰੇ ਈਸ਼ਵਰ ਦੀ ਭਗਤੀ ਵਿਚ ਲੀਨ ਰਹਿੰਦੇ ਸਨ। ਤੇ ਤਪ ਕਰਨ ਵਾਲੇ ਮਹਾਂਪੁਰਸ਼ ਦਾ ਸਦਾ ਹੀ ਸੰਸਾਰ ਵਿਚ ਆਦਰਮਾਣ ਹੁੰਦਾ ਰਿਹਾ ਹੈ। ਇਸ ਲਈ ਵੀ ਸਾਰਾ ਇਲਾਕਾ ਇਸ ਪਰਵਾਰ ਦਾ ਬੜਾ ਆਦਰ ਮਾਣ ਕਰਦਾ ਸੀ। ਇਸ ਆਦਰ ਮਾਣ ਵਿਚ ਮਾਤਾ ਗੁਜਰੀ ਜੀ ਦੇ ਭਗਤੀ ਭਾਵਾਂ ਨੇ ਹੋਰ ਵਾਧਾ ਕੀਤਾ।

ਮਹਾਭਾਰਤ ਦੇ ਸ਼ਰਧਾਲੂ ਪਾਠਕ ਗਾਂਧਾਰੀ ਦੀ ਪਤੀ-ਭਗਤੀ ਦੀ ਬੜੀ ਸੋਭਾ ਕਰਦੇ ਹਨ। ਤੇ ਉਹ ਇਸ ਸੋਭਾ ਦੀ ਹੱਕਦਾਰ ਵੀ ਹੈ। ਮਾਪਿਆਂ ਨੇ ਗਾਂਧਾਰੀ ਦੀ ਮੰਗਣੀ ਧ੍ਰਿਤਰਾਸ਼ਟਰ ਨਾਲ ਕਰ ਦਿਤੀ।

ਦੁਰਯੋਧਨ ਆਦਿ ਕੌਰਵਾਂ ਦਾ ਪਿਤਾ ਧ੍ਰਿਤਰਾਸ਼ਟਰ ਜਨਮ ਤੋਂ ਅੰਧਾ ਸੀ। ਗਾਂਧਾਰੀ ਨੂੰ ਪਤਾ ਲੱਗਾ, ਤਾਂ ਉਹਨੇ ਸਾਰੀ ਉਮਰ ਵਾਸਤੇ ਆਪਣੀਆਂ ਅੱਖਾਂ ਉਤੇ ਪੱਟੀ ਬੰਨ੍ਹ ਲਈ। ਉਸਦਾ ਭਾਵ ਸੀ, ਕਿ ਕੁਦਰਤ ਵੱਲੋਂ ਜੋ ਸਹੂਲਤ ਉਸਦੇ ਪਤੀ ਨੂੰ ਨਹੀਂ, ਉਹ ਆਪ ਵੀ ਉਸ ਸਹੂਲਤ ਨੂੰ ਨਹੀਂ ਮਾਣੇਗੀ। ਐਸਾ ਵੀ ਖਿਆਲ ਕੀਤਾ ਜਾ ਸਕਦਾ ਹੈ, ਕਿ ਉਹਨੇ ਇਹ ਸੋਚ ਕੇ ਅੱਖਾਂ 'ਤੇ ਪੱਟੀ ਬੰਨ੍ਹ ਲਈ ਹੋਵੇਗੀ, ਕਿ ਨੇਤਰਹੀਣ ਪਤੀ ਨੂੰ ਵੇਖ ਕੇ ਉਸਦੇ ਮਨ ਨੂੰ ਕਲੇਸ਼ ਹੋਵੇਗਾ, ਜੋ ਉਹ ਸਹਾਰ ਨਹੀਂ ਸਕੇਗੀ। ਹਰ ਹਾਲ, ਇਹ ਬਹੁਤ ਵੱਡਾ ਸਿਦਕ ਹੈ, ਜੋ ਉਸਨੇ ਸਾਰੀ ਉਮਰ ਨਿਭਾਇਆ। ਇਸ ਸਿਰੜ ਤੇ ਸਿਦਕ ਦਾ ਸਦਕਾ ਹੀ ਉਹ ਪਤੀ-ਭਗਤ ਸਤੀ ਇਸਤਰੀ ਮੰਨੀ ਜਾਂਦੀ ਹੈ। ਪਰ ਯਾਦ ਰਹੇ, ਇਹ ਸਰੀਰਕ ਸਾਧਨਾ ਹੈ, ਮਨ ਦੀ ਅਵਸਥਾ ਬਾਰੇ ਕੁਛ ਨਹੀਂ ਕਿਹਾ ਜਾ ਸਕਦਾ।

ਪਰ ਮਾਤਾ ਗੁਜਰੀ ਜੀ ਨੇ ਪਤੀ-ਭਗਤੀ ਵਿਚ ਇਕ ਨਵੀਂ ਸਿਖਰ ਛੋਹੀ ਹੈ। ਏਨਾ ਹੀ ਨਹੀਂ, ਕਿ ਉਹਨਾਂ ਪਤੀ ਦੀ ਸੇਵਾ ਬੜੀ ਸ਼ਰਧਾ ਨਾਲ ਕੀਤੀ ਹੈ, ਸਗੋਂ ਜੀਵਨ ਦਾ ਨਸ਼ਾਨਾ ਵੀ ਓਹਾ ਮਿਥ ਲਿਆ ਹੈ, ਰਸਤਾ ਵੀ ਓਹਾ ਆਪਣਾ ਲਿਆ ਹੈ, ਜੋ ਉਹਨਾਂ ਦੇ ਪਤੀ ਨੇ ਅਪਣਾਇਆ ਸੀ। ਗੁਰੂ ਤੇਗ਼ ਬਹਾਦਰ ਅਕਾਲ ਪੁਰਖ ਦੀ ਭਗਤੀ ਵਿਚ ਹਰ ਵੇਲੇ ਲੀਨ ਰਹਿੰਦੇ ਹਨ, ਤਾਂ ਮਾਤਾ ਗੁਜਰੀ ਜੀ ਪਤੀ ਦੀ ਸੇਵਾ ਕਰਦੇ ਹੋਏ ਵੀ ਹਰ ਦਮ ਨਿਰਕਾਰ ਦੀ ਅਰਾਧਨਾ ਵਿਚ ਲੱਗੇ ਰਹਿੰਦੇ ਹਨ।

ਗੁਰੂ ਅਰਜਨ ਦੇਵ ਜੀ ਫ਼ੁਰਮਾਉਂਦੇ ਹਨ,

"ਮਨ, ਬਚ, ਕ੍ਰਮ, ਪ੍ਰਭੁ ਅਪਨਾ ਧਿਆਈ।"

ਮਨ ਕਰਕੇ, ਬਚਨ ਭਾਵ ਬਾਣੀ ਕਰਕੇ ਤੇ ਕਰਮ ਕਰਕੇ ਆਪਣੇ ਪ੍ਰਭੂ ਦੀ ਅਰਾਧਨਾ ਕਰਨੀ।

ਬਚਨ ਕਰਕੇ ਭਗਤੀ ਕਰਨੀ ਬਹੁਤੀ ਕਠਨ ਨਹੀਂ। ਮੂੰਹੋਂ 'ਵਾਹਿਗੁਰੂ, ਵਾਹਿਗੁਰੂ', ਜਾਂ 'ਰਾਮ, ਰਾਮ' ਕਹੀ ਜਾਣਾ, ਜੇ ਸੌਖਾ ਨਹੀਂ, ਤਾਂ ਬਹੁਤਾ ਔਖਾ ਵੀ ਨਹੀਂ। ਅਸਲ ਵਿਚ ਬਚਨ ਕਰਕੇ ਭਗਤੀ ਦਾ

ਅਰਥ ਹੈ, ਆਪਣੀ ਭਾਸ਼ਾ ਵਿਚੋਂ ਸਾਰੇ ਕੌੜੇ ਸ਼ਬਦ ਕਢ ਦੇਣੇ ਤੇ ਸੁਭਾਵਕ ਮਿਠ-ਬੋਲਾ ਬਣ ਜਾਣਾ। ਜੋ ਵੀ ਸ਼ਬਦ ਮੁਖੋਂ ਨਿਕਲੇ, ਭਲਾ ਹੋਵੇ, ਕਿਸੇ ਦਾ ਦਿਲ ਦੁਖਾਉਣ ਵਾਲਾ ਨਾ ਹੋਵੇ। ਤੇ ਕਰਮ ਦੁਆਰਾ ਸਿਮਰਨ ਕਰਨ ਦਾ ਅਰਥ ਹੈ, ਹੱਥੀਂ ਸੇਵਾ ਕਰਨਾ। ਤੀਸਰੇ ਪਾਤਸ਼ਾਹ ਫ਼ੁਰਮਾਉਂਦੇ ਹਨ,

"ਗੁਰ ਕੀ ਸੇਵਾ ਗੁਰ ਭਗਤਿ ਹੈ, ਵਿਰਲਾ ਪਾਏ ਕੋਇ।"

ਗੁਰੂ ਦੀ ਸੇਵਾ ਹੀ ਗੁਰੂ ਦੀ ਭਗਤੀ ਹੈ।

ਪਰ ਸੇਵਾ ਉਹ ਹੈ, ਜੋ ਗੁਰੂ ਨੂੰ ਪਸੰਦ ਹੋਵੇ।

"ਸੋ ਜਪੁ ਤਪੁ ਸੇਵਾ ਚਾਕਰੀ, ਜੋ ਖਸਮੈ ਭਾਵੈ।"

ਪਰ ਸਭ ਤੋਂ ਔਖੀ ਹੈ ਮਨ ਦੁਆਰਾ ਭਗਤੀ। ਕਿਉਂਕਿ ਮਨ ਨੂੰ ਰੋਕਣਾ ਬੜਾ ਔਖਾ ਹੈ। ਇਸ ਵਿਚ ਬੇਅੰਤ ਖ਼ਾਹਸ਼ਾਂ ਵੀ ਹਨ, ਤੇ ਈਰਖਾ ਵੀ ਹੈ। ਮਨ ਦੀ ਭਗਤੀ ਹੈ, ਮਨ ਨੂੰ ਹਰਤਰ੍ਹਾਂ ਦੇ ਅਪਵਿੱਤਰ ਖ਼ਿਆਲਾਂ ਤੋਂ ਪਾਕ ਰਖਣਾ। ਪੰਜਵੇਂ ਪਾਤਸ਼ਾਹ ਨੇ ਇਸ ਮਾਰਗ ਨੂੰ ਖੰਡੇ ਦੀ ਧਾਰ ਕਿਹਾ ਹੈ।

"ਮਾਨ, ਮੋਹ, ਮੇਰ ਤੇਰ ਬਿਬਰਜਤ, ਇਹ ਮਾਰਗੁ ਖੰਡੇਧਾਰ।"

ਤੇ ਮਾਤਾ ਗੁਜਰੀ ਜੀ ਨੇ ਪਤੀ ਦੇ ਸਾਥ ਇਸ ਖੰਡੇਧਾਰ ਮਾਰਗ ਉਤੇ ਤੁਰਨਾ ਸਿਖ ਲਿਆ। ਪਤੀ ਵਾਂਗ ਹੀ ਹਰ ਵੇਲੇ ਪ੍ਰਭੂ ਦੇ ਰੰਗ ਵਿਚ ਰੱਤੇ ਰਹਿੰਦੇ। ਇਸ ਦੀ ਗਵਾਹੀ ਗੁਰੂ ਗੋਬਿੰਦ ਸਿੰਘ ਜੀ 'ਬਚਿਤ੍ਰ ਨਾਟਕ' ਵਿਚ ਦੇਂਦੇ ਹਨ,

"ਤਾਤ ਮਾਤ ਮੁਰ ਅਲਖ ਅਰਾਧਾ।
ਬਹੁ ਬਿਧਿ ਜੋਗ ਸਾਧਨਾ ਸਾਧਾ।"

'ਮੇਰੇ ਪਿਤਾ ਤੇ ਮਾਤਾ—ਦੋਹਾਂ ਨੇ—ਅਲੱਖ,ਨਾ ਲਖੇ ਜਾਣ ਵਾਲੇ ਪ੍ਰਭੂ ਦੀ ਅਰਾਧਨਾ ਕੀਤੀ। ਅਗਲੀ ਤੁਕ ਵਿਚ ਸ਼ਬਦ 'ਜੋਗ' ਦਾ ਅਰਥ ਗੋਰਖ ਨਾਥ ਆਦਿ ਜੋਗੀਆਂ ਦੇ ਜੋਗ ਤੋਂ ਨਹੀਂ। ਸਗੋਂ ਹਰ ਕਿਸਮ ਦੀ ਸਾਧਨਾ ਇਕ ਕਿਸਮ ਦਾ ਜੋਗ ਹੀ ਹੈ।। ਪੜ੍ਹਨਾ ਵੀ ਇਕ ਜੋਗ ਹੈ, ਕਠਨ ਮਿਹਨਤ ਕਰਨਾ ਵੀ ਇਕ ਜੋਗ ਹੈ, ਮਨ ਦੀਆਂ ਖ਼ਾਹਸ਼ਾਂ ਨੂੰ ਕਾਬੂ ਕਰਨਾ

ਵੀ ਇਕ ਜੋਗ ਹੈ । ਤੇ ਇਹ ਸਭ ਤੋਂ ਵੱਡੀ ਸਾਧਨਾ, ਵੱਡਾ ਸਿਰੜ ਹੈ।

ਇਸਤਰੀ ਦੇ ਸੁਭਾਉ ਵਿਚ ਕੁਦਰਤ ਨੇ ਮਾਂ ਬਣਨ ਦੀ ਇੱਛਿਆ ਸਭ ਤੋਂ ਪਰਬਲ ਰੱਖੀ ਹੈ। ਓਨਾ ਚਿਰ ਉਹ ਆਪਣਾ ਜੀਵਨ ਅਧੂਰਾ ਜਾਂ ਨਿਸਫਲ ਸਮਝਦੀ ਹੈ, ਜਿੰਨਾ ਚਿਰ ਉਹ ਪੁੱਤਰ-ਵਤੀ ਨਹੀਂ ਹੋ ਜਾਂਦੀ।

ਮਾਤਾ ਗੁਜਰੀ ਜੀ ਦੇ ਜੀਵਨ 'ਤੇ ਝਾਤੀ ਮਾਰੋ। ਆਪ ਜੀ ਦੀ ਉਮਰ ਸਾਢੇ ਨੌਂ ਸਾਲ ਦੀ ਸੀ, ਜਦ ਵਿਆਹ ਹੋਇਆ। ਤੇ ਜਦ ਗੁਰੂ ਗੋਬਿੰਦ ਸਿੰਘ ਜੀ ਪਰਗਟ ਹੋਏ, ਮਾਤਾ ਜੀ ਦੀ ਉਮਰ ਸਾਢੇ ਤਿਰਤਾਲੀ ਸਾਲ ਦੀ ਸੀ। ਵਿਆਹ ਤੋਂ ਪਿੱਛੋਂ ਆਪ ਇਕ ਪਲ ਵੀ ਪਤੀ ਨਾਲੋਂ ਨਹੀਂ ਵਿਛੜੇ, ਤਪ ਕਰਦਿਆਂ ਵੀ ਆਪ ਹਰ ਸਮੇਂ ਪਤੀ ਦੇ ਚਰਨਾਂ ਵਿਚ ਸੇਵਾ ਵਿਚ ਲੀਨ ਰਹਿੰਦੇ। ਕਿਤਨਾ ਵੱਡਾ ਸੰਜਮ ਹੈ। ਹੋਰ ਮਿਸਾਲ ਮਿਲਨੀ ਔਖੀ ਹੈ। ਅਸਲ ਵਿਚ "ਹੁਕਮਿ ਰਜਾਈ ਚਲਣਾ" ਦੇ ਸਿਧਾਂਤ ਮੁਤਾਬਕ ਮਾਤਾ ਗੁਜਰੀ ਜੀ ਨੇ ਆਪਣੇ ਜੀਵਨ ਦਾ ਮੁੱਖ ਪਰਯੋਜਨ ਆਪਣੇ ਪਤੀ ਦੀ ਰਜ਼ਾ ਵਿਚ ਰਾਜ਼ੀ ਰਹਿਣਾ ਮਿਥ ਲਿਆ ਸੀ।

ਨਾ ਮਾਤਾ ਗੁਜਰੀ ਜੀ ਨੇ ਤੇ ਨਾ ਬਾਬਾ ਤੇਗ ਬਹਾਦਰ ਜੀ ਨੇ ਕਦੇ ਸੋਚਿਆ ਸੀ, ਕਿ ਇਕ ਦਿਨ ਉਹ ਗੁਰੂ ਨਾਨਕ ਮਹਾਰਾਜ ਦੀ ਗੱਦੀ ਦੇ ਮਾਲਕ ਬਣਨਗੇ। ਮਗਰ ਅਧਿਕਾਰੀ ਪੁਰਸ਼ ਨੂੰ ਸਮਾਂ ਆਉਣ 'ਤੇ ਆਪਣੇ ਆਪ ਅਧਿਕਾਰ ਮਿਲ ਜਾਂਦਾ ਹੈ।

ਗੁਰੂ ਅਮਰਦਾਸ ਜੀ ਨੇ ਇਕ ਸਿਧਾਂਤ ਵਜੋਂ ਫ਼ੁਰਮਾਇਆ ਹੈ :

"ਗੁਰ ਕਾ ਸਬਦੁ ਗੁਰ ਥੈ ਟਿਕੈ, ਹੋਰ ਥੈ ਪਰਗਟੁ ਨ ਹੋਇ।".

ਗੁਰੂ ਨਾਨਕ ਦੇਵ ਜੀ ਦੇ ਧਰਮ ਵਿਚ ਅਸਲੀ ਗੁਰੂ ਜਾਂ ਸ਼ਕਤੀ 'ਸਬਦ' ਹੀ ਹੈ। ਹਜ਼ੂਰ 'ਸਿਧ ਗੋਸਟਿ' ਵਿਚ ਫ਼ੁਰਮਾਉਂਦੇ ਹਨ,

"ਸਬਦੁ ਗੁਰੂ, ਸੁਰਤਿ ਧੁਨਿ ਚੇਲਾ।"

ਤੇ ਸਬਦ, ਭਾਵ ਗੁਰਿਆਈ ਦੀ ਸ਼ਕਤੀ ਓਥੇ ਹੀ ਟਿਕ ਸਕਦੀ ਹੈ, ਜਿਥੇ ਗੁਰੂ ਵਾਲੇ ਗੁਣ ਹੋਣ। ਅੱਠਵੇਂ ਪਾਤਸ਼ਾਹ ਨੇ ਸੋਚ ਵਿਚਾਰ ਕੇ ਹੀ ਇਹ ਚੋਣ ਕੀਤੀ ਸੀ। ਕੇਵਲ ਦੋ ਸ਼ਬਦਾਂ ਵਿਚ ਐਲਾਨ ਕਰ ਦਿਤਾ

''ਬਾਬਾ ਬਕਾਲੇ।''

ਇਹ ਐਲਾਨ ਬੜੇ ਸਾਫ਼ ਸ਼ਬਦਾਂ ਵਿਚ ਸੀ। ਗੁਰੂ ਤੇਗ਼ ਬਹਾਦਰ ਜੀ, ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਦਾਦਾ ਦੇ ਸਕੇ ਭਾਈ ਸਨ। ਪੰਜਾਬ ਵਿਚ ਦਾਦੇ ਜਾਂ ਦਾਦੇ ਦੇ ਬਰਾਬਰ ਪਦਵੀ ਵਾਲੇ ਨੂੰ 'ਬਾਬਾ' ਹੀ ਕਿਹਾ ਜਾਂਦਾ ਹੈ। ਤੇ ਉਸ ਸਮੇਂ ਕੇਵਲ ਤੇਗ਼ ਬਹਾਦਰ ਜੀ ਹੀ ਨੱਗਰ ਬਕਾਲੇ ਵਿਚ ਸਨ।

ਪਰ ਗੁਰਿਆਈ ਦੇ ਅਨਿਅਧਕਾਰੀ ਭੁੱਖਿਆਂ ਨੇ ਸਾਫ਼ ਸ਼ਬਦਾਂ ਨੂੰ ਜਾਣ ਬੁੱਝ ਕੇ ਗੁੰਝਲਦਾਰ ਬਣਾ ਲਿਆ, ਤੇ ਬਾਬਾ ਬਕਾਲਾ ਨੱਗਰ ਵਿਚ ਆ ਗਦੀਆਂ ਲਾਈਆਂ।

ਪਰ ਭਾਈ ਗੁਰਦਾਸ ਜੀ ਦੇ ਕਥਨ ਵਾਂਗ :

''ਕੂੜ ਨ ਪਹੁਚੈ ਸਚ ਨੋ ਸਉ ਘਾੜਤ ਘੜੀਐ।''

ਸੱਚ ਦੇ ਸਾਮ੍ਹਣੇ ਝੂਠ ਕਿੰਨਾ ਚਿਰ ਤਗ ਸਕਦਾ ਹੈ। ਗੁਰੂ ਅਰਜਨ ਦੇਵ ਜੀ ਫ਼ੁਰਮਾਉਂਦੇ ਹਨ :

''ਉਘਰਿ ਗਇਆ ਜੈਸਾ ਖੋਟਾ ਢਬੂਆ,
ਨਦਰਿ ਸਰਾਫਾ ਆਇਆ।''

ਪਾਜ ਉਘੜ ਗਿਆ। ਕੂੜ ਦਾ ਦਿਖਾਵਾ ਕਰਨ ਵਾਲੇ ਨੱਸ ਗਏ, ਤੇ ਗੱਦੀ ਦੇ ਮਾਲਕ ਬਣੇ ਸਹੀ ਹੱਕਦਾਰ। ੨੪ ਚੇਤ, ੧੭੨੨ ਬਿ. ਨੂੰ ਗੁਰੂ ਤੇਗ਼ ਬਹਾਦਰ ਸਾਹਿਬ ਗੁਰੂ ਨਾਨਕ ਦੇਵ ਜੀ ਦੀ ਗੱਦੀ ਉਤੇ ਬੈਠੇ। ਇਸ ਨਾਲ ਮਾਤਾ ਗੁਜਰੀ ਜੀ ਦੀ ਪਦਵੀ ਹੋਰ ਵਧ ਗਈ। ਪਰ ਉਹਨਾਂ ਦੀ ਅਸਲੀ ਮਹਾਨਤਾ ਤਾਂ ਉਹਨਾਂ ਦੀ ਆਪਣੀ ਕਮਾਈ ਸਦਕਾ ਹੈ।

ਇਸਤਰੀ-ਸਰੂਪ ਦੀ ਸਭ ਤੋਂ ਵੱਡੀ ਖ਼ੁਸ਼ੀ, ੨੩ ਪੋਹ, ੧੭੨੩ ਬਿ. ਨੂੰ, ਪਟਨੇ ਅੰਦਰ, ਮਾਤਾ ਗੁਜਰੀ ਜੀ ਦੇ ਘਰ ਦੀਨ-ਦੁਨੀ ਦੇ ਮਾਲਕ ਗੁਰੂ ਗੋਬਿੰਦ ਸਿੰਘ ਪਰਗਟ ਹੋਏ। ਸਾਰਾ ਘਰ ਵਧਾਈਆਂ ਨਾਲ ਗੂੰਜ ਉਠਿਆ। ਪਰ ਇਸ ਦੇ ਨਾਲ ਮਾਤਾ ਗੁਜਰੀ ਜੀ ਦੀਆਂ ਜ਼ਿੰਮੇਵਾਰੀਆਂ ਵੀ ਵਧ ਗਈਆਂ। ਜੋ ਇਸਤਰੀ ਮਾਂ ਬਣ ਕੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਨਹੀਂ

ਸਮਝਦੀ, ਜਾਂ ਸਮਝਦੀ ਹੋਈ ਵੀ ਨਿਭਾਉਂਦੀ ਨਹੀਂ, ਉਹ ਅਧੂਰੀ ਮਾਂ ਹੈ। ਬੱਚੇ ਦੀ ਜੀਵਨ-ਉਸਾਰੀ ਵਿਚ ਮਾਂ ਦਾ ਬਹੁਤ ਵੱਡਾ ਹਿੱਸਾ ਹੁੰਦਾ ਹੈ। ਜਾਂ ਦੂਸਰੇ ਸ਼ਬਦਾਂ ਵਿਚ ਬੱਚਾ ਓਹੋ ਜੇਹਾ ਹੀ ਮਨੁੱਖ ਬਣਦਾ ਹੈ, ਜੇਹੋ ਜੇਹਾ ਮਾਂ ਉਸ ਨੂੰ ਬਣਾਉਂਦੀ ਹੈ। ਮਾਤਾ ਗੁਜਰੀ ਜੀ ਨੇ ਇਹਨਾਂ ਜ਼ਿੰਮੇਵਾਰੀਆਂ ਨੂੰ ਬੜੀ ਸੁਘੜਤਾ ਤੇ ਸਿਦਕ ਨਾਲ ਨਿਭਾਇਆ। ਮਾਂ ਨੇ ਆਪਣੇ ਲਾਲ ਨੂੰ ਓਹੋ ਜੇਹਾ ਬਣਾਇਆ, ਜੇਹੋ ਜੇਹੀ ਸ਼ਖ਼ਸੀਅਤ ਦੀ ਉਸ ਵੇਲੇ ਮਨੁੱਖਤਾ ਨੂੰ ਲੋੜ ਸੀ।

ਦੁਨਿਆਵੀ ਤੌਰ 'ਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਭ ਤੋਂ ਵੱਡੇ ਉਸਤਾਦ ਮਾਤਾ ਗੁਜਰੀ ਹੀ ਸਨ। ਉਮਰ ਦੇ ਪਹਿਲੇ ਪੰਜ ਸਾਲ ਹਜ਼ੂਰ ਾਂ ਪਿਤਾ ਦੇ ਦਰਸ਼ਨ ਵੀ ਨਸੀਬ ਨਹੀਂ ਹੋਏ। ਨੌਵੇਂ ਪਾਤਸ਼ਾਹ ਆਸਾਮ ਤੋਂ ਪਰਤ ਕੇ ਪਟਨਾ ਸਾਹਿਬ ਆਏ, ਤਾਂ ਮਸਾਂ ਕੁਛ ਦਿਨ ਹੀ ਠਹਿਰੇ। ਪਰਵਾਰ ਨੂੰ ਪਟਨਾ ਸਾਹਿਬ ਛੱਡ ਕੇ ਗੁਰੂ ਤੇਗ਼ ਬਹਾਦਰ ਮਹਾਰਾਜ ਪੰਜਾਬ ਆ ਗਏ।

ਪਿੱਛੋਂ ਨੌਵੇਂ ਪਾਤਸ਼ਾਹ ਦੇ ਹੁਕਮ ਨਾਲ ਪਰਵਾਰ ਪਟਨੇ ਤੋਂ ਆਇਆ। ਇੱਕੀ ਮਾਘ, ੧੭੨੯ ਬਿ. ਨੂੰ ਸਾਹਿਬਜ਼ਾਦਾ ਗੋਬਿੰਦ ਰਾਇ ਨੇ ਅਨੰਦਪੁਰ ਆ ਕੇ ਗੁਰਦੇਵ ਪਿਤਾ ਦੇ ਚਰਨ ਪਰਸੇ। ਉਸ ਸਮੇਂ ਸਾਹਿਬ-ਜ਼ਾਦੇ ਦੀ ਉਮਰ ਛੇ ਸਾਲ ਦੀ ਸੀ। ਏਥ ਵੀ ਮਸ੍ਹਾਂ ਚਾਰ ਦਿਹਾੜੇ ਹੀ ਪਿਤਾ ਦੀ ਗੋਦੀ ਦਾ ਨਿੱਘ ਮਾਣਿਆਂ। ਇਸ ਬਾਰੇ ਹਜ਼ੂਰ 'ਬਚਿਤ੍ਰ ਨਾਟਕ' ਵਿਚ ਲਿਖਦੇ ਹਨ :

"ਮਦ੍ਰ ਦੇਸ ਹਮ ਕੋ ਲੇ ਆਏ।
ਭਾਂਤਿ ਭਾਂਤਿ ਦਾਈਅਨ ਦੁਲਰਾਏ।
ਕੀਨੀ ਅਨਿਕ ਭਾਂਤਿ ਤਨ ਰੱਛਾ।
ਦੀਨੀ ਭਾਂਤਿ ਭਾਂਤਿ ਕੀ ਸਿੱਛਾ।
ਜਬ ਹਮ ਧਰਮ ਕਰਮ ਮੋ ਆਏ।
ਦੇਵ ਲੋਕ ਤਬ ਪਿਤਾ ਸਿਧਾਏ।"

੧੭੩੨ ਬਿ. ਦੇ ਹਾੜ ਮਹੀਨੇ ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਅਨੰਦਪੁਰ ਤੋਂ ਦਿੱਲੀ ਵਾਸਤੇ ਤੁਰੇ। ਉਸ ਵੇਲੇ ਸਾਹਿਬਜ਼ਾਦੇ ਦੀ ਉਮਰ ਸਾਢੇ ਅਠ ਸਾਲ ਦੀ ਸੀ।

ਇਹ ਸਮਾਂ ਹੈ ਮਾਤਾ ਗੁਜਰੀ ਜੀ ਦੇ ਹੌਂਸਲੇ ਦੀ ਪਰਖ ਦਾ। ਆਪ ਦੇ ਸਿਰ 'ਤੇ ਬਹੁਤ ਵਡੀ ਜ਼ਿਮੇਂਵਾਰੀ ਹੈ। ਗਦੀ ਦੇ ਵਾਰਸ ਸਾਹਿਬਜ਼ਾਦਾ ਗੋਬਿੰਦ ਰਾਇ ਦੀ ਉਮਰ ਬਹੁਤ ਛੋਟੀ ਹੈ। ਤੇ ਬਹੁਤੇ ਸਰੀਕ ਸੋਢੀ (ਗੁਰੂ ਰਾਮ ਦਾਸ ਜੀ ਦੀ ਹੀ ਅੰਸ) ਦੁਸ਼ਮਣ ਹਨ। ਮਾਤਾ ਜੀ ਸਮਝਦੇ ਸਨ, ਕਿ ਰਾਮ ਰਾਏ, ਧੀਰ ਮੱਲ ਤੇ ਪ੍ਰਿਥੀ ਚੰਦ ਦੀ ਔਲਾਦ ਚਾਰਾ ਲੱਗੇ 'ਤੇ ਹਰ ਤਰ੍ਹਾਂ ਦਾ ਵਿਰੋਧ ਕਰੇਗੀ। ਉਹਨਾਂ ਤੋਂ ਭਲਾਈ ਦੀ ਕਦੇ ਵੀ ਆਸ ਨਹੀਂ ਰੱਖਣੀ ਚਾਹੀਦੀ।

ਤੇ ਸਭ ਤੋਂ ਔਖਾ ਮਸਲਾ ਸੀ ਨੌਂਵੇਂ ਪਾਤਸ਼ਾਹ ਦਾ ਸਦੀਵੀ ਵਿਛੋੜਾ ਮਾਤਾ ਜੀ ਸਮਝਦੇ ਸਨ, ਕਿ ਹਜ਼ੂਰ ਦੀ ਸ਼ਹੀਦੀ ਯਕੀਨੀ ਹੈ। ਇਹ ਆਖ਼ਰੀ ਦਰਸ਼ਨ ਹਨ, ਫਿਰ ਸਰੀਰ ਕਰ ਕੇ ਦੀਦਾਰ ਨਹੀਂ ਹੋਏਗਾ। ਸੰਸਾਰ ਦੀ ਕਿਸੇ ਵੀ ਮਹਾਨ ਇਸਤਰੀ ਦਾ ਅਜੇਹੇ ਸਮੇਂ ਅਡੋਲ ਰਹਿਣਾ ਬਹੁਤ ਮੁਸ਼ਕਲ ਹੈ।

ਹਿੰਦੀ ਦੇ ਦੋ ਦੋਹੇ ਯਾਦ ਆ ਗਏ। ਪਤੀ ਦਾ ਪਰਦੇਸ ਜਾਣਾ ਸੁਣ ਕੇ ਕਵੀ ਪਤੀਬ੍ਰਤਾ ਇਸਤਰੀ ਦੇ ਮਨ ਦੀ ਹਾਲਤ ਬਿਆਨ ਕਰਦਾ ਹੈ:

'ਕਾਨ ਸੁਨਤ ਹੂੰ ਹੇ ਸਖੀ, ਪੌਹ ਫਟਤ ਪੀਆ ਗੌਨ।
ਪੌਹ ਮੇਂ ਹੀਆ ਮੇਂ ਰਾਰ ਹੈ, ਪਹਿਲੇ ਫਟਤਾ ਕੌਨ।'

'ਹੇ ਸਹੇਲੀ, ਮੈਂ ਕੰਨਾਂ ਨਾਲ ਸੁਣ ਰਹੀ ਹਾਂ, ਕਿ ਭਲਕੇ ਪੌਹ ਫਟਣ ਨਾਲ ਪਤੀ ਦੇਵਤਾ ਪਰਦੇਸ ਨੂੰ ਤੁਰ ਪੈਣਗੇ। ਹੁਣ ਪੌਹ ਵਿਚ ਤੇ ਮੇਰੇ ਹਿਰਦੇ ਵਿਚ ਇਕ ਝਗੜਾ ਹੈ, ਇਕ ਜ਼ਿਦ ਹੈ, ਕਿ ਵੇਖੀਏ ਪਹਿਲਾਂ ਕੌਣ ਫਟਦਾ ਹੈ, ਪੌਹ ਜਾਂ ਮੇਰਾ ਹਿਰਦਾ। ਭਾਵ, ਪਤੀ ਨੂੰ ਵਿਦਿਆ ਕਰਨ ਤੋਂ ਪਹਿਲਾਂ ਮੌਤ ਨੂੰ ਪਸੰਦ ਕਰਾਂਗੀ।

ਦੂਸਰਾ ਦੋਹਾ ਹੈ:

'ਗਮਨ ਸਮੇਂ ਪਟਕਾ ਗਹਿਯੋ, ਛਾਡ ਨ ਕਹਿਯੋ ਸੁਜਾਨ।
ਪ੍ਰਾਨ ਪਿਆਰੇ, ਪ੍ਰਥਮ ਹੀ ਪਟਕਾ ਤਜੋਂ ਕਿ ਪ੍ਰਾਨ।'

ਤੁਰਨ ਲੱਗੇ ਪਤੀ ਦਾ ਹੰਮੇ ਨਾਲ ਪੱਲਾ ਫੜ ਲਿਆ, ਤੇ ਤਰਲਾ ਲੈ ਕੇ ਕਿਹਾ, ਹੇ ਸੁਜਾਨ! ਮੇਰੇ ਪ੍ਰਾਣਾਂ ਤੋਂ ਪਿਆਰੇ ਪਤੀ। ਇਹ ਨਾ ਕਹਿਣਾ, ਕਿ ਪੱਲਾ ਛਡਦੇ। ਨਹੀਂ ਤਾਂ ਮੈਂ ਇਹ ਸੋਚਣ ਵਾਸਤੇ ਮਜਬੂਰ ਹੋ ਜਾਵਾਂਗੀ, ਕਿ ਪਹਿਲਾਂ ਪੱਲਾ ਛੱਡਾਂ, ਜਾਂ ਪ੍ਰਾਣ ਤਿਆਗ ਦਿਆਂ।

ਇਹ ਸਾਧਾਰਨ ਵਿਛੋੜੇ ਦੀ ਗੱਲ ਹੈ, ਭਾਰਤ ਦੀ ਪਤੀਬ੍ਰਤ ਇਸਤਰੀ ਏਨਾ ਵੀ ਨਹੀਂ ਸਹਾਰ ਸਕਦੀ। ਪਰ ਗੁਰੂ ਤੇਗ ਬਹਾਦਰ ਜੀ ਤਾਂ ਸ਼ਹੀਦ ਹੋਣ ਵਾਸਤੇ ਜਾ ਰਹੇ ਸਨ। ਉਹ ਵਿਦਾਇਗੀ ਮਾਤਾ ਜੀ ਨੇ ਕਿਸ ਹੌਸਲੇ ਨਾਲ ਸਹਾਰ ਲਈ ਹੋਵੇਗੀ। ਇਸ ਬਾਰੇ ਕੇਵਲ ਕਿਆਸ ਕੀਤਾ ਜਾ ਸਕਦਾ ਹੈ, ਮਿਸਾਲ ਨਹੀਂ ਦਿਤੀ ਜਾ ਸਕਦੀ।

ਗੁਰੂ ਤੇਗ ਬਹਾਦਰ ਸਾਹਿਬ ਦਿੱਲੀ ਵਿਚ ਸ਼ਹੀਦ ਕਰ ਦਿਤੇ ਗਏ। ਹਜ਼ੂਰ ਦਾ ਕੇਵਲ ਸੀਸ ਲੈ ਕੇ ਭਾਈ ਜੈਤਾ ਅਨੰਦਪੁਰ ਆ ਪੁੱਜਾ। ਉਸ ਪਵਿਤਰ ਸੀਸ ਦੇ ਸਾਮ੍ਹਣੇ ਆਪਣਾ ਸੀਸ ਝੁਕਾਉਂਦਿਆਂ ਮਾਤਾ ਜੀ ਨੇ ਕੇਵਲ ਏਨਾ ਹੀ ਕਿਹਾ :

''ਤੇਰਾ ਕੀਆ ਮੀਠਾ ਲਾਗੈ।
ਹਰਿਨਾਮੁ ਪਦਾਰਥੁ ਨਾਨਕੁ ਮਾਂਗੈ।''

ਬਹੁਤ ਲੰਮੀ ਕਹਾਣੀ ਹੈ। ਦੁੱਖ ਵੀ ਵੇਖੇ, ਸੁਖ ਵੀ ਮਾਣੇ। ਪਰ ਇਨਸਾਨ ਦੀ ਪਰਖ ਤਾਂ ਔਖੇ ਸਮੇਂ ਹੀ ਹੁੰਦੀ ਹੈ। 'ਸ੍ਰੀ ਰਾਮਚਰਿਤ ਮਾਨਸ', ਜਾਂ ਆਮ ਪ੍ਰਸਿਧ 'ਤੁਲਸੀ ਰਾਮਾਇਣ' ਦੇ ਕਰਤਾ ਗੋਸਾਈਂ ਤੁਲਸੀ ਦਾਸ ਜੀ ਲਿਖਦੇ ਹਨ :

''ਧੀਰਜ, ਧਰਮ, ਮਿਤ੍ਰ ਅਰੁ ਨਾਰੀ।
ਆਪਦ ਕਾਲ ਪਰਖਿਅਹਿੰ ਚਾਰੀ।''

ਸਾਡੇ ਸਾਮ੍ਹਣੇ ਕੇਵਲ ਧੀਰਜ ਤੇ ਧਰਮ ਦੀ ਹੀ ਪ੍ਰੀਖਿਆ ਹੈ। ਅਨੰਦਪੁਰ ਦੀ ਜਿਸ ਪਵਿੱਤਰ ਧਰਤੀ ਨਾਲ ਜੀਵਨ ਭਰ ਦੀਆਂ ਯਾਦਾਂ

ਜੁੜੀਆਂ ਹੋਈਆਂ ਸਨ, ਔਖੇ ਸਮੇਂ ਉਹ ਹਮੇਸ਼ਾਂ ਵਾਸਤੇ ਛਡਣਾ ਪੈ ਗਿਆ। ਹਨ੍ਹੇਰੀ ਰ ਤ,ਛੋਟੇ ਪੋਤਰਿਆਂ ਨੂੰ ਛਾਤੀ ਨਾਲ ਲਾਕੇ ਮਾਤਾ ਜੀ ਸਦਾ ਵਾਸਤੇ ਉਸ ਭੂਮੀ ਨੂੰ ਛਡ ਤੁਰੇ।

ਏਥੇ ਕੁਛ ਹੋਰ ਸ਼ਬਦ ਵੀ ਕਹਿਣਾ ਚਾਹੁੰਦਾ ਹਾਂ। ਇਸ ਬਲਵਾਨ ਚਰਿੱਤਰ ਦੀ ਮਾਲਕ ਮਾਤਾ ਗੁਜਰੀ ਜੀ ਨਾਲ ਕੁਛ ਪੁਰਾਣੇ ਇਤਿਹਾਸਕਾਰਾਂ ਨੇ ਇਨਸਾਫ਼ ਨਹੀਂ ਕੀਤਾ। 'ਸੂਰਜ ਪ੍ਰਕਾਸ਼' ਦੇ ਕਰਤਾ ਭਾਈ ਸੰਤੋਖ ਸਿੰਘ ਜੀ ਨੇ ਤਾਂ ਬੇਦਾਵੀਆਂ ਦਾ ਮਢੀ ਮਾਤਾ ਗੁਜਰੀ ਜੀ ਨੂੰ ਹੀ ਸਿੱਧ ਕੀਤਾ ਹੈ।

ਰਾਜਿਆਂ ਦੀਆਂ ਕਸਮਾਂ ਤੇ ਔਰੰਗਜ਼ੇਬ ਦੀ ਚਿੱਠੀ ਨੇ ਭੁੱਖ ਦੇ ਮਾਰਿਆਂ ਸਿੱਖਾਂ ਨੂੰ ਕੁਛ ਡੁਲੌਂ ਦਿਤਾ। ਬਹੁਤ ਵੱਡੀ ਬਿਪਤਾ ਸੀ। ਅੱਠ ਮਹੀਨੇ ਦਾ ਲੰਮਾ ਘੇਰਾ। ਅਨੰਦਪੁਰ ਵਿਚ ਖਾਣ ਨੂੰ ਕੁਛ ਨਹੀਂ ਸੀ ਰਿਹਾ। ਭੁੱਖ ਦਾ ਟਾਕਰਾ ਕਰਨਾ ਬਹੁਤ ਔਖਾ ਹੈ। ਸਿੱਖਾਂ ਨੇ ਜ਼ੋਰ ਪਾਇਆ, ਕਿ ਅਨੰਦਪੁਰ ਛੱਡ ਦੇਣਾ ਚਾਹੀਦਾ ਹੈ, ਪਰ ਗੁਰਦੇਵ ਇਸ ਸਲਾਹ ਨਾਲ ਸਹਿਮਤ ਨਹੀਂ। ਭਾਈ ਸੰਤੋਖ ਸਿੰਘ ਜੀ ਲਿਖਦੇ ਹਨ, ਕਿ ਗੁਰਦੇਵ ਨੇ ਅੰਤ ਸਿੱਖਾਂ ਨੂੰ ਨਾਰਾਜ਼ ਹੋ ਕੇ ਕਿਹਾ :

''ਤੁਮ ਜਾਨਹੁ, ਜਿਨ ਜਿਨ ਜਨ ਜਾਨਾ।
ਲਿਖਹੁ ਬੇਦਾਵਾ, ਕਰਹੁ ਪਿਜਾਨਾ।'
ਸਭ ਜਾਨਹਿ. ਗੁਰ ਰਹੇ ਹਟਾਇ।
ਨਹਿ ਬਚ ਮਾਨੇ, ਮਰਹਿ ਸਜਾਇ।
ਅਸ ਹਠ ਕੇ ਬਚ ਸੁਨ ਕਰ ਸਾਰੇ।
ਬਿਹਬਲ ਚਿੰਤਤ ਖਰੇ ਦੁਖਾਰੇ।''

ਬਹੁਤ ਵੱਡੀ ਸ਼ਰਤ ਸੀ, ਬੇਦਾਵਾ ਲਿਖ ਦਿਹੋ, ਤੇ ਚਲੇ ਜਾਓ। ਗੁਰੂ ਜੀ ਦਾ ਹਠ ਵੇਖ ਕੇ ਸਾਰੇ ਚਿੰਤਾ ਵਿਚ ਡੁੱਬੇ, ਤੇ ਦੁਖੀ ਹੋ ਕੇ ਖਲੇ ਰਹੇ। ਪਰ ਕਿਸੇ ਨੇ ਬੇਦਾਵਾ ਨਹੀਂ ਲਿਖਿਆ।

ਭਾਈ ਸਾਹਿਬ ਲਿਖਦੇ ਹਨ, ਕਿ ਅਗਲੇ ਦਿਨ ਫਿਰ ਵੈਰੀਆਂ ਦੇ

ਦੂਤ ਆ ਗਏ। ਉਹਨਾਂ ਦੇ ਪ੍ਰੇਰੇ ਹੋਏ ਮਾਤਾ ਜੀ ਵੀ ਗੁਰੂ ਮਹਾਰਾਜ ਪਾਸ ਆਏ। ਪਰ ਗੁਰੂ ਜੀ ਫਿਰ ਵੀ ਨਾ ਮੰਨੇ, ਤਾਂ ਮਾਤਾ ਜੀ ਨੇ ਨਾਰਾਜ਼ ਹੋ ਕੇ ਸਭ ਤੋਂ ਪਹਿਲਾਂ ਆਪ ਬੇਦਾਵਾ ਲਿਖਿਆ। ਸੂਰਜ ਪ੍ਰਕਾਸ਼ ਦੇ ਸ਼ਬਦ ਹਨ :

"ਭਈ ਕੰਪ ਮਨ ਮਾਤ ਬਡੇਰੀ।
ਲਿਖਯੋ ਬੇਦਾਵਾ ਜਨਨਿ ਨ ਤੇਰੀ।
ਉਨ ਕਰ ਆਈ ਕੀਨਸ ਤਿਆਰੀ।
ਜੁਗ ਪੌਤ੍ਰੇ ਪ੍ਰਿਯ ਕਰੇ ਅਗਾਰੀ।
ਦੇਖ ਮਾਤ ਕੀ ਗਤ ਧ੍ਰਿਤਹਾਲੇ।
ਲਿਖਨ ਬਿਦਾਵਾ ਸਿੰਘ ਦੁਖਾਲੇ।"

ਇਹਨਾਂ ਪੰਗਤੀਆਂ ਦਾ ਅਰਥ ਬੜਾ ਸਾਫ਼ ਹੈ। ਗੁੱਸੇ ਵਿਚ ਆ ਕੇ ਸਭ ਤੋਂ ਪਹਿਲਾਂ ਮਾਤਾ ਗੁਜਰੀ ਜੀਨੇ.ਬੇਦਾਵਾ ਲਿਖਿਆ। ਸਗੋਂ ਸ਼ਬਦਾਂ ਦੇ ਅਰਥਾਂ ਮਗਰ ਜਾਈਏ, ਤਾਂ ਇਸਨੂੰ 'ਪਾਰਖਤੀ' ਕਹਿਣਾ ਚਾਹੀਦਾ ਹੈ। ਮਾਤਾ ਜੀ ਨੇ ਲਿਖ ਦਿਤਾ, ਕਿ ਮੈਂ ਤੇਰੀ ਮਾਂ ਹੀ ਨਹੀਂ। ਮਾਤਾ ਜੀ ਵੱਲ ਵੇਖ ਕੇ ਸਿੱਖਾਂ ਨੇ ਵੀ ਬੜੇ ਦੁਖੀ ਦਿਲ ਨਾਲ ਬੇਦਾਵਾ ਲਿਖਿਆ।

ਕੋਈ ਵੀ ਸ਼ਰਧਾਵਾਨ ਸਿੱਖ ਇਸ ਗੱਲ ਉਤੇ ਯਕੀਨ ਕਰੇਗਾ ? ਕਿ ਜਿਸ ਮਾਂ ਨੇ ਬੜਾ ਕਠਨ ਤਪ ਕਰਕੇ ਈਸ਼ਵਰ ਕੋਲੋਂ ਪੁੱਤਰ ਦੀ ਦਾਤ ਵਜੋਂ ਗੁਰੂ ਗੋਬਿੰਦ ਸਿੰਘ ਨੂੰ ਮੰਗਿਆ ਸੀ, ਓਸੇ ਮਾਂ ਨੇ ਸਰੀਰਕ ਦੁੱਖਾਂ ਤੋਂ ਘਬਰਾ ਕੇ ਲਿਖ ਦਿਤਾ, ਕਿ ਮੈਂ ਤੇਰੀ ਮਾਂ ਹੀ ਨਹੀਂ ?

ਬਚਿਤ੍ਰ ਨਾਟਕ ਪੜ੍ਹੋ। ਹਜ਼ੂਰ ਇਸ ਵਰ ਮੰਗਣ ਦਾ ਸਾਫ਼ ਇਸ਼ਾਰਾ ਕਰਦੇ ਹਨ।

"ਤਾਤ ਮਾਤ ਮੁਰ ਅਲਖ ਅਰਾਧਾ।
ਬਹੁ ਬਿਧਿ ਜੋਗ ਸਾਧਨਾ ਸਾਧਾ।
ਤਿਨ ਜੋ ਕਰੀ ਅਲਖ ਕੀ ਸੇਵਾ।
ਤਾਤੇ ਭਏ ਪ੍ਰਸੰਨਿ ਗੁਰਦੇਵਾ।

ਤਿਨ ਪ੍ਰਭ ਜਬ ਆਇਸ ਮੁਹਿ ਦੀਆ।
ਤਬ ਹਮ ਜਨਮ ਕਲੂ ਮਹਿ ਲੀਆ।"

'ਮੇਰੇ ਮਾਤਾ ਪਿਤਾ ਨੇ ਕਠਨ ਤਪ ਕੀਤਾ। ਉਹਨਾਂ ਦੀ ਸੇਵਾ ਭਗਤੀ 'ਤੇ ਪਰਸੰਨ ਹੋ ਕੇ, ਈਸ਼ਵਰ ਨੇ ਮੈਨੂੰ ਹੁਕਮ ਕੀਤਾ, ਤਦ ਮੈਂ ਕਲਿਜੁਗ ਵਿਚ ਜਨਮ ਧਾਰਿਆ। ਭਾਵ, ਮੇਰੇ ਮਾਤਾ ਪਿਤਾ ਨੇ ਅਕਾਲ ਪੁਰਖ ਦੀ ਅਰਾਧਨਾ ਕਰਕੇ ਵਰ ਮੰਗਿਆ, ਤਾਂ ਸਾਨੂੰ ਸੰਸਾਰ ਵਿਚ ਆਉਣਾ ਪਿਆ।

ਜ਼ਰਾ ਠੰਢੇ ਦਿਲ ਨਾਲ ਸੋਚੋ, ਮਾਤਾ ਗੁਜਰੀ ਜੀ ਤੋਂ ਅਜੇਹੇ ਬਿਦਾਵੇ ਦੀ, ਜਾਂ ਧਾਰਖਤੀ ਦੀ ਆਸ ਰੱਖੀ ਜਾ ਸਕਦੀ ਹੈ?

ਅੱਜ ਸਾਡਾ ਨਸ਼ਾਨਾ ਬਿਦਾਵੇ ਬਾਰੇ ਵਿਸਥਾਰ ਨਾਲ ਕਹਿਣਾ ਨਹੀਂ। ਵੈਸੇ ਪੁਰਾਤਨ ਇਤਿਹਾਸਾਂ ਦੀ ਖੋਜ ਦੇ ਆਧਾਰ ਉਤੇ ਮੇਰੀ ਰਾਏ ਹੈ, ਕਿ ਬਿਦਾਵਾ ਕਦੇ ਨਹੀਂ ਲਿਖਿਆ ਗਿਆ। ਕੇਵਲ ਦੁਨੀ ਚੰਦ ਮਸੰਦ ਤੇ ਉਸਦੇ ਕੁਛ ਸਾਥੀ ਹੀ ਮਹਾਰਾਜ ਦਾ ਸਾਥ ਛੱਡ ਕੇ ਗਏ ਸਨ। ਇਸ ਮਜ਼ਮੂਨ 'ਤੇ ਫਿਰ ਕਿਸੇ ਲੈਕਚਰ ਵਿਚ ਵਿਚਾਰ ਕਰਾਂਗੇ।

ਪੋਹ ਦੀ ਹਨੇਰੀ ਤੇ ਕਕਰੀਲੀ ਰਾਤ। ਪਿਆਰੀ ਅਨੰਦ ਪੁਰੀ ਨੂੰ ਸਦਾ ਵਾਸਤੇ ਛਡ ਕੇ ਤੁਰ ਪਏ।

ਮੁਸੀਬਤ ਕਦੇ ਇਕੱਲੀ ਨਹੀਂ ਆਉਂਦੀ। ਹੱਡਾਂ ਨੂੰ ਕੜਕਾਉਂਦੀ ਸਰਦੀ,ਨੱਕੇ ਦੀ ਬਾਰਸ਼, ਪਿੱਛੇ ਚੜ੍ਹਿਆ ਆ ਰਿਹਾ ਵੈਰੀ ਦਾ ਟਿੱਡੀ ਦਲ, ਤੇ ਸਾਮ੍ਹਣੇ ਸਰਸਾ ਨਦੀ ਠਾਠਾਂ ਮਾਰ ਰਹੀ ਹੈ।

ਸਾਰਾ ਪਰਵਾਰ ਵਿਛੜ ਗਿਆ, ਗੁਰੂ ਸਾਹਿਬ ਵਿਛੜ ਗਏ, ਦੋਵੇਂ ਵੱਡੇ ਪੋਤਰੇ ਵਿਛੜ ਗਏ। ਦੋਵੇਂ ਨੋਹਾਂ ਵਿਛੜ ਗਈਆਂ, ਦਇਆ ਸਿੰਘ, ਧਰਮ ਸਿੰਘ ਵਿਛੜ ਗਏ। ਮਾਤਾ ਜੀ ਦੀ ਗੋਦੀ ਵਿਚ ਰਹਿ ਗਏ ਦੋਵੇਂ ਛੋਟੇ ਪੋਤਰੇ, ਤੇ ਜਾਂ ਇਕ ਘਰ ਦਾ ਰਸੋਈਆ, ਗੰਗੂ ਬ੍ਰਹਿਮਣ।

ਕਿਵੇਂ ਨਾ ਕਿਵੇਂ ਸਰਸਾ ਪਾਰ ਹੋਏ। ਰਾਤ ਦਾ ਬਾਕੀ ਹਿੱਸਾ ਰੋਪੜ ਗੁਜ਼ਾਰਿਆ ਤੇ ਅਗਲੀ ਰਾਤ ਗੰਗੂ ਦੇ ਘਰ ਜਾ ਪਹੁੰਚੇ।

ਮਨੁੱਖ ਦਾ ਮਨ ਡੋਲਦਿਆਂ ਚਿਰ ਨਹੀਂ ਲਗਦਾ। ਗੰਗੂ ਦਾ ਮਨ ਵੀ ਡੋਲ ਗਿਆ। ਕੁਛ ਸੋਨੇ ਦੀਆਂ ਮੋਹਰਾਂ ਨੇ, ਚਾਂਦੀ ਦੇ ਛਿੱਲੜਾਂ ਨੇ ਉਸਨੂੰ ਨਿਮਕ-ਹਰਾਮ ਬਣਾ ਦਿਤਾ। ਪੁੱਤਾਂ ਵਾਂਗ ਪਾਲਿਆ ਹੋਇਆ ਘਰ ਦਾ ਰਸੋਈਆ ਦੁਸ਼ਮਣ ਬਣ ਗਿਆ। ਥੋੜੇ ਜਹੇ ਝਗੜੇ ਦਾ ਬਹਾਨਾ ਲਾ ਕੇ ਉਹ ਮੁਰੰਡੇ ਦੇ ਹਾਕਮਾਂ ਨੂੰ ਚੜ੍ਹਾ ਕੇ ਲੈ ਆਇਆ। ਧਨ ਦੇ ਲਾਲਚ ਉਹਨੇ ਧਰਮ ਗੁਆ ਲਿਆ। ਜਾਨੀ ਖ਼ਾਂ ਮਾਨੀ ਖ਼ਾਂ ਨੇ ਸਣੇ ਸਾਹਿਬਜ਼ਾਦਿਆਂ ਮਾਤਾ ਜੀ ਨੂੰ ਗ੍ਰਿਫ਼ਤਾਰ ਕਰ ਲਿਆ। ਇਕ ਰਾਤ ਮੁਰੰਡੇ ਦੀ ਜਹਲ ਵਿਚ ਰੱਖ ਕੇ ਅਗਲੇ ਦਿਨ ਸਰਹਿੰਦ ਪੁਚਾ ਦਿਤਾ। ਠੰਢੇ ਬੁਰਜ ਵਿਚ ਕੈਦ, ਸਰਦੀ ਤੋਂ ਬਚਣ ਵਾਸਤੇ ਗਰਮ ਬਸਤਰ ਕੋਲ ਨਹੀਂ, ਪੰਧ ਦਾ ਥਕੇਵਾਂ, ਢਿੱਡੋਂ ਭੁੱਖੇ, ਸਾਰੀ ਰਾਤ ਮਾਤਾ ਜੀ ਨੇ ਪੋਤਰਿਆਂ ਨੂੰ ਗਦੀ ਵਿਚ ਥਪਕਦਿਆਂ ਅਖਾਂ ਵਿਚਦੀ ਗੁਜ਼ਾਰ ਦਿਤੀ।

ਸਾਧਾਰਨ ਮਨੁੱਖ ਹੁੰਦਾ, ਤਾਂ ਕਿਸਮਤ 'ਤੇ ਗਿਲ੍ਹਾ ਕਰਦਾ ਹੋਇਆ, ਹਉਕਾ ਭਰ ਕੇ ਕਹਿੰਦਾ

> ''ਸਿਆਹ ਬਖ਼ਤੀ ਮੇਂ ਕਬ ਕੋਈ ਕਿਸੀ ਕਾ ਸਾਥ ਦੇਤਾ ਹੈ
> ਕਿ ਤਾਰੀਕੀ ਮੇਂ ਸਾਇਆ ਭੀ ਜੁਦਾ ਹੋਤਾ ਹੈ ਇਨਸਾਂ ਸੇ।'

ਮਗਰ ਪ੍ਰਭੂ ਦੇ ਭਾਣੇ ਨੂੰ ਸਿਰ ਮੱਥੇ ਝਲਦੇ ਹੋਏ ਮਾਤਾ ਜੀ ਕਹਿ ਰਹੇ ਹਨ :

> ''ਜੇ ਸੁਖੁ ਦੇਹਿ ਤ ਤੁਝਹਿ ਅਰਾਧੀ, ਦੁਖਿ ਭੀ ਤੁਝੈ ਧਿਆਈ।
> ਜੇ ਭੁਖ ਦੇਹਿ, ਤ ਇਤ ਹੀ ਰਾਜਾ, ਦੁਖ ਵਿਚਿ ਸੂਖ ਮਨਾਈ।''

ਇਸ ਨੂੰ ਕਹਿੰਦੇ ਹਨ 'ਹੁਕਮਿ ਰਜਾਈ ਚਲਣਾ।' ਉਸ ਦੇ ਭਾਣੇ ਵਿਚ ਸੰਤੁਸ਼ਟ ਰਹਿਣਾ। ਗੁਰਦੇਵ ਫ਼ੁਰਮਾਉਂਦੇ ਹਨ :

> ''ਜਿਨਾ ਭਾਣੇ ਕਾ ਰਸੁ ਆਇਆ।
> ਤਿਨ ਵਿਚਹੁ ਭਰਮੁ ਚੁਕਾਇਆ।''

ਪ੍ਰੀਖਿਆ ਦੀ ਘੜੀ ਆ ਗਈ। ਸੂਬੇਦਾਰ ਸਰਹਿੰਦ ਵਜ਼ੀਰ ਖ਼ਾਂ ਦੀ ਕਚਹਿਰੀ ਲੱਗੀ। ਸਾਹਿਬਜ਼ਾਦਿਆਂ ਨੂੰ ਪੇਸ਼ ਕੀਤਾ ਗਿਆ। ਉਮਰੋਂ ਛੋਟੇ,

ਸਿਦਕ ਵਿਚ ਪੂਰੇ, ਉਹਨਾਂ ਬੜੀ ਨਿਰਭੈਤਾ ਨਾਲ ਫ਼ਤਹਿ ਬੁਲਾਈ।

ਯਾਦ ਰਖੋ, ਧਰਮੀ ਦੇ ਮਨ ਵਿਚ ਭੈ ਨਹੀਂ ਹੁੰਦਾ। ਗੁਰਦੇਵ ਫ਼ੁਰਮਾਉਂਦੇ ਹਨ :

"ਸੋ ਡਰੈ, ਜਿ ਪਾਪ ਕਮਾਵਦਾ, ਧਰਮੀ ਵਿਗਸੇਤੁ।"

ਮਨੁੱਖ ਸਦਾ ਆਪਣੇ ਪਾਪ ਤੋਂ ਡਰਦਾ ਹੈ, ਆਪਣੀ ਕਮਜ਼ੋਰੀ ਤੋਂ ਡਰਦਾ ਹੈ। ਨਿਰਪਾਪ ਨੂੰ ਡਰ ਕੇਹਾ। ਉਹ ਤਾਂ ਹਰ 'ਮੁਸੀਬਤ ਨੂੰ ਖਿੜੇ ਮੱਥੇ ਜੀ-ਆਇਆਂ ਆਖਣ ਦੀ ਹਿੰਮਤ ਰਖਦਾ ਹੈ।

ਮੁਗ਼ਲ ਰਾਜ ਵਿਚ ਇਕੋ ਸ਼ਰਤ ਸੀ। ਕਾਬੂ ਆਇਆ ਪ੍ਰਾਣੀ ਮੁਸਲਮਾਨ ਹੋਣਾ ਮੰਨ ਜਾਏ, ਤਾਂ ਸਭ ਗੁਨਾਹ ਮਾਫ਼, ਨਹੀਂ ਤਾਂ ਮੌਤ ਲਾਜ਼ਮੀ ਸੀ। ਸਾਹਿਬਜ਼ਾਦਿਆਂ ਇਸ ਸਵਾਲ ਦੇ ਉੱਤਰ ਵਿਚ ਬੜੀ ਦਲੇਰੀ ਨਾਲ ਕਿਹਾ, ਕਿ ਉਹ ਸਿਰ ਦੇਣਾ ਜਾਣਦੇ ਹਨ, ਧਰਮ ਤਿਆਗਣਾ ਨਹੀਂ।

ਅੰਤ ਮੌਤ ਦੀ ਸਜ਼ਾ ਦਿਤੀ ਗਈ। ਮੁਫ਼ਤੀ ਨੇ ਫ਼ਤਵਾ ਦਿਤਾ, ਮੌਤ ਤੋਂ ਪਹਿਲਾਂ ਮੌਤ ਦਾ ਭ ਦੇ ਕੇ ਵੇਖ ਲਿਆ ਜਾਵੇ, ਭਲਾ ਜੇ ਇਹ ਡਰ ਕੇ ਇਸਲਾਮ ਕਬੂਲ ਕਰ ਲੈਣ ਤਾਂ। ਤਜਵੀਜ਼ ਹੋਇਆ, ਕਿ ਉਹਨਾਂ ਨੂੰ ਜਿਉਂਦੀ-ਜਾਨ ਦੀਵਾਰ ਵਿਚ ਚਿਣ ਦਿਤਾ ਜਾਵੇ।

ਗਿਆਨੀ ਗਿਆਨ ਸਿੰਘ ਲਿਖਦਾ ਹੈ :

ਨਾਜ਼ਮ ਪਾਪੀ ਕਹਯੋ ਸੁਨਾਈ।
ਦਿਹੁ ਦਿਵਾਰ ਮੈਂ ਇਨੈ ਚਿਨਾਈ।
ਜੋ ਮਾਨੇਗੇ ਦੀਨ ਹਮਾਰਾ।
ਤੌ ਕਰਹੈਂ ਇਨ ਕਾ ਛੁਟਕਾਰਾ।
ਹੁਤੋ ਦਰੋਗਾ ਸੱਯਦ ਤਹਾਂ।
ਬਸਨੇਹਾਰ ਸਮਾਣੇ ਅਹਾਂ।
ਪਕੜ ਲੈ ਗਿਓ ਜਹਾਂ ਮਿਮਾਰ।
ਬੁਰਜ ਰਹੇ ਥੇ ਕਰ ਤੈਆਰ।
ਇਨ ਦੋਨੋ ਕੇ ਬੀਚ ਦਿਵਾਰੈਂ।

ਦਿਣਨ ਲਗੇ ਪਾਹਨ ਦਿਲ ਭਾਰੈਂ।......
ਗੋਡਿਆਂ ਤੋੜੀ ਕੰਧ ਜੋ ਆਈ।
ਚਿਣਦੇ ਜਾਵਣ ਤੁਰਕ ਕਸਾਈ।
ਜਾਇ ਬਜੀਦੇ ਫੇਰ ਉਚਾਰਾ।
ਹੁਣ ਬੀ ਮੰਨੋ ਹੁਇ ਛੁਟਕਾਰਾ।
ਦੀਨ ਕਬੂਲੋ, ਮੌਜਾਂ ਮਾਣੋ।
ਕਿਉਂ ਖੋਵਤ ਹੋ ਜਾਨ ਅਜਾਣੋ।
ਜ਼ੋਰਾਵਰ ਸਿੰਘ ਏਹੁ ਸੁਣਾਈ।
ਦੁਸਟ ਹਰਾਮੀ ਕਰ ਬੁਰਿਆਈ।
ਤੇਰੇ ਕਹੇ ਧਰਮ ਨਾ ਤਜ ਹੈਂ।
ਧਰਮ ਹਮਾਰਾ ਰਾਖੇ ਲਜ ਹੈਂ।......
ਸੁਣ ਕੇ ਨਾਜ਼ਮ ਹੋਇ ਸਰਮਿੰਦਾ।
ਪਿਛੇ ਹਟਿਆ ਜਬ ਹੀ ਗੰਦਾ।
ਫਟਿਓ ਬੁਰਜ ਜਿਸਮੇਂ ਥੇ ਚਿਣਤੇ।
ਈਟੇਂ ਇਤ ਉਤ ਚਲੀ ਅਗਿਣਤੇ।
ਜ਼ਖ਼ਮੀ ਕਰੇ ਤੁਰਕ ਬਹੁ ਮਾਰੇ।
ਰੌਰਾ ਪਰਿਓ ਸ਼ਹਿਰ ਮਝਾਰੇ।
ਛੋਡ ਭਗੇ ਸਭ ਹੀ ਇਤ ਉਤੈਂ।
ਟੋਡਰ ਮੱਲ ਕੇ ਪੌਤ੍ਰਨ ਸੁਤੈਂ।
ਹੁਕਮ ਬਜੀਦੇ ਖ਼ਾਂ ਕੇ ਸਾਥ।
ਆਇ ਉਠਾਇ ਹਾਥੋਂ ਹਾਥ।
ਦਈ ਮਿਮਾਈ ਦੂਧ ਪਿਲਾਇ।
ਫਿਰ ਮਾਤਾ ਜੀ ਪਾਸ ਪੁਚਾਏ।

ਅਰਥ ਬੜੇ ਸਾਫ਼ ਹਨ। ਦੀਵਾਰ ਉਤੇ ਸਾਹਿਬਜ਼ਾਦਿਆਂ ਨੂੰ ਖੜੇ ਕਰਕੇ ਇੱਟਾਂ ਲਾਉਣ ਲੱਗ ਪਏ। ਕੰਧ ਗੋਡਿਆਂ ਤਕ ਪੁੱਜੀ, ਤਾਂ ਫਟ

ਗਈ। ਸਾਹਿਬਜ਼ਾਦੇ ਬੇਹੋਸ਼ ਹੋ ਕੇ ਡਿਗ ਪਏ। ਸੂਬੇ ਦੇ ਹੁਕਮ ਨਾਲ ਉਹਨਾਂ ਨੂੰ ਦੁੱਧ ਪਿਆ ਕੇ ਕੁਛ ਹੋਸ਼ ਵਿਚ ਲਿਆਂਦਾ,ਤੇ ਉਸੇ ਹਾਲਤ ਵਿਚ ਮਾਤਾ ਜੀ ਕੋਲ ਪੁਚਾ ਦਿਤਾ ਗਿਆ। ਸੂਬੇ ਵੱਲੋਂ ਭੇਜੇ ਕੁਛ ਪਤਵੰਤੇ ਹਿੰਦੂ ਤੇ ਮੁਸਲਮਾਨ ਮਾਤਾ ਜੀ ਪਾਸ ਗਏ। ਉਹਨਾਂ ਮਾਤਾ ਜੀ ਨੂੰ ਬੇ-ਹੌਸਲਾ ਕਰਨ ਵਾਸਤੇ ਝੂਠੀ ਖ਼ਬਰ ਦਿਤੀ, ਕਿ ਚਮਕੌਰ ਵਿਚ ਗੁਰੂ ਗੋਬਿੰਦ ਸਿੰਘ ਜੀ ਵੀ ਸ਼ਹੀਦ ਹੋ ਗਏ ਹਨ। ਗਵਾਹੀ ਵਜੋਂ ਪੜ੍ਹੋ ਗੁਰ-ਬਿਲਾਸ ਭਾਈ ਸੁੱਖਾ ਸਿੰਘ।

"ਤੁਮਰੋ ਪਿਤਾ ਮਧਿ ਚਮਕੌਰ।
ਮਾਰਿ ਲਯੋ ਗੜ੍ਹ ਮਧਿ ਤਿਤ ਠੌਰ।"

ਇਹਾ ਗੱਲ ਭਾਈ ਸੰਤੋਖ ਸਿੰਘ ਕਹਿੰਦੇ ਹਨ:

"ਸਾਹਿਬਜ਼ਾਦਿਓ, ਪਿਤਾ ਤੁਮਾਰਾ।
ਗੜ੍ਹ ਚਮਕੌਰ ਘੇਰ ਗਹਿ ਮਾਰਾ।"

ਸੂਬੇਦਾਰ ਦੇ ਮੁਸਾਹਿਬਾਂ ਨੇ ਹਮਦਰਦੀ ਜਤਾਉਂਦਿਆਂ ਕਿਹਾ, "ਮਾਤਾ ਜੀ! ਤੁਹਾਡੇ ਸਾਰੇ ਸਿੱਖ, ਵੱਡੇ ਦੋਵੇਂ ਪੋਤਰੇ ਤੇ ਗੁਰੂ ਗੋਬਿੰਦ ਸਿੰਘ ਵੀ, ਸਭ ਚਮਕੌਰ ਵਿਚ ਮਾਰੇ ਗਏ ਹਨ। ਇਹ ਛੋਟੇ ਪੋਤਰੇ ਹੀ ਇਸ ਵੇਲੇ ਤੇਰੀ ਬੰਸ ਦੀ ਨਸ਼ਾਨੀ ਰਹਿ ਗਏ ਹਨ। ਖ਼ੁਦਾ ਦਾ ਸੱਚਾ ਦੀਨ ਪਰਵਾਨ ਕਰ ਕੇ ਇਹਨਾਂ ਦੀ ਜਾਨ ਬਚਾ ਲਵੋ। ਜ਼ਿੰਦਗੀ ਦੀਆਂ ਹਰ ਤਰ੍ਹਾਂ ਦੀਆਂ ਸਹੂਲਤਾਂ ਮਿਲ ਜਾਣਗੀਆਂ। ਨਹੀਂ ਤਾਂ ਜੇ ਭਲਕੇ ਵੀ ਇਹਨਾਂ ਬਾਲਕਾਂ ਨੇ ਆਪਣੀ ਜ਼ਿਦ ਨਾ ਛੱਡੀ, ਤਾਂ ਬੜੇ ਤਸੀਹੇ ਦੇ ਕੇ ਇਹਨਾਂ ਦੀ ਜਾਨ ਲਈ ਜਾਵੇਗੀ। ਚੰਗੀ ਤਰ੍ਹਾਂ ਸੋਚ ਲਵੋ। ਜ਼ਿਦ ਕਰ ਕੇ ਆਪਣੀ ਕੁਲ ਦਾ ਨਾਸ ਨਾ ਕਰਾਓ। ਰਾਤ ਭਰ ਮੁਹਲਤ ਹੈ, ਇਹਨਾਂ ਨੂੰ ਸਮਝਾ ਲਵੋ, ਤੇ ਆਪਣੇ ਖ਼ਾਨਦਾਨ ਦੀ ਜੜ੍ਹ ਰੱਖ ਲਵੋ।"

ਸਾਰੀ ਰਾਤ ਗੋਦੀ ਵਿਚ ਲੈ ਕੇ ਮਾਤਾ ਗੁਜਰੀ ਛੋਟੇ ਛੋਟੇ ਪੋਤਰਿਆਂ ਨੂੰ ਬਜ਼ੁਰਗਾਂ ਦੀਆਂ ਕਹਾਣੀਆਂ ਸੁਣਾਉਂਦੀ ਰਹੀ। ਉਹਨਾਂ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੀ ਸਾਖੀ ਸੁਣਾਈ। ਦੇਗ ਵਿਚ ਉਬਾਲੇ ਗਏ, ਤੱਤੀ

ਤਵੀ 'ਤੇ ਬਿਠਾ ਕੇ, ਉਪਰੋਂ ਸੜਦੀ ਬਲਦੀ ਰੇਤ ਪਾ ਕੇ ਸਾੜੇ ਗਏ, ਪਰ ਉਹਨਾਂ ਆਪਣਾ ਧਰਮ ਨਹੀਂ ਹਾਰਿਆ। ਗੁਰੂ ਤੇਗ ਬਹਾਦਰ ਜੀ ਦੀ ਸਾਖੀ ਸੁਣਾਈ, ਉਹਨਾਂ ਸੀਸ ਦੇ ਦਿਤਾ, ਪਰ ਧਰਮ ਨਹੀਂ ਹਾਰਿਆ। ਮਾਂ ਦੀ ਸਿੱਖਿਆ ਬੱਚਿਆਂ ਦੇ ਦਿਲਾਂ ਉਤੇ ਉਕਰੀ ਗਈ।

ਅਗਲਾ ਦਿਨ ਚੜ੍ਹਿਆ। ਸਰਕਾਰੀ ਪਿਆਦੇ ਆਏ।

"ਮਾਂ! ਬੱਚਿਆਂ ਨੂੰ ਸਮਝਾ ਲਿਆ ਹੈ?"

"ਹਾਂ, ਸਮਝਾ ਲਿਆ ਹੈ। ਮੈਨੂੰ ਆਸ ਹੈ, ਇਹ ਮੇਰੀ ਸਿੱਖਿਆ ਭੁੱਲਣਗੇ ਨਹੀਂ।" ਮਾਤਾ ਜੀ ਨੇ ਬੜੇ ਧੀਰਜ ਨਾਲ ਕਿਹਾ।

ਮਾਤਾ ਗੁਜਰੀ ਨੇ ਹੱਥੀਂ ਪੋਤਰਿਆਂ ਦੇ ਮੂੰਹ ਧੋਤੇ, ਦਸਤਾਰੇ ਸਜਾਏ। ਕੰਵਲ ਫੁੱਲ ਵਰਗੇ ਦੋ ਹਸਦੇ ਚਿਹਰੇ ਵੇਖਕੇ ਮਾਂ ਦੀ ਮਮਤਾ ਜ਼ਰਾ ਮਚਲੀ। ਪੋਤਰਿਆਂ ਨੂੰ ਛਾਤੀ ਨਾਲ ਲਾ ਕੇ ਮਾਤਾ ਜੀ ਬੋਲੇ, "ਚੰਨਿਓਂ! ਜਿੰਨ੍ਹਾਂ ਚੰਨ ਮੁਖੜਿਆਂ ਵਲ ਵੇਖਕੇ ਮਾਂ ਦਾ ਦਿਲ ਮੋਹਿਆ ਜਾ ਰਿਹਾ ਹੈ, ਮੌਤ ਦਾ ਕਿਵੇਂ ਨਹੀਂ ਮੋਹਿਆ ਜਾਏਗਾ। ਜਾਓ, ਅੱਜ ਦੁਨੀਆਂ ਨੂੰ ਦੱਸ ਦਿਹੋ, ਕਿ ਮੌਤ ਭਾਵੇਂ ਕਿਤਨੀ ਬਲਵਾਨ ਹੈ, ਪਰ ਮੌਤ ਉਤੇ ਫ਼ਤਹਿ ਪਾਉਣ ਵਾਲੇ ਵੀ ਹਨ। ਅੱਜ ਮੇਰਾ ਛੋਟਾ ਜੇਹਾ ਫ਼ਤਹਿ ਸਿੰਘ ਤੇ ਜ਼ੋਰਾਵਰ ਸਿੰਘ ਸੰਸਾਰ ਨੂੰ ਦੱਸ ਦੇਵੇਗਾ, ਕਿ

"ਐਸੇ ਮਰਨੇ ਜੋ ਮਰੈ, ਬਹੁਰਿ ਨ ਮਰਨਾ ਹੋਇ।"

ਅੰਤ ਦੀ ਵਾਰ ਦਾਦੀ-ਮਾਂ ਦੇ ਚਰਨੀ ਹੱਥ ਲਾ ਕੇ ਦੋਵੇਂ ਜੋਧੇ ਤੁਰ ਪਏ। ਅਰਜ਼ ਹੈ:

ਤੁਰ ਪਏ ਦੋਵੇਂ ਲਾਡਲੇ ਜਦ ਫ਼ਤਹਿ ਬੁਲਾ ਕੇ
ਵਾਰ ਆਖਰੀ ਮਾਂ ਦੇ ਚਰਨੀ ਹੱਥ ਲਾ ਕੇ
ਬੂਹੇ ਵਿਚੋਂ ਪਰਤ ਕੇ ਬੋਲੇ ਮੁਸਕਾ ਕੇ
ਮਾਂ! ਉਡੀਕਾਂਗੇ ਅਸੀਂ ਸੱਚਖੰਡ ਵਿਚ ਜਾ ਕੇ
ਪਰ ਨਾ ਆਉਣਾ ਤੁਸਾਂ ਨੇ ਬਹੁਤਾ ਚਿਰ ਲਾ ਕੇ
ਥੱਕ ਨਾ ਜਾਈਏ ਅੰਮੀਏਂ! ਅਸੀਂ ਔਂਸੀਆਂ ਪਾ ਕੇ

ਸਾਡਾ ਜੀਅ ਨਹੀਂ ਲੱਗਣਾ, ਮਾਂ, ਛੇਤੀ ਆਉਣਾ
ਨਹੀਂ ਤਾਂ ਰੁੱਸ ਪਊ ਫ਼ਤਹਿ ਸਿੰਘ ਤੇਰਾ ਜੀ-ਪਰਚਾਊਣਾ

ਇਨਸਾਨ ਦਾ ਸੁਭਾਉ ਹੈ, ਇਹ ਆਪਣੇ ਮਨ ਦੀ ਵੇਦਨ ਸਦਾ ਆਪ ਤੋਂ ਛੋਟੇ ਦਾ ਆਸਰਾ ਲੈ ਕੇ ਪਰਗਟ ਕਰਦਾ ਹੈ। ਬਾਬਾ ਫ਼ਤਹਿ ਸਿੰਘ ਉਸ ਦਿਨ ਪੰਜ ਸਾਲ, ਦਸ ਮਹੀਨੇ ਤੇ ਦਸ ਦਿਨ ਦੇ ਸਨ। ਬਾਬਾ ਜ਼ੋਰਾਵਰ ਸਿੰਘ ਉਸ ਤੋਂ ਲਗਭਗ ਦੋ ਸਾਲ ਵਡੇਰੇ ਸਨ। ਉਮਰ ਦੇ ਮੁਤਾਬਕ ਉਹਨਾਂ ਦਾ ਗਿਆਨ ਵੀ ਵਧੇਰੇ ਸੀ, ਉਹ ਗੱਲ ਨੂੰ ਵਧੇਰੇ ਸਮਝਦੇ ਸਨ। ਪਰ ਉਹ ਆਪਣੇ ਮਨ ਦੀ ਆਪਣੇ ਛੋਟੇ ਵੀਰ ਦਾ ਆਸਰਾ ਲੈ ਕੇ ਕਹਿ ਰਹੇ ਸਨ। ਨਾਲ ਹੀ ਨਰਮ ਸ਼ਬਦਾਂ ਵਿਚ ਧਮਕੀ ਵੀ ਦੇ ਰਹੇ ਸਨ, ਕਿ ਨਹੀਂ ਤਾਂ ਫ਼ਤਹਿ ਸਿੰਘ ਰੁੱਸ ਪਵੇਗਾ।

ਬਾਬਾ ਫ਼ਤਹਿ ਸਿੰਘ ਜੀ ਦੋ ਸਾਲ ਦੇ ਸਨ, ਜਾਂ ਮਾਤਾ ਜੀਤੋ ਜੀ ਪਰਲੋਕ ਸਿਧਾਰ ਗਏ। ਦੋ ਸਾਲ ਦਾ ਪੋਤਰਾ ਮਾਤਾ ਗੁਜਰੀ ਜੀ ਨੂੰ ਸੰਭਾਲਣਾ ਪੈ ਗਿਆ।

ਮੇਰੀਆਂ ਬਜ਼ੁਰਗ ਭੈਣਾਂ ਇਸ ਗੱਲ ਨੂੰ ਵਧੇਰੇ ਸਮਝ ਸਕਣਗੀਆਂ। ਰੱਬ ਕਰੇ, ਕਿਸੇ ਦਾਦੀ ਨੂੰ ਏਨੀ ਛੋਟੀ ਉਮਰ ਦਾ ਮਾਂ-ਮਹਿੱਟਰ ਪੋਤਰਾ ਪਾਲਣਾ ਨਾ ਪੈ ਜਾਵੇ। ਪੋਤਰੇ ਨੂੰਹਾਂ ਦੀ ਗੋਦ ਵਿਚ ਹੀ ਪਲਨ, ਤਾਂ ਸੁਖ ਹੁੰਦਾ ਹੈ।

ਕਿੰਨੀਆਂ ਰਾਤਾਂ ਮਾਤਾ ਗੁਜਰੀ ਨੇ ਦੋ ਸਾਲ ਦੇ ਬਾਲਕ ਨੂੰ ਵਰਾਉਂ-ਦਿਆਂ ਗੁਜ਼ਾਰੀਆਂ ਹੋਣਗੀਆਂ। ਮਾਂ ਬੱਚੇ ਨੂੰ ਮਿਠਿਆਈਆਂ ਦੇਂਦੀ ਹੈ, ਬਾਜ਼ੀਆਂ ਦੇਂਦੀ ਹੈ, ਫ਼ਤਹਿ ਸਿੰਘ ਦਾ ਖਿਡਾਵਾ ਚੋਪਾ ਸਿੰਘ ਸਾਮ੍ਹਣੇ ਘੋੜਾ ਬਣਕੇ ਨਾਚ ਕਰਦਾ ਹੈ। ਮਾਂ ਕਹਿੰਦੀ ਹੈ, "ਆਹ ਮੇਰੇ ਲਾਲ ਫ਼ਤਹਿ ਸਿੰਘ ਦਾ ਘੋੜਾ ਏ?"

ਦੋ ਸਾਲ ਦਾ ਬੱਚਾ ਸਿਰ ਫੇਰ ਕੇ ਕਹਿੰਦਾ ਹੈ, "ਨਹੀਂ", ਮੈਨੂੰ ਮਾਂ ਚਾਹੀਦੀ ਹੈ।"

ਮਾਤਾ ਗੁਜਰੀ ਉਸਨੂੰ ਮਾਂ ਕਿਥੋਂ ਦੇਵੇ। ਬੱਚੇ ਦਾ ਧਿਆਨ ਹੋਰ

ਧਾਮੇ ਲਾਉਣ ਵਾਸਤੇ ਮਾਂ ਕਹਿੰਦੀ ਹੈ, "ਚੰਨ ! ਤੇਰੀ ਮਾਂ ਸੱਚਖੰਡ ਚਲੀ ਗਈ ਹੈ।"

ਦੋ ਸਾਲ ਦਾ ਬੱਚਾ ਜ਼ਿਦ ਕਰਕੇ ਕਹਿੰਦਾ ਹੈ, "ਮੈਂ ਵੀ ਸੱਚਖੰਡ ਜਾਣਾ ਹੈ।"

ਸਾਧ ਸੰਗਤ ! ਦੋ ਸਾਲ ਦਾ ਬਾਲਕ 'ਸੱਚਖੰਡ ਜਾਣ' ਦਾ ਅਰਥ ਨਹੀਂ ਸਮਝਦਾ, ਪਰ ਦਾਦੀ-ਮਾਂ ਸਮਝਦੀ ਹੈ। ਉਸ ਵੇਲੇ ਮਾਤਾ ਗੁਜਰੀ ਦੇ ਦਿਲ 'ਤੇ ਕੀ ਗੁਜ਼ਰਦੀ ਹੋਵੇਗੀ। ਕੇਵਲ ਅੰਦਾਜ਼ਾ ਲਾਇਆ ਜਾ ਸਕਦਾ ਹੈ। ਮਾਤਾ ਜੀ ਪੋਤਰੇ ਨੂੰ ਛਾਤੀ ਨਾਲ ਘੁੱਟ ਕੇ ਕਹਿੰਦੇ ਹਨ, "ਚੰਨਿਆਂ ! ਜਿਸ ਦਿਨ ਤੂੰ ਸੱਚਖੰਡ ਜਾਵੇਂਗਾ, ਦਾਦੀ-ਮਾਂ ਤੇਰੇ ਨਾਲ ਚੱਲੇਗੀ।"

ਫਿਰ ਸੁਣੋ ਬਾਬਾ ਜ਼ੋਰਾਵਰ ਸਿੰਘ ਕਹਿ ਰਹੇ ਹਨ।

ਸਾਡਾ ਜੀ ਨਹੀਂ ਲੱਗਣਾ, ਮਾਂ ! ਛੇਤੀ ਆਉਣਾ
ਨਹੀਂ ਤਾਂ ਰੁੱਸ ਪਊ ਫ਼ਤਹਿ ਸਿੰਘ ਤੇਰਾ ਜੀ-ਪਰਚਾਉਣਾ
ਮਿੰਨਤਾਂ ਕਰ ਕਰ ਅੰਮੀਏਂ, ਫਿਰ ਪਊ ਮਨਾਉਣਾ
ਤੇਰੇ ਬਾਝੋਂ ਲੋਰੀਆਂ ਦੇ ਕਿਨ੍ਹੇ ਸੁਆਉਣਾ
ਤੇਰੀ ਗੋਦੀ ਬਾਝ ਨਾ ਸੱਚਖੰਡ ਵੀ ਭਾਉਣਾ
ਮਾਂਵਾਂ ਬਾਝੋਂ ਲੱਗਦਾ, ਮਾਂ ! ਸੁਰਗ ਡਰਾਉਣਾ
ਸੁਣ ਕੇ ਮੂਰਤ ਪਿਆਰ ਦੀ ਉਠੀ ਬਲ ਲਾ ਕੇ
(ਮਾਤਾ ਗੁਜਰੀ)
ਵਿਚ ਦਲ੍ਹੀਜਾਂ ਜਾ ਖਲੀ ਬਾਹੀ ਹੱਥ ਪਾ ਕੇ
ਰੁਕ ਗਈ ਮਮਤਾ ਤੜਪਦੀ ਬੁੱਲ੍ਹਾਂ ਤਕ ਆ ਕੇ
ਪੀ ਲਏ ਹੰਝੂ ਅੰਦਰੇ ਉਸ ਡੀਕਾਂ ਲਾ ਕੇ
ਦੇ ਦੇ ਦਾਬੂ ਸਬਰ ਦੇ ਰੱਖ ਦਰਦ ਦਬਾ ਕੇ
ਭਾਣਾ ਮੰਨ ਅਕਾਲ ਦਾ ਬੋਲੀ ਮੁਸਕਾ ਕੇ

ਤੇ ਕਹਿੰਦੀ ਕੀ ਹੈ ?

ਚੱਲੋ ਮੇਰੇ ਹੀਰਿਓ ! ਮੈਂ ਮਗਰੇ ਆਵਾਂ

ਪੁੱਤਾਂ ਪਿੱਛੋਂ ਜਿਊਂਦੀਆਂ ਕਦ ਸੁਣੀਆਂ ਮਾਂਵਾਂ
ਪੁੱਤਰਾਂ ਉਦਾਲੇ 'ਰਾਮਕਾਰ' ਮਾਂਵਾਂ ਦੀਆਂ ਬਾਂਹਵਾਂ
ਮਾਂ ਪੁੱਤਰਾਂ ਦੀ ਸਾਂਝ ਜਿਉਂ, ਚਾਨਣ ਪਰਛਾਂਵਾਂ
ਜਿਧਰ ਉਡਦੇ ਹੰਸ ਓਧਰੇ ਜਾਂਦੀਆਂ ਛਾਂਵਾਂ
ਤੇਰ ਘਰ ਦੀਆ ਰੌਣਕਾਂ ਮੈਂ ਸੁਰਗ ਵਸਾਵਾਂ
ਮਾਂ ਗੁਜਰੀ ! ਬਹੁਤ ਵੱਡੀ ਸੱਟ ਹੈ, ਜਰ ਲਵੇਂਗੀ ?
ਹਾਂ, ਜਰ ਲਵਾਂਗੀ। ਕਿਉਂਕਿ ਮੈਂ ਜਰਨਾ ਜਾਣਦੀ ਹਾਂ।
ਜਰਲਾਂਗੀ ਮੈਂ ਚਾਨਣ ! ਮੇਰਾ ਵੱਡਾ ਜੇਰਾ
ਪੀੜਾਂ ਸਾਂਭਣ ਵਾਸਤੇ ਦਿਲ ਬਾਉਂ ਬਥੇਰਾ
ਪਤੀ ਤੋਰਿਆ—ਪੜ੍ਹਦਿਆਂ—'ਵਾਹ, ਭਾਣਾ ਤੇਰਾ'
ਕਿਹੜਾ ਸੱਲ ਨਹੀਂ ਜਿਗਰ ਵਿਚ ਲਾ ਬੈਠਾ ਡੇਰਾ

ਪਰ ਲਾਲ ! ਮੈਂ ਆਸ਼ਾਵਾਦੀ ਹਾਂ, ਨਿਰਾਸ਼ਾਵਾਦੀ ਨਹੀਂ। ਮੈਨੂੰ ਯਕੀਨ ਹੈ, ਕਿ

ਜਦ ਜਦ ਰਾਤਾਂ ਕਾਲੀਆਂ ਆ ਪਾਵਣ ਘੇਰਾ
ਸਦਾ ਉਹਨਾਂ 'ਚੋਂ ਜਨਮਦਾ, ਚੰਨ, ਸੋਨ-ਸਵੇਰਾ

ਪਰ ਤੁਸੀਂ ਕਿਉਂ ਰੁਕਦੇ ਓ ?

ਜਾਓ ਮੇਰੇ ਬਚੜਿਓ ! ਕਿਉਂ ਕਰਦੇ ਦੇਰੀ
ਮਰਦਾਂ ਦੀ ਨਿੱਤ ਹੋਵੰਦੀ, ਪੁੱਤ ! ਵਾਟ ਲੰਮੇਰੀ
ਰੁਕਣ ਨਾ ਪਾਂਧੀ ਸੱਚ ਦੇ ਤੱਕ ਮੀਂਹ ਹਨ੍ਹੇਰੀ
ਵਧਣ ਤੂਫਾਨਾਂ ਵਿਚ ਵੀ ਉਹ ਨਾਲ ਦਲੇਰੀ
ਚਰਨ ਚੁੰਮਦੀਆਂ ਮਨਜ਼ਲਾਂ ਓੜਕ ਦੀ ਵੇਰੀ
ਸਗਨ ਮਨਾਵੇ ਮੌਤ ਵੀ ਮਰਦਾਂ ਦੀ ਚੇਰੀ

ਇਨਸਾਨ ਦਾ ਸੁਭਾਉ ਹੈ, ਇਹ ਭਾਵੇਂ ਦੁੱਖ ਵਿਚ ਹੋਵੇ, ਜਾਂ ਸੁਖ ਵਿਚ ਹੋਵੇ, ਦੋਹਾਂ ਹਾਲਤਾਂ ਵਿਚ ਇਸਨੂੰ ਵਿਛੜੇ ਯਾਦ ਆ ਜਾਂਦੇ ਹਨ। ਪੋਤਰਿਆਂ ਨੂੰ ਵਿਦਿਆ ਕਰਨ ਲਗਿਆਂ ਮਾਤਾ ਜੀ ਨੂੰ ਪੋਤਰਿਆਂ ਦੀ ਮਾਂ

ਯਾਦ ਆ ਗਈ।

ਛੇ-ਕੁ ਸਾਲ ਦੀ ਭੋਲੀ ਭਾਲੀ ਕੰਨਿਆਂ ਜੀਤੋ ਜੀ ਨੂੰਹ ਬਣ ਕੇ ਮਾਤਾ ਗੁਜਰੀ ਜੀ ਦੀ ਗੋਦ ਵਿਚ ਆ ਗਈ। ਮਾਤਾ ਜੀ ਨੇ ਉਸਨੂੰ ਧੀਆਂ ਵਾਂਗ ਪਾਲਿਆ। ਉਹਨਾਂ ਦਾ ਪਿਆਰ ਮਾਂਵਾਂ ਧੀਆਂ ਵਰਗਾ ਸੀ। ਮਾਤਾ ਗੁਜਰੀ ਜੀ ਨੂੰਹ ਨੂੰ ਆਵਾਜ਼ ਦੇ ਰਹੇ ਹਨ, 'ਮੇਰੀ ਜੀਤੋ ਰਾਣੀ! ਤੇਰੇ ਪੁੱਤਰ ਜੇਵ ਚੜ੍ਹਨ ਲੱਗੇ ਹਨ, ਨਿਰੰਕਾਰ ਕੋਲੋਂ ਦੋ ਘੜੀਆਂ ਮੰਗਵੀਆਂ ਲੈ ਕੇ ਆ ਜਾਹ, ਤੇ ਪੁੱਤਰਾਂ ਦੇ ਅੰਤਮ ਸ਼ਗਨ ਮਨਾ ਲੈ।

ਆ ਜਾ ਜੀਤੋ ਰਾਣੀਏ! ਲੈ ਮਿੰਟ ਉਧਾਰੇ
ਤੱਕ ਲੈ ਮੇਰੀ ਬੱਚੀਏ! ਚੰਨ ਚੜ੍ਹਦੇ ਖਾਰੇ
ਸੇਹਰੇ ਕਿੰਨੇ ਲੱਗਦੇ ਇਸ ਉਮਰ ਪਿਆਰੇ
ਟੁੱਟਣਗੇ ਅੱਜ ਅੰਬਰੋਂ ਦੋ ਰੌਸ਼ਨ ਤਾਰੇ
ਚਾਨਣ ਚਾਨਣ ਹੋਣਗੇ, ਬ੍ਰਹਿਮੰਡ ਅੰਧਿਆਰੇ
ਤੱਕ ਕੇ ਫਿੱਕੇ ਪੈਣਗੇ ਚੰਦ ਸੂਰਜ ਸਾਰੇ

ਅੰਬਰ 'ਤੇ ਤਾਰਾ ਟੁੱਟਦਾ ਹੈ। ਉਹ ਆਪਣੀ ਹਸਤੀ ਮਿਟਾ ਜਾਂਦਾ ਹੈ ਪਰ ਹਨੇਰੇ ਅੰਬਰਾਂ ਨੂੰ ਰੌਸ਼ਨੀ ਦੇ ਜਾਂਦਾ ਹੈ।

ਸਰ ਇਕਬਾਲ ਕਹਿੰਦਾ ਹੈ,

ਸ਼ਹੀਦ ਕੀ ਜੋ ਮੌਤ ਹੈ, ਵੁਹ ਕੌਮ ਕੀ ਹਯਾਤ ਹੈ।

ਸਾਹਿਬਜ਼ਾਦੇ ਸ਼ਹੀਦ ਹੋ ਗਏ, ਪਰ ਆਪਣੀ ਕੌਮ ਨੂੰ ਅਮਰ ਜੀਵਨ ਬਖ਼ਸ਼ ਗਏ।

ਗਿਆਨੀ ਗਿਆਨ ਸਿੰਘ ਲਿਖਦਾ ਹੈ, ਜਦ ਅਗਲੇ ਦਿਨ ਵੀ ਸਾਹਿਬਜ਼ਾਦੇ ਧਰਮੋਂ ਨਾ ਡੋਲੇ, ਤਾਂ ਦੋਹਾਂ ਨੂੰ ਤਲਵਾਰ ਨਾਲ ਸ਼ਹੀਦ ਕੀਤਾ ਗਿਆ। ਉਹਦੇ ਸ਼ਬਦਾਂ ਵਿਚ ਸੁਣੋ

'ਓੜਕ ਸੂਬੇ ਦੁਸ਼ਟ ਸੁਨਾਈ।
ਮਾਰੋ ਗਰਦਨ ਇਨੇ ਇਥਾਂਈ।
ਜ਼ਾਸਲ ਬੇਗ ਅਰ ਬਾਸ਼ਲ ਬੇਗ।

ਉਥੇ ਜਲਾਦਨ ਖਿਚ ਕੇ ਤੇਗ।
ਤਿਸ ਹੀ ਠੌਰ ਖਾਰਓਂ ਕੇ ਸੀਸ।
ਤੁਰਤ ਉਤਾਰੇ ਦੁਸ਼ਟੋਂ ਰੀਸ।"

ਗਿਆਨੀ ਰਤਨ ਸਿੰਘ ਭੰਗੂ ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਇਉਂ ਲਿਖਦਾ ਹੈ,

ਸੁਨ ਨਵਾਬ ਯੋਂ ਸੁਖਨ ਉਚਾਰੇ।
ਹੈਂ ਏ ਲਰਕੇ 'ਜ਼ਿਬਹ' ਕਰਨੇ ਵਾਰੇ।......
ਹੁਤੋ ਉਹਾਂ ਥੋ ਛੁਰਾ ਇਕ ਵਾਰੇ।
ਦੋ ਗੋਡੇ ਹੇਠ ਕਰ 'ਜ਼ਿਬਹ' ਡਾਰੇ।
ਤੜਫ ਤੜਫ ਗਈ ਜਿੰਦ ਉਡਾਏ।
ਇਮ ਸ਼ੀਰਖੋਰ ਦੁਇ ਗਏ ਕਤਲਾਇ।"

ਸਾਹਿਬਜ਼ਾਦੇ ਕਿਸ ਢੰਗ ਨਾਲ ਸ਼ਹੀਦ ਕੀਤੇ ਗਏ। ਇਸ ਬਾਰੇ ਆਪਾਂ ਕਿਸੇ ਹੋਰ ਲੈਕਚਰ ਵਿਚ ਵਿਚਾਰ ਕਰਾਂਗੇ। ਅਜ ਆਪਾਂ ਕੇਵਲ ਮਾਤਾ ਗੁਜਰੀ ਜੀ ਬਾਰੇ ਵਿਚਾਰ ਕਰ ਰਹੇ ਹਾਂ। ਅਜੇਹੇ ਸਮੇਂ ਵੀ ਜੋ ਸ਼ਖ਼ਸੀਅਤ ਅਡੋਲ ਰਹੀ ਹੈ, ਉਹਦੇ ਵਰਗਾ 'ਮਹਾਨ' ਸੰਸਾਰ ਵਿਚ ਹੋਰ ਕੌਣ ਹੋ ਸਕਦਾ ਹੈ।

ਖ਼ਬਰ ਪਹੁੰਚੀ, "ਮਾਤਾ ਜੀ! ਤੇਰੇ ਛੋਟੇ ਛੋਟੇ ਲਾਲ ਬਹੁਤ ਵੱਡਾ ਕਾਰਨਾਮਾ ਕਰ ਗਏ ਹਨ। ਕਵੀ ਸੈਨਾਪਤੀ ਦੇ ਸ਼ਬਦਾਂ ਵਿਚ,

ਧੰਨਿ ਧੰਨਿ ਗੁਰਦੇਵ ਸੁਤ, ਤਨ ਕੋ ਲੋਭ ਨ ਕੀਨ।
ਧਰਮ ਰਾਖ ਕਲ ਮੋ ਗਏ, ਦਾਦੇ ਸੋਂ ਜੱਸ ਲੀਨ।

ਮਾਤਾ ਜੀ ਨੇ ਦੋਵੇਂ ਹੱਥ ਜੋੜ ਕੇ ਪ੍ਰਭੂ ਦਾ ਧੰਨਵਾਦ ਕੀਤਾ ਤੇ ਜੋਤ ਵਿਚ ਜੋਤ ਸਮਾ ਗਏ।

"ਜਿਉ ਜਲ ਮਹਿ ਜਲੁ ਆਇ ਖਟਾਨਾ।
ਤਿਉ ਜੋਤੀ ਸੰਗਿ ਜੋਤਿ ਸਮਾਨਾ।"

ਸਭ ਮਾਈ ਭਾਈ ਮਿਲ ਕੇ ਕਹੋ, ਧੰਨ ਧੰਨ ਮਾਤਾ ਗੁਜਰੀ ਜੀਉ।

ਸੋਹਣ ਸਿੰਘ 'ਸੀਤਲ' (ਰਚਿਤ)

ਨਾਵਲ : ੧. ਸਿੰਘ ਬੁਕੇ (ਇਤਿਹਾਸਕ) ੨. ਜੁੱਗ ਬਦਲ ਗਿਆ ੧੨), ੩. ਜਵਾਲਾ ਮੁਖੀ ੧੦), ੪.ਸੁੰਞਾ ਆਹਲਣਾ ੬), ੫. ਈਚੋਗਿਲ ਨਹਿਰ ਤਕ ੧੨) ੬. ਮੁੱਲ ਦਾ ਮਾਸ ੭॥), ੭. ਪਤਵੰਤੇ ਕਾਤਲ ੭॥), ੮. ਅੰਨ੍ਹੀ ਸੁੰਦਰਤਾ ੮), ੯. ਵਿਜੋਗਣ ੭), ੧੦. ਦੀਵੇ ਦੀ ਲੋ ੮), ੧੧. ਜੰਗ ਜਾਂ ਅਮਨ ੧੨), ੧੨ ਧਰਤੀ ਦੀ ਬੇਟੀ ੫), ੧੩. ਪ੍ਰੀਤ ਤੇ ਪੈਸਾ ੭), ੧੪. ਕਾਲੇ ਪਰਛਾਵੇਂ ੧੨) ੧੫. ਤੂਤਾਂ ਵਾਲਾ ਖੂਹ ੧੨), ੧੬. ਧਰਤੀ ਦੇ ਦੇਵਤੇ ੧੦), ੧੭ ਬਦਲਾ ੭), ੧੮. ਪ੍ਰੀਤ ਕਿ ਰੂਪ ੫), ੧੯. ਮ. ਜਿੰਦਾਂ ੫), ੨੦. ਮ. ਦਲੀਪ ਸਿੰਘ ੫)

ਕਹਾਣੀਆਂ : ੨੧. ਕਦਰਾਂ ਬਦਲ ਗਈਆਂ ੮)

ਦੋ ਇਕਾਂਗੀ : ੨੨. ਸੰਤ ਲਾਪੰ ਰੇ ਤੇ ਲੋਕ ਸੇਵਕ ੫)

ਬਾਲ ਸਾਹਿਤ : ੨੩. ਬਾਬਾ ਨਾਨਕ ੫), ੨੪. ਧਰਮ ਦਾ ਰਾਖਾ, ਗੁਰੂ ਤੇਗ਼ ਬਹਾਦਰ ੩), ੨੫. ਸਿੱਖ ਸ਼ਹੀਦ ਤੇ ਯੋਧੇ ੪), ੨੫. ਗੁਰਬਾਣੀ ਵਿਚਾਰ ੧੦)

ਇਤਿਹਾਸ : ੨੬. ਸੰਖੇਪ ਜੀਵਨੀ ਗੁਰੂ ਨਾਨਕ ਦੇਵ ਜੀ ੪), ੨੭. ਮਨੁੱਖਤਾ ਦੇ ਗੁਰੂ ਨਾਨਕ ਦੇਵ ਜੀ ੭), ੨੮. ਮਨੁੱਖਤਾ ਦੇ ਗੁਰੂ ਅੰਗਦ ਦੇਵ ਜੀ ਤੋਂ ਗੁਰੂ ਤੇਗ਼ ਬਹਾਦਰ ਜੀ ੧੨), ੨੯. ਮਨੁੱਖਤਾ ਦੇ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਤੇਗ਼ ਬਹਾਦਰ ਜੀ ੧੫), ੩੦. ਮਨੁੱਖਤਾ ਦੇ ਗੁਰੂ ਗੋਬਿੰਦ ਸਿੰਘ ਜੀ ੧੫), ੩੧. ਲਾਸਾਨੀ ਸ਼ਹੀਦ ਗੁਰੂ ਤੇਗ਼ ਬਹਾਦਰ ਜੀ ੭॥), ੩੨. ਬੰਦਾ ਸਿੰਘ ਸ਼ਹੀਦ ੭), ੩੩.ਸਿੱਖਰਾਜ ਕਿਵੇਂ ਬਣਿਆਂ ੧੦), ੩੪. ਸਿੱਖ ਮਿਸਲਾਂ ਤੇ ਸਰਦਾਰ ਘਰਾਣੇ ੧੫), ੩੫. ਸਿੱਖਰਾਜ ਤੇ ਸ਼ੇਰੇਪੰਜਾਬ ੮), ੩੬. ਸਿੱਖਰਾਜ ਕਿਵੇਂ ਗਿਆ ੧੨॥), ੩੭. ਦੁਖੀਏ ਮਾਂ ਪੁੱਤ ੧੦), ੩੮. ਗੁਰ ਇਤਿਹਾਸ ਦਸ ਪਾਤਸ਼ਾਹੀਆਂ ੧੮॥), ਪੰਜਾਬ ਦਾ ਉਜਾੜਾ ੧੦)

ਵਾਰਾਂ ਹਰ ਇਕ ਦਾ ਮੁੱਲ ਸਾਢੇ ਚਾਰ ਰੁਪੈ

੩੯. ਸੀਤਲ ਕਿਰਨਾਂ, ੪੦. ਸੀਤਲ ਸੁਨੇਹੇ, ੪੧. ਸੀਤਲ ਹੰਝੂ, ੪੨. ਸੀਤਲ ਹੁਲਾਰੇ, ੪੩. ਸੀਤਲ ਤਰੰਗਾਂ, ੪੪. ਸੀਤਲ ਪ੍ਰਸੰਗ, ੪੫. ਸੀਤਲ ਪ੍ਰਕਾਸ਼, ੪੬. ਸੀਤਲ ਤਰਾਨੇ, ੪੭. ਸੀਤਲ ਵਾਰਾਂ, ੪੮. ਸੀਤਲ ਤਾਂਘਾਂ, ੪੯. ਸੀਤਲ ਵਲਵਲੇ, ੫੦. ਸੀਤਲ ਚੰਗਿਆੜੇ, ੫੧. ਸੀਤਲ ਚਮਕਾਂ, ੫੨. ਸੀਤਲ ਰਮਜ਼ਾਂ, ੫੩. ਸੀਤਲ ਉਮੰਗਾਂ, ੫੪. ਸੀਤਲ ਅੰਗਿਆਰੇ, ੫੫. ਸੀਤਲ ਮੁਨਾਰੇ, ੫੬. ਸੀਤਲ ਸੁਗਾਤਾਂ। **ਕਵਿਤਾ:** ੫੭.ਵਹਿੰਦੇ ਹੰਝੂ ੪॥), ੫੮.ਸੱਜਰੇ ਹੰਝੂ ੪॥), ੫੯. ਦਿਲ ਦਰਿਆ ੪॥) **ਗੀਤ:** ੫੦.ਮੇਰੇ ਗੀਤ੪॥), ਮੇਰੀ ਕਵਿਤਾ ਮੇਰੇ ਗੀਤ੧੮

ਮੇਰੀਆਂ ਢਾਡੀ ਵਾਰਾਂ : ਪਹਿਲਾ ਭਾਗ ੨੦), ਦੂਜਾ ਭਾਗ ੨੦), ਤੀਜਾ ਭਾਗ ੨੦), ਚੌਥਾ ਭਾਗ ੨੦)।